
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ
# ਦੇਸ਼ ਦੁਆਬਾ
VOL - 6 ISSUE - 21
August 30, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਭਾਰਤ ਵਿਚ ਦਲਿਤਾਂ ਅਤੇ ਘੱਟ ਗਿਣਤੀਆਂ ਉਪਰ ਹੋ ਰਹੇ ਅੱਤਿਅਚਾਰਾਂ ਵਿਰੁਧ ਲੰਡਨ 'ਚ ਰੋਸ ਮੁਜ਼ਾਹਰਾ **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 7 'ਤੇ)**





ਪਾਸਟਰ ਸੁਲਤਾਨ ਮਸੀਹ ਨੂੰ ਕੈਲੇਫੋਰਨੀਆ ਵਿਖੇ ਦਿੱਤੀ ਸ਼ਰਧਾਂਜਲੀ
**(ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 11 'ਤੇ)**





ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ 13ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ ਦਿਨ ਐਤਵਾਰ ਨੂੰ। **ਹੋਰ ਜਾਣਕਾਰੀ ਲਈ ਦੇਖੋ (ਸਫਾ 8 ਅਤੇ ਸਫਾ 12-13)**

# ਭਾਰਤੀ ਨਿਆਂਪਾਲਿਕਾ ਨੇ ਸਥਾਪਤ ਕੀਤੀ ਭਰੋਸੇਯੋਗਤਾ

## ਡੇਰਾ ਮੁਖੀ ਨੂੰ ਆਸ ਤੋਂ ਜ਼ਿਆਦਾ ਸਜ਼ਾ ਅਤੇ ਜੁਰਮਾਨਾ ਕਰਕੇ ਪੈਦਾ ਕੀਤੀ ਮਿਸਾਲ

**ਸਿਰਸਾ (ਹਰਿਆਣਾ)–** ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਦੇਖਣ ਨੂੰ ਮਿਲਿਆ ਕਿ ਕਾਨੂੰਨ ਅਤੇ ਨਿਆਂ ਦੀ ਤਾਕਤ ਨੂੰ ਟਿੱਚ ਜਾਣਣ ਵਾਲੇ ਇਕ 'ਮਹਾਂ ਸ਼ਕਤੀਸ਼ਾਲੀ' ਕਹਾਉਣ ਵਾਲੇ ਬਲਾਤਕਾਰਾਂ ਦੇ ਦੋਸ਼ੀ ਬਾਬਾ ਰਾਮ ਰਹੀਮ ਨੂੰ ਇੰਨੀ ਜ਼ਿਆਦਾ ਮਿਸਾਲੀ ਸਜ਼ਾ ਇੰਨੇ ਨਾਜ਼ੁਕ ਹਾਲਾਤਾਂ ਵਿਚ ਸੁਣਾਈ, ਜਿਸ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਸੀ। ਆਮ ਜਨਤਾ ਦੀ ਆਸ ਤੋਂ ਕਿਤੇ ਜ਼ਿਆਦਾ ਨਿਆਂ ਦੀ ਮਿਸਾਲ ਪੈਦਾ ਕਰਦਿਆਂ 17 ਸਾਲ ਪਹਿਲਾਂ ਵਾਪਰੇ ਸਾਧਵੀ ਯੌਨ ਸ਼ੋਸ਼ਣ ਮਾਮਲੇ ਵਿਚ ਨਿਆਂਪਾਲਿਕਾ ਨੇ ਦੋ ਸ਼ਿਕਾਇਤਾਂ ਦੇ ਆਧਾਰ ਤੇ 20 ਸਾਲ ਦੀ ਕੈਦ ਦੀ ਸਜ਼ਾ ਅਤੇ 15-15 ਲੱਖ ਰੁਪਏ ਪੀੜਤਾਂ ਨੂੰ ਮੁਆਵਜ਼ਾ ਅਤੇ ਡੇਰਾ ਮੁਖੀ ਨੂੰ 65 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਇੰਨਾ ਹੀ ਨਹੀਂ ਡੇਰੇ ਨੂੰ ਸੀਲ ਕਰਨ ਅਤੇ ਜਨਤਕ ਅਤੇ ਨਿੱਜੀ ਪ੍ਰਾਪਰਟੀ ਦੀ ਸਾੜ-ਫੂਕ ਦਾ ਸਾਰਾ ਹਰਜ਼ਾਨਾ ਡੇਰੇ ਤੋਂ ਵਸੂਲ ਕਰਨ ਦੇ ਵੀ ਆਦੇਸ਼ ਜਾਰੀ ਕੀਤੇ ਹਨ।

ਇੰਨਾ ਹੀ ਨਹੀਂ ਮੀਡੀਆ ਨੂੰ ਨਫਰਤ ਕਰਨ ਵਾਲਾ, ਸਰਕਾਰੀ ਸਿਸਟਮ ਅਤੇ ਸਰਕਾਰਾਂ ਨੂੰ ਉਂਗਲਾਂ ਤੇ ਨਚਾਉਣ ਵਾਲਾ ਅਤੇ ਸ਼ਰੇਆਮ ਸਾਰੇ ਭਾਰਤ ਦੇ ਸਿਸਟਮ ਨੂੰ ਲਲਕਾਰਨ ਵਾਲਾ ਬਾਬਾ ਰਾਮ ਰਹੀਮ ਸਜ਼ਾ ਸੁਣਾਉਣ ਵਾਲੇ ਦਿਨ ਅਦਾਲਤ ਦੇ ਮੂਹਰੇ ਹੱਥ ਜੋੜੀ ਖੜ੍ਹਿਆ ਰਿਹਾ ਅਤੇ ਸਜ਼ਾ ਸੁਣਾਏ ਜਾਣ ਤੋਂ ਬਾਅਦ ਸੁੰਨ ਹੋ ਗਿਆ। ਸੋਮਵਾਰ 28 ਅਗਸਤ ਦੁਪਹਿਰੇ 2.30 ਵਜੇ ਜੇਲ੍ਹ ਦੇ ਅੰਦਰ ਸੁਣਵਾਈ ਆਰੰਭ ਕੀਤੀ ਗਈ। ਸਜ਼ਾ ਦੇ ਸਮੇਂ ਤੇ ਬਹਿਸ ਲਈ ਦੋਵੇਂ ਪੱਖਾਂ ਨੂੰ 10-10 ਮਿੰਟ ਦਿੱਤੇ ਗਏ। ਸੀ. ਬੀ. ਆਈ. ਨੇ ਇਸ ਨੂੰ ਗੰਭੀਰ ਅਪਰਾਧ ਦੱਸਦੇ ਹੋਏ ਉਮਰ ਕੈਦ ਦੀ ਸਜ਼ਾ

**(ਬਾਕੀ ਸਫਾ 5 ਤੇ)**



### ਜਸਟਿਸ ਜਗਦੀਪ ਸਿੰਘ ਦੀ ਖਾਸ ਟਿੱਪਣੀ



ਜਿਹਨਾਂ ਨੇ ਰੱਬ ਵਰਗਾ ਮੰਨਿਆ, ਉਹਨਾਂ ਦਾ ਵਿਸ਼ਵਾਸ ਤੋੜ ਕੇ ਜੰਗਲੀ ਜਾਨਵਰਾਂ ਵਰਗਾ ਵਤੀਰਾ ਕੀਤਾ। ਅਜਿਹੀ ਹਾਲਤ ਵਿਚ ਤੁਹਾਡੇ ਨਾਲ ਰਹਿਮ ਕਿਵੇਂ ਕੀਤਾ ਜਾ ਸਕਦਾ ਹੈ। ਆਪਣੇ ਪ੍ਰਭਾਵ ਦਾ ਗਲਤ ਪ੍ਰਯੋਗ ਕਰਕੇ ਬਲਾਤਕਾਰ ਵਰਗੇ ਅਪਰਾਧ ਕੀਤੇ ਹਨ। ਇਕ ਵਿਅਕਤੀ ਨੂੰ ਲੋਕ ਬਾਬਾ ਮੰਨਦੇ ਹਨ, ਅਲੱਗ ਅਲੱਗ ਰੂਪਾਂ ਵਿਚ ਦੇਖਦੇ ਹਨ। ਉਸਦੀਆਂ ਗੱਲਾਂ ਗੌਰ ਨਾਲ ਸੁਣਦੇ ਹਨ, ਉਸ ਦੇ ਲਈ ਮਰ-ਮਿਟਣ ਤੱਕ ਤਿਆਰ ਹੋ ਜਾਂਦੇ ਹਨ। ਇਸ ਤੋਂ ਬਾਅਦ ਵੀ ਉਸਨੇ ਅਜਿਹਾ ਗੰਭੀਰ ਅਪਰਾਧ ਕੀਤਾ ਹੈ। ਇਸ ਕਰਕੇ ਤੁਹਾਨੂੰ ਕਿਸੇ ਵੀ ਸੂਰਤ ਵਿਚ ਮੁਆਫ ਨਹੀਂ ਕੀਤਾ ਜਾ ਸਕਦਾ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੱਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Home Smart Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com
Jasvinder Sandhu

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX
Shaan Nijjar
(916) 751-8852 Realtor/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING

AUTHORIZED CATERER FOR MAJOR 5-STAR HOTELS



## ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

## CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

## ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

INDIA MARKET

SWEETS & SPICES

CHAAT PLATE ONLY FOR $2.99

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511

Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


## Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।


Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

### Threading Salon

**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS


CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਮੁੰਦਰੀ ਚੱਕਰਵਰਤੀ ਤੂਫ਼ਾਨ ਹਾਰਵੇਅ ਮਗਰੋਂ ਸਾਊਥ ਟੀਸਟ ਟੈਕਸਾਸ ਪਾਣੀ ਵਿੱਚ ਡੁਬਿਆ





**ਹਿਊਸਟਨ (ਟੈਕਸਾਸ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਦਿਨੀ ਸਾਊਥ ਈਸਟ ਟੈਕਸਾਸ ਸੂਬੇ ਵਿੱਚ ਆਏ ਸਮੁੰਦਰੀ ਚੱਰਕਵਰਤੀ ਤੂਫ਼ਾਨ ਹਾਰਵੇਅ ਮਗਰੋਂ ਪੂਰਾ ਸਾਊਥ ਟੀਸਟ ਟੈਕਸਾਸ ਹੀ ਪਾਣੀ ਵਿੱਚ ਡੁਬਿਆ ਮਹਿਸੂਸ ਹੋ ਰਿਹਾ ਹੈ। ਬੀਤੇ 13 ਸਾਲਾਂ ’ਚ ਅਮਰੀਕੀ ਤੱਟ ’ਤੇ ਆਉਣ ਵਾਲਾ ਇਹ ਸਭ ਤੋਂ ਵੱਡਾ ਤੂਫਾਨ ਸੀ। ਸਭ ਤੋਂ ਵੱਧ ਭਿਆਨਕ ਸਥਿਤੀ ਇਸ ਸਮੇਂ ਅਮਰੀਕਾ ਦੇ ਚੌਥੇ ਵੱਡੇ ਸ਼ਹਿਰ ਹਿਊਸਟਨ ਦੀ ਬਣੀ ਹੋਈ ਹੈ, ਜਿਥੇ ਚੱਕਰਵਾਤੀ ਤੂਫਾਨ ਤੋਂ ਬਾਅਦ ਭਾਰੀ ਮੀਂਹ ਕਾਰਨ ਆਏ ਹੜ੍ਹ ਨੇ ਤਬਾਹੀ ਮਚਾਈ ਹੋਈ ਹੈ। ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਲੋਕਾਂ ਦੇ ਘਰਾਂ ਅੰਦਰ ਪਾਣੀ ਦਾਖਲ ਹੋ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਮੇਂ ਸ਼ਹਿਰ ਦੇ ਏਅਰ-ਪੋਰਟ, ਰੇਲਵੇ ਲਾਈਨਾਂ, ਸੜਕਾਂ ਅਤੇ ਪੁਲ੍ਹ ਪਾਣੀ ਹੇਠ ਡੁੱਬੇ ਹੋਏ ਹੋਣ ਕਰਕੇ ਸ਼ਹਿਰ ਦਾ ਲਿੰਕ ਬਾਕੀ ਟੈਕਸਾਸ ਨਾਲੋਂ ਟੁੱਟਿਆ ਹੋਇਆ ਹੈ। ਘਰਾਂ ਅਤੇ ਬਿਲਡਿੰਗਾ ਵਿੱਚ ਫਸੇ ਲੋਕਾਂ ਨੂੰ ਹੈਲੀਕਾਪਟਰ ਅਤੇ ਕਿਸ਼ਤੀਆਂ ਰਾਹੀ ਸੁਰੱਖਿਅਤ ਥਾਂਵਾਂ ਤੇ ਪਹੁੰਚਾਇਆ ਜਾ ਰਿਹਾ ਹੈ। ਸ਼ਹਿਰ ਦੇ ਕਨਵਿੰਸਨ ਸੈਂਟਰ ਨੂੰ ਸ਼ਿਲਟਰ ਦੇ ਤੌਰ ਤੇ ਖੋਲਿਆ ਗਿਆ ਹੈ। ਬਹੁਤ ਸਾਰੇ ਲੋਕ ਨੀਵੇ ਪੁਲ੍ਹਾਂ ਹੇਠ ਕਾਰਾਂ ਵਿੱਚ ਫਸ ਗਏ ਸਨ ਜਿਨ੍ਹਾਂ ਨੂੰ ਕੱਢਣ ਲਈ ਪ੍ਰਸ਼ਾਸਨ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ। ਹੁਣ ਤੱਕ ਇਸ ਤੂਫ਼ਾਨ ਕਾਰਨ 15 ਲੋਕ ਜਖਮੀਂ ਵੀ ਹੋ ਚੁੱਕੇ ਹਨ। ਸ਼ਹਿਰ ਵਿੱਚ ਭਾਰੀ ਵਰਖਾ ਜਾਰੀ ਹੈ ਅਤੇ ਪਾਣੀ ਦਾ ਲੈਵਲ ਹੋਰ ਵਧਣ ਦੇ ਅਸਾਰ ਬਣੇ ਹੋਏ ਹਨ। ਪ੍ਰਸ਼ਾਸਨਿਕ ਅਧਿਕਾਰੀ ਪੂਰੀ ਸਥਿਤੀ ਨੂੰ ਨੇੜਿਓ ਵੇਖ ਰਹੇ ਹਨ।

# ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਅਮਰੀਕਾ ਫੇਰੀ ਦੌਰਾਨ ਖਾਲਸਾ ਕਾਲਜ ਦੇ ਆਪਣੇ ਪੁਰਾਣੇ ਵਿਦਿਆਰਥੀਆਂ ਨੂੰ ਮਿਲੇ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਆਪਣੀ ਅਮਰੀਕਾ ਫੇਰੀ ਦੌਰਾਨ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਚ ਆਪਣੇ ਪੁਰਾਣੇ ਵਿਦਿਆਰਥੀਆਂ ਨੂੰ ਮਿਲੇ ਜਿਨਾਂ ਵਲੋਂ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਨੂੰ ਭਰਵਾਂ ਸਤਿਕਾਰ ਮਿਲਿਆ ।ਇਸੇ ਫੇਰੀ ਦੌਰਾਨ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਨੇ ਗੁਰਦੁਆਰਾ ਬਰਾਡਸ਼ਾਹ ਰੋਡ ਸੈਕਰਾਮੈਂਟੋ, ਕੈਲੀਫੋਰਨੀਆ ਵਿਖੇ ਨੇ ਪ੍ਰਭਾਵਸ਼ਾਲੀ ਲੈਕਚਰ ਕੀਤਾ । ਉਨਾਂ ਕਿਹਾ ਕਿ ਸਿੱਖ ਜਗਤ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਜਗਤ ਜੋਤ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵ ਦੇ ਮਨੁੱਖ ਅਤੇ ਸਮਾਜ ਦੀ ਹਰ ਸਮੱਸਿਆ ਦਾ ਹੱਲ ਹੈ । ਉਨਾਂ ਗੁਰਸਿੱਖ ਜੀਵਨ ਜਾਂਚ ਦੇ ਕਈ ਨੁਕਤੇ ਗੁਰੂ ਘਰ ਦੀ ਸੰਗਤ ਵਿਸਥਾਰ ਨਾਲ ਸਾਂਝੇ ਕੀਤੇ। ਉਨ੍ਹਾ ਇਸ ਮੌਕੇ ਕਿਹਾ ਕਿ ਕਿਸੇ ਇੱਕ ਵਿਅਕਤੀ ਦੇ ਗਲਤ ਕਿਰਦਾਰ



ਕਰਕੇ ਸਮੁੱਚੀਆਂ ਸੰਸਥਾਵਾ ਅਤੇ ਸੰਪਰਦਾਵਾਂ ਨੂੰ ਨਿੰਦਣਾ ਠੀਕ ਨਹੀ । ਉਨ੍ਹਾ ਉਦਾਸੀ ਅਤੇ ਨਿਰਮਲ ਸੰਤਾਂ ਦੇ ਵਡਮੁੱਲੇ ਯੋਗਦਾਨ ਦਾ ਵਰਣਨ ਵੀ ਕੀਤਾ ਅਤੇ ਪ੍ਰੋਫੈਸਰ ਬੋਲੀਨਾ ਨੇ ਡੇਢ ਸਦੀ ਤੋਂ ਵਧ ਸਮੇ ਤੋਂ ਪ੍ਰਵਾਹਿਤ ਚਾਹ ਵਾਲੇ ਮਹਾਂਪੁਰਸ਼ਾ ਦੀ ਸੰਪਰਦਾਇ ਬਾਰੇ ਲਿਖੀ ਪੁਸਤਕ " ਸੰਤਨ ਸੰਗਿ " ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਲਈ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਭੇਂਟ ਕੀਤੀ । ਪ੍ਰਬੰਧਕਾਂ ਵਲੋਂ ਪ੍ਰੋਫੈਸਰ ਬੋਲੀਨਾ ਨੂੰ ਸਿਰੋਪਾਓ ਭੇਂਟ ਕੀਤਾ ਗਿਆ ।ਇਸ ਮੌਕੇ ਗੁਰੂ ਘਰ ਦੇ ਪ੍ਰਧਾਨ ਲਖਵੀਰ ਸਿੰਘ ਔਜਲਾ, ਰਣਧੀਰ ਸਿੰਘ ਧੀਰਾ, ਬਲਵੰਤ ਸਿੰਘ ਵਿਰਕ, ਹਰਜਿੰਦਰ ਸਿੰਘ ਬੋਲੀਨਾ, ਗੁਰਪਾਲ ਸਿੰਘ ਔਜਲਾ, ਜਰਨੈਲ ਸਿੰਘ ਸਮਰਾ, ਸੁਰਿੰਦਰ ਸਿੰਘ ਢੱਡਾ, ਅਵਤਾਰ ਸਿੰਘ, ਦਵਿੰਦਰ ਸਿੰਘ, ਕਸ਼ਮੀਰਾ ਸਿੰਘ ਅਟਵਾਲ, ਹਰਦੀਪ ਸਿੰਘ, ਅਤੇ ਸਤਵੰਤ ਸਿੰਘ ਢਿਲੋਂ ਆਦਿ ਵੀ ਹਾਜਰ ਸਨ।

# ਅਮਰੀਕਾ ਦੇ ਵੱਖ ਵੱਖ ਗੁਰੂ ਘਰਾਂ ਚ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਸੰਗਤਾਂ ਨੂੰ ਵਾਰਾਂ ਨਾਲ ਨਿਹਾਲ ਕੀਤਾ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਜਗਤ ਦੇ ਮਹਾਨ ਰਹੇ ਢਾਡੀ ਦਾਇਆ ਸਿੰਘ ਦਿਲਬਰ ਦੇ ਸਪੁੱਤਰ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਆਪਣੇ ਪਿਓ ਦੇ ਪੂਰਨਿਆਂ ਤੇ ਚਲਦਿਆਂ ਪੁਰਾਤਨ ਹੋਣ ਜਾ ਰਹੀ ਢਾਡੀ ਕਲਾ ਨੂੰ ਅੱਗੇ ਤੋਰਦਿਆਂ ਅਮਰੀਕਾ ਦੇ ਵੱਖ ਵੱਖ ਗੁਰੂ ਘਰਾਂ ਚ ਸਿੱਖ ਜਗਤ ਨੂੰ ਇਸ ਕਲਾ ਵਾਰੇ ਜਿਥੇ ਜਾਣਕਾਰੀ ਦਿੱਤੀ ਉੱਥੇ ਸੰਗਤਾਂ ਨੂੰ ਗੁਰੂ ਘਰਾਂ ਵਿਚ ਸਿੱਖ ਇਤਹਾਸ ਦੇ ਖੂਨ ਗੜ੍ਹਚੇ ਪੰਨਿਆਂ ਨੂੰ ਢਾਡੀ ਵਾਰਾਂ ਸੁਣਾ ਕੇ ਨਿਹਾਲ ਕੀਤਾ । ਗੁਰਦਆਰਾ ਸਾਹਿਬ ਸੈਕਰਾਮੈਂਟੋ, ਗੁਰਦੁਆਰਾ ਬਿਊਨਾ ਪਾਰਕ ਲਾਸ ਐਂਜਲਸ ਵਾਲ ਨਟ, ਵਰਮਾਉਟ, ਸਿਆਟਲ, ਯੂਬਾਸਿਟੀ, ਬੇਕਰਸਫੀਲਡ, ਟਰਲੱਕ, ਟਰੇਸੀ, ਫਰੀਮਾਉਂਟ ਅਤੇ ਇਤਿਹਾਸਕ ਗੁਰਦੁਆਰਾ ਸਟਾਕਟਨ ਆਦਿ ਗੁਰੂ ਘਰਾਂ ਵਿਚ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਇਹਤਿਹਾਸ ਨਾਲ ਜੋੜਿਆ। ਦਿਲਬਰ ਦੇ ਢਾਡੀ ਵਾਰ ਕਲਾ ਇੱਕ ਵੱਖਰਾ ਗੁਣ ਹੈ ਕਿ ਜਦੋਂ ਦਿਲਬਰ ਸਾਹਿਬ ਕਿਸੇ ਪ੍ਰਸੰਗ ਨੂੰ ਲੈਂਦੇ ਹਨ ਤਾਂ ਸੰਗਤ ਉਨਾਂ ਦੇ ਪ੍ਰਸੰਗ ਦੇ ਸੰਪੂਰਨ ਹੋਣ ਤੱਕ ਨਹੀਂ ਹਿਲਦੀ।

ਇਸ ਅਮਰੀਕਾ ਦੌਰੇ ਦੌਰਾਨ ਗੁਰਦੁਆਰਾ ਬਿਊਨਾ ਪਾਰਕ ਲਾਸ ਐਜਲਸ ਵਿਖੇ ਢਾਡੀ ਕੁਲਜੀਤ ਸਿੰਘ ਦਿਲਬਰ ਜੀ ਦੇ ਢਾਡੀ ਜੱਥੇ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਵੀ ਕੀਤਾ ਗਿਆ ਤੇ ਢਾਡੀ ਕੁਲਜੀਤ ਸਿੰਘ ਦਿਲਬਰ ਦੇ ਜੱਥੇ ਨੂੰ ਵੱਖ ਗੁਰਦੁਆਰਾ ਸਾਹਿਬਾਨਾਂ ਵਲੋਂ ਸਤਿਕਾਰ ਸਹਿਤ ਸਨਮਾਨ ਦਿੱਤਾ ਗਿਆ।

# ਗੁਰੂਘਰ ਸਿੰਘ ਸਭਾ ਫਰਿਜ਼ਨੋ ਵੱਲੋਂ ਸ. ਜਗਜੀਤ ਸਿੰਘ ਥਿੰਦ ਦਾ ਵਿਸ਼ੇਸ਼ ਸਨਮਾਨ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਸ਼ੈਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ ਸਥਿਤ ਗੁਰੂਘਰ ਸਿੰਘ ਸਭਾ ਵੱਲੋਂ ਸੀਨੀਅਰ ਪੰਜਾਬੀ ਪੱਤਰਕਾਰ ਸ. ਜਗਜੀਤ ਸਿੰਘ ਥਿੰਦ (ਕਰਮਨ ਨਿਵਾਸੀ) ਦਾ ਵਿਸ਼ੇਸ਼ ਸਦਕਾ ਪੰਜਾਬੀ ਅਤੇ ਗੁਰਮਤਿ ਇਤਿਹਾਸ ਨਾਲ ਸੰਬੰਧਤ ਪੁਸਤਕਾ ਦੀ ਲਾਇਬਰੇਰੀ ਦੀ ਸੁਰੂਆਤ ਵੀ ਕੀਤੀ ਗਈ। ਜਦਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਸਨਮਾਨਿਆ ਗਿਆ।



ਸਨਮਾਨ ਕੀਤਾ ਗਿਆ। ਗੁਰੂਘਰ ਵਿਖੇ ਅਖੰਡ ਸਾਹਿਬ ਦੇ ਭੋਗ ਪਏ, ਜਿਸ ਬਾਅਦ ਗੁਰੂਘਰ ਦੇ ਹਜ਼ੂਰੀ ਜੱਥੇ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਕੀਰਤਨ ਅਤੇ ਭਾਈ ਮਲਕੀਤ ਸਿੰਘ ਨੇ ਕਥਾ ਕਰਦੇ ਹੋਏ ਹਾਜ਼ਰੀ ਭਰੀ। ਇਸ ਉਪਰੰਤ ਸ਼ੁਰੂ ਹੋਏ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਪੰਜਾਬੀ ਮਾਂ ਬੋਲੀ ਅਤੇ ਭਾਈਚਾਰੇ ਨੂੰ ਪੰਜਾਬੀ ਲਾਇਬਰੇਰੀਆਂ ਨਾਲ ਜੋੜਨ ਅਤੇ ਪੁਸਤਕਾਂ ਦੀ ਇਕੱਤਰਤਾ ਵਿੱਚ ਵਡਮੁੱਲਾ ਸਹਿਯੋਗ ਦੇਣ ਬਦਲੇ ਸਥਾਨਕ ਸੀਨੀਅਰ ਪੱਤਰਕਾਰ ਸ. ਜਗਜੀਤ ਸਿੰਘ ਥਿੰਦ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਸਮੇਂ ਗੁਰੂ ਘਰ ਵਿਖੇ ਪੰਜਾਬੀ ਸਕੂਲ ਦੇ ਪ੍ਰਬੰਧਕਾਂ ਵੱਲੋਂ ਥਿੰਦ ਸਾਹਿਬ ਦੀ ਪ੍ਰੇਰਨਾ ਇਸ ਸਮੇਂ ਬੁਲਾਰਿਆਂ ਿ ਵੱਚ ਸਥਾਨਕ ਸਮਾਜ ਸੇਵੀ ਸ. ਮਹਿੰਦਰ ਸਿੰਘ ਗਰੇਵਾਲ, ਸ. ਗੁਰਪ੍ਰੀਤ ਸਿੰਘ ਮਾਨ, ਗੁੱਡੀ ਸਿੱਧੂ ਆਦਿਕ ਬਹੁਤ ਸਾਰੇ ਬੁਲਾਰਿਆਂ ਨੇ ਗੁਰੂਘਰ ਦੇ ਪੰਜਾਬੀ ਸਕੂਲ ਵਿੱਚ ਲਾਇਬਰੇਰੀ ਦੀ ਸੁਰੂਆਤ ’ਤੇ ਵਧਾਈਆਂ ਅਤੇ ਸ. ਜਗਜੀਤ ਸਿੰਘ ਥਿੰਦ ਦੀਆਂ ਸਮੁੱਚੇ ਪੰਜਾਬੀ ਭਾਈਚਾਰੇ ਲਈ ਸੇਵਾਵਾ ਦੀ ਸ਼ਲਾਘਾ ਕੀਤੀ। ਅੰਤ ਇਹ ਸਮਾਗਮ ਵਿਦੇਸ਼ਾਂ ਵਿੱਚ ਪੰਜਾਬੀ ਭਾਈਚਾਰੇ ਅਤੇ ਨਵੀਂ ਪੀੜੀ ਨੂੰ ਨਾਲ ਜੋੜ ਕੇ ਚੱਲਣ ਲਈ ਵਿਚਾਰਾਂ ਕਰਦਾ ਹੋਇਆਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਪਤ ਹੋਇਆ। ਇਸ ਸਮੇਂ ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਕਰਮਨ ਪੰਜਾਬੀ ਸਕੂਲ ਵੱਲੋਂ ਸਾਲ 2017-18 ਦੀ ਸੁਰੂਆਤ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਵਿਦੇਸ਼ਾਂ ਵਿੱਚ ਰਹਿੰਦਾ ਸਮੂੰਹ ਪੰਜਾਬੀ ਭਾਈਚਾਰਾ ਹਰ ਸਮੇਂ ਪੰਜਾਬੀ ਮਾਂ ਬੋਲੀ, ਗੁਰਮੁੱਖੀ ਲਿੱਪੀ ਅਤੇ ਸੱਭਿਆਚਾਰ ਨਾਲ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਜੋੜਨ ਲਈ ਹਰ ਸੰਭਵ ਯਤਨ ਕਰਦਾ ਹੈ। ਇਸੇ ਕਰਕੇ ਵੱਖ-ਵੱਖ ਸ਼ਹਿਰਾ ’ਵਿੱਚ ਪੰਜਾਬੀ ਭਾਈਚਾਰੇ ਵੱਲੋਂ ‘ਵੀਕਐਂਡ’ ਸ਼ਨੀਵਾਰ ਜਾਂ ਐਤਵਾਰ ਇਹ ਸਕੂਲ ਚਲਾਏ ਜਾਂਦੇ ਹਨ। ਜਿਸ ਵਿੱਚ ਬੱਚੇ ਪੰਜਾਬੀ ਪੜਨ ਦੇ ਨਾਲ-ਨਾਲ ਗੁਰੂ-ਘਰ ਆਉਣਾ ਅਤੇ ਸੰਗਤ ਵਿੱਚ ਬੈਠਣਾ ਵੀ ਸਿਖਦੇ ਹਨ। ਇਹਨਾਂ ਹੀ ਯਤਨਾਂ ਨੂੰ ਸਫਲ ਬਣਾਉਂਦੇ ਹੋਏ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਚਲਾਏ ਜਾ ਰਹੇ ‘ਕਰਮਨ ਪੰਜਾਬੀ ਸਕੂਲ’ ਦੇ ਦਸਵੇਂ ਸਾਲ ਦੌਰਾਨ ਸ਼ੈਸ਼ਨ 2017-18 ਦੀ ਸੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਕੀਤੀ ਗਈ। ਇਸ ਉਪਰੰਤ ਬੱਚਿਆ ਨੇ ਆਪਣੀਆਂ-ਆਪਣੀਆਂ ਕਲਾਸਾਂ ਵਿੱਚ ਪੜਾਈ ਸ਼ੁਰੂ ਕੀਤੀ। ਸ਼ੈਟਰਲ ਵੈਲੀ



ਦੇ ਇਸ ਸਕੂਲ ਵਿੱਚ ਪੰਜਾਬੀ ਨੂੰ ਪਹਿਲ ਦਿੰਦੇ ਹੋਏ ਗੁਰਮੁੱਖੀ ਲਿਖਣੀ ਅਤੇ ਪੜਨਾ ਸਿਖਾਇਆ ਜਾਂਦਾ ਹੈ। ਇਸ ਤੋਂ ਇਲਾਵਾ ਗੁਰਮਤਿ ਗਿਆਨ, ਸਿੱਖ ਇਤਿਹਾਸ, ਗੁਰਬਾਣੀ ਕੀਰਤਨ ਕਰਨਾ ਅਤੇ ਸਰਬ-ਸਾਂਝੀ ਲੀਡਰਸ਼ਿਪ ਦਾ ਗਿਆਨ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬੀ ਸੱਭਿਆਚਾਰ ਦੀਆਂ ਕਲਾਸਾ ’ਵਿੱਚ ਗਿੱਧੇ ਅਤੇ ਭੰਗੜੇ ਦੀਆਂ ਕਲਾਸਾਂ ਵੀ ਦਿੱਤੀਆਂ ਜਾਦੀਆਂ ਹਨ। ਅਜਿਹਾ ਸਿੱਖਦੇ ਹੋਏ ਬੱਚੇ ਆਪਣੇ ਪ੍ਰਾਪਤ ਗਿਆਨ ਦੀ ਜਾਣਕਾਰੀ ਅਮਰੀਕਨ ਭਾਈਚਾਰੇ ਨਾਲ ਸਾਂਝੀ ਕਰਕੇ ਅਤੇ ਉਨ੍ਹਾਂ ਦੇ ਪ੍ਰੋਗਰਾਮਾ ਵਿੱਚ ਜਾ ਬੜੇ ਮਾਣ ਨਾਲ ਸਾਂਝੀ ਕਰਦੇ ਹਨ।

ਇਸ ਪੰਜਾਬੀ ਸਕੂਲ ਵਿੱਚ 100 ਤੋਂ ਵਧੀਕ ਬੱਚੇ ਅਤੇ 20 ਟੀਚਰ ਵਲੰਟੀਅਰ ਵਜੋਂ ਫਰੀ ਵਿੱਚ ਸੇਵਾਵਾ ’ਨਿਭਾ ਰਹੇ ਹਨ। ਜੋ ਹਰ ਹਫ਼ਤੇ ਬੱਚਿਆ ਨੂੰ ਇਲੈਕਟ੍ਰਿਨਕ ਜਾਂ ਵੀਡੀਉ ਗੇਮਾਂ ਤੋਂ ਹਟਾ ਸੱਭਿਆਚਾਰ ਅਤੇ ਪੰਜਾਬੀ ਮਾਂ ਬੋਲੀ ਦਾ ਗਿਆਨ ਦਿੰਦੇ ਹਨ।

ਇਸੇ ਤਰ੍ਹਾਂ ਕਲਾਸਾਂ ਦੀ ਸਮਾਪਤੀ ’ਤੇ ਰਲ ਬੈਠ ਲੰਗਰ ਛਕਣਾ ਸਿੱਖਦੇ ਹਨ। ਅਜਿਹਾ ਕਰਦੇ ਹੋਏ ਇਹ ਸਕੂਲ ਵਿਦੇਸਾ ’ਵਿੱਚ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜਨ ਵਿੱਚ ਸ਼ਲਾਘਾਯੋਗ ਕੰਮ ਕਰ ਰਹੇ ਹਨ।

# ਡੇਰਾ 'ਸੱਚਾ' ਸੌਦਾ ਹੁਣ ਤੱਕ ਦਾ ਲੇਖਾ ਜੋਖਾ!



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-333-5776

ਸਾਲ 1948 ਦੌਰਾਨ ਸਿਰਸਾ ਨੇੜੇ ਬੰਜਰ ਅਤੇ ਸੁੰਨਸਾਨ ਥਾਂ 'ਤੇ ਸ਼ਾਹ ਮਸਤਾਨਾ ਨੇ ਇਕ ਡੇਰਾ ਬਣਾਇਆ ਸੀ। ਸ਼ਾਹ ਮਸਤਾਨੇ ਨੇ ਅੱਗੇ ਇਹ ਗੱਦੀ ਸਤਨਾਮ ਸ਼ਾਹ ਨੂੰ ਸੌਂਪ ਦਿੱਤੀ। 1960ਵਿਆਂ ਵਿੱਚ ਸਿੱਧੂ ਜੱਟ, ਸਤਨਾਮ ਸਿੰਘ (ਸ਼ਾਹ ਸਤਨਾਮ) ਜਨਮ ਦਾ ਨਾਮ ਹਰਬੰਸ ਸਿੰਘ ਸਿੱਧੂ ਪੁੱਤਰ ਵਰਿਆਮ ਸਿੰਘ ਅਤੇ ਆਸ ਕੌਰ, ਪਿੰਡ ਜਲਾਣਾ ਜ਼ਿਲਾ ਸਿਰਸਾ ਨੇ ਸ਼ਾਹ ਮਸਤਾਨੇ ਨਾਲ ਨੇੜਤਾ ਬਣਾ ਲਈ । ਸ਼ਾਹ ਸਤਨਾਮ (ਹਰਬੰਸ ਸਿੰਘ ਸਿੱਧੂ) ਪੜਿਆ ਹੋਣ ਕਰਕੇ ਸ਼ਾਹ ਮਸਤਾਨੇ ਨਾਲੋਂ ਜ਼ਿਆਦਾ ਚੁਸਤ ਚਲਾਕ ਸੀ । ਸ਼ਾਹ ਸਤਨਾਮ ਨੇ ਸ਼ਾਹ ਮਸਤਾਨੇ ਦੇ ਮਰਨ ਉਪਰੰਤ ਡੇਰੇ ਦਾ ਚਾਰਜ ਸੰਭਾਲ ਲਿਆ । ਉਸਨੇ ਇਸ ਡੇਰੇ ਨੂੰ ਹੋਰ ਵਧਾ ਲਿਆ । ਬੁਲਾਰਾ ਹੋਣ ਕਰਕੇ ਉਸਨੇ ਕਾਫੀ ਲੋਕਾਂ ਨੂੰ ਆਪਣੇ ਨਾਲ ਜੋੜ ਲਿਆ ਤੇ ਕਈ ਤਰਾਂ ਦੀਆਂ ਕਹਾਣੀਆਂ ਵੀ ਉਸ ਨਾਲ ਜੁੜ ਗਈਆਂ। ਪਿੰਡ ਗੁਰੂਸਰ ਮੋੜੀਆਂ, ਜ਼ਿਲਾ ਗੰਗਾਨਾਗਰ, ਰਾਜਸਥਾਨ ਤੋਂ ਨੰਬਰਦਾਰਾਂ ਦਾ ਪਰਿਵਾਰ ਵੀ ਸ਼ਾਹ ਸਤਨਾਮ ਦਾ ਸ਼ਰਧਾਲੂ ਸੀ। ਸਿੱਧੂ ਗੋਤ ਹੋਣ ਕਰਕੇ ਵੀ ਉਸਦੀ ਨੇੜਤਾ ਇਸ ਪਰਿਵਾਰ ਨਾਲ ਸੀ। ਨੰਬਰਦਾਰ ਮੱਘਰ ਸਿੰਘ ਅਤੇ ਉਸਦੀ ਪਤਨੀ ਨਸੀਬ ਕੌਰ ਦਾ ਡੇਰੇ ਵਿੱਚ ਬਹੁਤ ਆਉਣ ਜਾਣ ਸੀ। ਲੋਕਾਂ ਦੇ ਮੂੰਹ ਤੇ ਤਾਂ ਇਹ ਵੀ ਗੱਲਾਂ ਸਨ ਕਿ ਨਸੀਬ ਕੌਰ ਦੇ ਸ਼ਾਹ ਸਤਨਾਮ ਨਾਲ ਨਾਜਾਇਜ਼ ਸਬੰਧ ਵੀ ਸਨ। ਖੈਰ, ਸਬੰਧ ਸਨ ਜਾਂ ਨਹੀਂ ਇਸ ਦੀ ਚਰਚਾ ਅੱਜ ਤੱਕ ਗੁਰੂਸਰ ਮੋੜੀਆਂ ਅਤੇ ਬੇਗੂ ਪਿੰਡਾਂ ਵਿੱਚ ਚੱਲਦੀ ਹੈ।

1984 ਤੋਂ ਬਾਦ ਚੱਲੀ ਸਿੱਖ ਖਾੜਕੂ ਲਹਿਰ ਦੌਰਾਨ ਸਿਰਸਾ ਡੇਰਾ ਕਾਫੀ ਵਧ ਚੁੱਕਿਆ ਸੀ । ਇਹ ਗੱਲ ਸ਼ਾਇਦ ਹਲਕ ਤੋਂ ਥੱਲੇ ਨਾ ਉੱਤਰੇ ਪਰ ਇਹੀ ਸੱਚ ਹੇ ਕਿ ਇਸ ਡੇਰੇ ਵਿੱਚ ਖਾੜਕੂਆਂ ਦਾ ਆਉਣ ਜਾਣ , ਰਾਤਾਂ ਦੀ ਠਹਿਰ ਆਮ ਗੱਲ ਸੀ। ਖਾਲਿਸਤਾਨ ਕਮਾਂਡੋ ਫੋਰਸ ਦੇ ਗੁਰਜੰਟ ਸਿੰਘ ਰਾਜਸਥਾਨੀ ਦਾ ਇੱਥੇ ਖਾਸ ਆਉਣ - ਜਾਣ ਸੀ । ਗੁਰਜੰਟ ਦਾ ਪਿੰਡ ਤਹਿਸੀਲ ਰਾਏ ਸਿੰਘ ਨਗਰ, ਜ਼ਿਲਾ ਗੰਗਾਨਗਰ, ਰਾਜਸਥਾਨ ਵਿੱਚ ਹੀ ਸੀ। ਗੰਗਾਨਗਰ ਦੇ ਪਿੰਡਾਂ ਵਿੱਚ ਅੱਜ ਵੀ ਸਿੱਖਾਂ ਦੀ ਚੰਗੀਂ ਵਸੋਂ ਹੈ। ਗੁਰੂਸਰ ਵਾਲੇ ਨੰਬਰਦਾਰਾਂ ਨਾਲ ਵੀ ਗੁਰਜੰਟ ਦੀ ਰਿਸ਼ਤੇਦਾਰੀ ਸੀ ਤੇ ਉਸੇ ਰਿਸ਼ਤੇਦਾਰੀ ਦੀ ਡੇਰੇ ਨਾਲ ਨੇੜਤਾ ਕਾਰਨ ਹੀ ਸ਼ਾਹ ਸਤਨਾਮ ਦੇ ਡੇਰੇ ਵਿੱਚ ਗੁਰਜੰਟ ਤੇ ਹੋਰ ਖਾੜਕੂਆਂ ਨੂੰ ਠਾਹਰ ਮਿਲਦੀ ਸੀ । ਮੱਘਰ ਸਿੰਘ ਦਾ ਮੁੰਡਾ ਗੁਰਮੀਤ ਸਿੰਘ (ਗੁਰਮੀਤ ਰਾਮ ਰਹੀਮ ਸਿੰਘ), ਗੁਰਜੰਟ ਸਿੰਘ ਰਾਜਸਥਾਨੀ ਤੋਂ 2 ਸਾਲ ਛੋਟਾ ਸੀ ਪਰ ਆਪਸ ਵਿੱਚ ਦੋਹਾਂ ਦੀ ਬਹੁਤ ਸਾਂਝ ਸੀ। ਪੜਾਈ ਲਿਖਾਈ ਵਿੱਚ ਨਾਲਾਇਕ ਹੋਣ ਕਰਕੇ ਗੁਰਮੀਤ ਮੈਟਰਿਕ ਵੀ ਪਾਸ ਨਹੀਂ ਹੋਇਆ। ਕਿਉਂਕਿ ਮੱਘਰ ਸਿੰਘ ਦਾ ਟੱਬਰ ਸਿਰਸੇ ਡੇਰੇ ਦਾ ਸ਼ਰਧਾਲੂ ਸੀ ਇਸ ਕਰਕੇ ਵਿਹਲੜ, ਨਖੱਟੂ ਗੁਰਮੀਤ ਵੀ ਡੇਰੇ ਆਉਂਦਾ ਸੀ ਤੇ ਕਈ ਵਾਰ ਰਾਤਾਂ ਨੂੰ ਵੀ ਗੁਰਜੰਟ ਜਾਂ ਹੋਰ ਸਾਥੀਆਂ ਨਾਲ ਗਾਹੇ ਬਗਾਹੇ ਡੇਰੇ ਆ ਸੌਂਦਾ। ਹੌਲੀ -ਹੌਲੀ ਗੁਰਮੀਤ ਤੇ ਗੁਰਜੰਟ ਦੇ ਦਿਮਾਗ ਵਿੱਚ ਡੇਰੇ ਤੇ ਕਬਜ਼ਾ ਕਰਨ ਦੀ ਗੱਲ ਘਰ ਕਰ ਗਈ। ਕਥਾ ਤਾਂ ਇਹ ਵੀ ਹੈ ਕਿ ਗੁਰਮੀਤ ਸਿੰਘ , ਸ਼ਾਹ ਸਤਨਾਮ ਦੀ ਨਾਜਾਇਜ਼ ਸੰਤਾਨ ਹੈ ਤੇ ਗੁਰਮੀਤ ਦੀ ਮਾਂ ਨਸੀਬ ਕੌਰ ਨੇ ਸ਼ਾਹ ਸਤਨਾਮ ਤੇ ਦਬਾਅ ਪਾਇਆ ਕਿ ਉਹ ਗੁਰਮੀਤ ਨੂੰ ਅਗਲਾ ਡੇਰਾ ਮੁਖੀ ਬਣਾਵੇ। ਸ਼ਾਹ ਸਤਨਾਮ ਕੋਈ ਹਾਮੀ ਨਹੀਂ ਸੀ ਭਰਦਾ।

ਫਿਰ ਇੱਕ ਖਤਰਨਾਕ ਸਕੀਮ ਘੜੀ ਗਈ। ਗੁਰਜੰਟ ਸਿੰਘ ਰਾਜਸਥਾਨੀ ਤੇ ਗੁਰਮੀਤ ਸਿੰਘ ਸਿੱਧੂ (ਗੁਰਮੀਤ ਰਾਮ ਰਹੀਮ ਸਿੰਘ) ਨੇ ਸ਼ਾਹ ਸਤਨਾਮ (ਹਰਬੰਸ ਸਿੰਘ ਸਿੱਧੂ) ਦੇ ਲੱਕ ਨਾਲ ਰਾਤ ਨੂੰ ਬੰਬ ਬੰਨ ਲਿਆ ਤੇ ਉਸਨੂੰ ਕਿਹਾ ਕਿ ਸਵੇਰੇ ਆਪਣੇ ਜਿਉਂਦੇ ਜੀ ਗੁਰਮੀਤ ਨੂੰ ਡੇਰੇ ਦਾ ਅਗਲਾ ਮੁਖੀ ਐਲਾਨ ਕਰ ਦੇਵੇ ਜਾਂ ਮਰਨ ਲਈ ਤਿਆਰ ਹੋ ਜਾਵੇ। ਲੋਕਾਂ ਨੂੰ ਮੁਕਤੀ ਦੇਣ ਵਾਲਾ ਸ਼ਾਹ ਸਤਨਾਮ ਅਗਲਿਆਂ ਨੇ ਮੌਤ ਦੇ ਕੰਡੇ ਨਾਲ ਲਮਕਾ ਲਿਆ ਤੇ ਸਵੇਰ ਨੂੰ ਉਸਨੇ ਗੁਰਮੀਤ ਨੂੰ ਅਗਲਾ ਗੱਦੀ ਨਸ਼ੀਨ ਬਨਾਉਣ ਦਾ ਐਲਾਨ ਕਰ ਦਿੱਤਾ।

ਸਾਲ 1990 ਦੌਰਾਨ ਗੁਰਮੀਤ ਰਾਮ ਰਹੀਮ ਨੇ ਡੇਰੇ ਦੀ ਗੱਦੀ ਸਾਂਭੀ। ਡੇਰਾ ਸੰਭਾਲਦੇ ਹੀ ਪਹਿਲਾ ਕੰਮ ਡੇਰੇ ਦੇ ਵਿਸਤਾਰ ਨੂੰ ਰਫਤਾਰ ਦੇਣ ਦੇ ਰੂਪ 'ਚ ਕੀਤਾ। ਡੇਰੇ ਨੂੰ ਪ੍ਰੋਫੈਸ਼ਨਲ ਤਰੀਕੇ ਨਾਲ ਵਧਾਇਆ। ਸੰਸਥਾ ਕਿਸੇ ਵੀ ਸਿਆਸੀ ਜਾਂ ਕਾਰੋਬਾਰੀ ਸੰਬੰਧਾਂ ਤੋਂ ਵੱਖ ਇਕ ਗੈਰ-ਲਾਭਕਾਰੀ ਟਰੱਸਟ ਸੁਸਾਇਟੀ ਹੋਣ ਦਾ ਦਾਅਵਾ ਕਰਦੀ ਰਹੀ। ਇਸ ਤੋਂ ਇਲਾਵਾ ਤਿੰਨ ਵਿਸ਼ੇਸ਼ ਹਸਪਤਾਲ ਅਤੇ ਇਕ ਇੰਟਰਨੈਸ਼ਨਲ ਆਈ ਬੈਂਕ ਵੀ ਬਣਾਇਆ ਹੈ। ਇਕ ਅਨੁਮਾਨ ਮੁਤਾਬਕ ਦੇਸ਼ ਅਤੇ ਵਿਦੇਸ਼ ਵਿਚ ਸਾਢੇ ਤਿੰਨ ਹਜ਼ਾਰ ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਹੈ। ਨਤੀਜਾ ਇਹ ਹੈ ਕਿ ਇਕੱਲੇ ਸਿਰਸਾ ਦਾ ਡੇਰਾ ਅਤੇ ਆਲੇ-ਦੁਆਲੇ ਹੀ 500 ਕਰੋੜ ਰੁਪਏ ਦੀ ਜਾਇਦਾਦ ਹੈ। ਕੌਮਾਂਤਰੀ ਪੱਧਰ ਦਾ ਕ੍ਰਿਕਟ ਸਟੇਡੀਅਮ, ਮਲਟੀਪਰਪਜ਼ ਹਸਪਤਾਲ, ਸਕੂਲ, ਕਾਲਜ, ਲਘੂ ਉਦਯੋਗ ਅਤੇ ਖੇਤੀਯੋਗ ਸੱਤ ਸੌ ਏਕੜ ਜ਼ਮੀਨ ਸ਼ਾਮਲ ਹੈ। ਰਾਮ ਰਹੀਮ ਦੇ ਸਮੇਂ 'ਚ ਹਰਿਆਣਾ ਤੋਂ ਹੀ 25 ਲੱਖ ਪੈਰੋਕਾਰ ਬਣੇ। ਦੁਨੀਆ ਭਰ 'ਚ ਡੇਰੇ ਦੇ ਲੱਗਭਗ 5 ਕਰੋੜ ਪੈਰੋਕਾਰ ਹੋਣ ਦਾ ਦਾਅਵਾ ਵੀ ਕੀਤਾ ਜਾਂਦਾ ਹੈ। ਡੇਰਾ ਭਾਰਤ ਤੋਂ ਲੈ ਕੇ ਅਮਰੀਕਾ ਤੱਕ ਫੈਲਿਆ ਹੋਇਆ ਹੈ। ਨਾਲ ਹੀ ਦੇਸ਼ ਅਤੇ ਵਿਦੇਸ਼ ਵਿਚ ਵੀ ਡੇਰੇ ਨੂੰ ਮਜ਼ਬੂਤ ਕੀਤਾ ਗਿਆ। ਸਾਲ 2012-13 ਦੌਰਾਨ ਇਨਕਮ ਟੈਕਸ ਵਿਭਾਗ ਦੇ ਅਨੁਮਾਨ ਮੁਤਾਬਕ ਗੁਰਮੀਤ ਰਾਮ ਰਹੀਮ ਦੀ ਇਨਕਮ ਲੱਗਭਗ 30 ਕਰੋੜ ਰੁਪਏ ਸਾਲਾਨਾ ਸੀ। ਇੰਨੀ ਕਮਾਈ ਦੇ ਬਾਵਜੂਦ ਇਕ ਰੁਪਈਆ ਵੀ ਟੈਕਸ ਨਹੀਂ ਦਿੰਦੇ ਹਨ। ਤਿੰਨ ਸਾਲ ਪਹਿਲਾਂ ਤੱਕ ਲੱਗਭਗ 16,44,833 ਰੁਪਏ ਰੋਜ਼ਾਨਾ ਆਮਦਨ ਸੀ।

ਰਾਮ ਰਹੀਮ ਦੇ ਜੇਲ ਜਾਂਦਿਆਂ ਹੀ ਉਸ ਦੇ ਉੱਤਰਾਧਿਕਾਰੀ ਨੂੰ ਲੈ ਕੇ ਚਰਚਾ ਛਿੜ ਚੁੱਕੀ ਹੈ ਪਰ ਡੇਰਾ ਸੂਤਰਾਂ ਦੀ ਮੰਨੀਏ ਤਾਂ ਉਨ੍ਹਾਂ ਦਾ ਕੋਈ ਉੱਤਰਾਧਿਕਾਰੀ ਨਹੀਂ ਹੋਵੇਗਾ ਕਿਉਂਕਿ ਸ਼ਾਹ ਸਤਨਾਮ ਨੇ ਜਦੋਂ ਉਨ੍ਹਾਂ ਨੂੰ 1990 'ਚ 23 ਸਾਲ ਦੀ ਉਮਰ ਵਿਚ ਗੱਦੀ ਸੌਂਪੀ ਸੀ ਤਾਂ ਪੈਰੋਕਾਰਾਂ ਦੇ ਸਾਹਮਣੇ ਇਸ ਗੱਲ ਦਾ ਐਲਾਨ ਕੀਤਾ ਸੀ ਕਿ ਗੁਰਮੀਤ ਰਾਮ ਰਹੀਮ 60 ਸਾਲ ਤੱਕ ਗੱਦੀ 'ਤੇ ਬਿਰਾਜਮਾਨ ਰਹਿਣਗੇ ਮਤਲਬ ਕਿ ਬਾਬਾ ਲੱਗਭਗ 83 ਸਾਲ ਦੀ ਉਮਰ ਤੱਕ ਗੱਦੀ 'ਤੇ ਰਾਜ ਕਰਨਗੇ। ਉਸ ਤੋਂ ਬਾਅਦ ਰਾਮ ਰਹੀਮ ਨੇ ਆਪਣੇ ਉੱਤਰਾਧਿਕਾਰੀ ਦਾ ਐਲਾਨ ਕਰਨਾ ਸੀ। ਅਜਿਹੇ ਵਿਚ ਉਨ੍ਹਾਂ ਦੇ ਉੱਤਰਾਧਿਕਾਰੀ ਨੂੰ ਲੈ ਕੇ ਪੈਰੋਕਾਰਾਂ ਵਿਚ ਕੋਈ ਚਰਚਾ ਨਹੀਂ ਹੋ ਰਹੀ। ਹਾਲ ਹੀ 'ਚ ਕੁਝ ਸਮਾਂ ਪਹਿਲਾਂ ਗੁਰਮੀਤ ਰਾਮ ਰਹੀਮ ਨੇ ਆਪਣਾ 50ਵਾਂ ਜਨਮ ਦਿਨ ਵੀ ਬਹੁਤ ਹੀ ਧੂਮਧਾਮ ਨਾਲ ਮਨਾਇਆ ਸੀ।

ਡੇਰਾ ਸੱਚਾ ਸੌਦਾ ਵਲੋਂ ਸਮਾਜ ਸੇਵਾ ਕਰਨ ਦੇ ਵੀ ਦਾਅਵੇ ਕੀਤੇ ਜਾਂਦੇ ਰਹੇ ਹਨ। ਇਸ ਸਮਾਜ ਸੇਵਾ ਲਈ ਵੀ ਡੇਰੇ ਵਲੋਂ ਨਹੀਂ ਸਗੋਂ ਇਸ ਦੇ ਸਮਰਥਕ ਹੀ ਭਾਰੀ ਖਰਚ ਕਰਦੇ ਰਹੇ ਹਨ। ਡੇਰੇ 'ਚ ਆਯੋਜਿਤ ਹਰ ਸਮਾਗਮ ਲਈ ਵੀ ਸਮਰਥਕਾਂ ਤੋਂ ਚੰਦਾ ਲਿਆ ਜਾਂਦਾ ਸੀ। ਇਸ ਲਈ ਕਈ ਤਰ੍ਹਾਂ ਦੀਆਂ ਕਮੇਟੀਆਂ ਕੰਮ ਕਰਦੀਆਂ ਸਨ। ਸਮਾਜ ਸੇਵਾ ਇਸ ਲਈ ਨਹੀਂ ਹੁੰਦੀ ਸੀ ਕਿ ਸਮਾਜ ਲਈ ਕੁਝ ਕਰਨਾ ਹੈ, ਇਹ ਤਾਂ ਇਸ ਲਈ ਹੋ ਰਹੀ ਸੀ ਕਿ ਡੇਰੇ 'ਤੇ ਲੱਗ ਰਹੇ ਦੋਸ਼ਾਂ ਤੋਂ ਆਮ ਆਦਮੀ ਦਾ ਧਿਆਨ ਹਟਾਇਆ ਜਾਵੇ। ਆਮ ਆਦਮੀ ਇਨ੍ਹਾਂ ਦੋਸ਼ਾਂ 'ਤੇ ਧਿਆਨ ਹੀ ਨਾ ਦੇਵੇ, ਜਿਸ ਨਾਲ ਇਹ ਲੱਗੇ ਕਿ ਡੇਰਾ ਤਾਂ ਸਮਾਜ ਸੇਵਾ ਦੇ ਕੰਮ ਕਰ ਰਿਹਾ ਹੈ। ਲੋਕਾਂ ਵਿਚਾਲੇ ਇਨ੍ਹਾਂ ਕੰਮਾਂ 'ਤੇ ਹੀ ਚਰਚਾ ਹੋਵੇ। ਇਹੀ ਕਾਰਨ ਸੀ ਕਿ ਡੇਰੇ ਵਲੋਂ ਸਮਾਜ ਸੇਵਾ ਦਾ ਪ੍ਰਚਾਰ ਕੁਝ ਜ਼ਿਆਦਾ ਹੀ ਕੀਤਾ ਜਾਂਦਾ ਸੀ। ਇਸ ਦੇ ਲਈ ਜੋ ਰਿਕਾਰਡ ਬਣਾਏ, ਉਨ੍ਹਾਂ ਦੇ ਪਿੱਛੇ ਵੀ ਇਹੀ ਸੋਚ ਦੱਸੀ ਜਾਂਦੀ ਹੈ।

ਰਾਮ ਰਹੀਮ ਨੇ ਸਿਰਸਾ ਤੋਂ ਲੱਗਭਗ 4 ਕਿਲੋਮੀਟਰ ਦੂਰ ਵਧੀਆ ਭਵਨ ਬਣਾ ਕੇ ਇਸਨੂੰ ਡੇਰੇ ਦਾ ਨਾਂ ਦਿੱਤਾ ਹੈ। ਇਹ ਪੁਰਾਣੇ ਡੇਰੇ ਦਾ ਨਵੀਨੀਕਰਨ ਬਿਲਕੁਲ ਨਹੀਂ ਸੀ ਸਗੋਂ ਸਭ ਕੁਝ ਬਦਲ ਕੇ ਰੱਖ ਦਿੱਤਾ। ਹੁਣ ਡੇਰਾ ਸਿਰਫ ਧਰਮ ਦਾ ਕੇਂਦਰ ਨਾ ਰਹਿ ਕੇ ਕਾਰਪੋਰੇਟ ਕੰਪਨੀ ਵਾਂਗ ਕੰਮ ਕਰਨ ਲੱਗਾ ਸੀ। ਸ਼ਹਿਰਾਂ ਦੀਆਂ ਪ੍ਰਮੁੱਖ ਸੜਕਾਂ 'ਤੇ ਜ਼ਮੀਨ ਖਰੀਦ ਕੇ ਨਾਮ ਚਰਚਾ ਘਰ ਬਣਾਏ ਗਏ। ਸਥਾਨਕ ਸੰਗਤ ਨੇ ਖੁਦ ਪੈਸੇ ਖਰਚ ਕਰ ਕੇ ਨਾਮ ਚਰਚਾ ਘਰ ਤਿਆਰ ਕੀਤੇ ਅਤੇ ਮਲਕੀਅਤ ਡੇਰੇ ਦੇ ਨਾਂ ਕਰ ਦਿੱਤੀ। ਅਜਿਹੇ ਲੱਗਭਗ 105 ਡੇਰੇ ਹਰਿਆਣਾ ਵਿਚ ਹਨ। ਇਕ ਡੇਰੇ ਕੋਲ ਘੱਟ ਤੋਂ ਘੱਟ 1 ਕਰੋੜ ਦੀ ਲਾਗਤ ਦੀ ਜ਼ਮੀਨ ਹੈ। ਦੇਸ਼ ਅਤੇ ਵਿਦੇਸ਼ ਵਿਚ ਅਜਿਹੇ ਲੱਗਭਗ 250 ਡੇਰੇ ਹਨ, ਜਿਨ੍ਹਾਂ ਕੋਲ 1 ਕਰੋੜ ਤੋਂ ਲੈ ਕੇ 50 ਕਰੋੜ ਤੱਕ ਦੀ ਜ਼ਮੀਨ ਹੈ।

ਪ੍ਰਮਾਰਥ ਦੇ ਨਾਂ 'ਤੇ ਡੇਰਾ ਸਮਰਥਕ ਹਰ ਮਹੀਨੇ ਆਮਦਨ 'ਚੋਂ ਕੁਝ ਹਿੱਸਾ ਕੱਢਦੇ ਸਨ। ਸਮਰਥਕ ਨਾ ਸਿਰਫ ਪੈਸਾ ਦਿੰਦੇ ਸਨ ਸਗੋਂ ਮੁਫਤ ਸੇਵਾ ਦੇ ਨਾਂ 'ਤੇ ਵੱਖ-ਵੱਖ ਕੰਮ ਵੀ ਕਰਦੇ ਸਨ। ਡੇਰੇ ਵਿਚ ਖੇਤੀ ਦਾ ਕੰਮ ਹੋਵੇ ਜਾਂ ਫਿਰ ਨਿਰਮਾਣ ਕੰਮ, ਹਰ ਕੰਮ ਲਈ ਪੈਰੋਕਾਰ ਖੁਦ ਨੂੰ ਅੱਗੇ ਕਰ ਦਿੰਦੇ ਸਨ। ਇਸ ਤਰ੍ਹਾਂ ਬਹੁਤ ਸਾਰਾ ਖਰਚ ਬਚ ਜਾਂਦਾ ਸੀ। ਜਿਥੋਂ ਜੋ ਵੀ ਫਸਲ ਹੁੰਦੀ ਸੀ, ਉਸ ਨੂੰ ਵੀ ਪੈਰੋਕਾਰ ਖਰੀਦਦੇ ਸਨ।

### ਰੋਜ਼ਾਨਾ ਵਰਤੋਂ ਦੇ ਉਤਪਾਦਾਂ ਤੋਂ ਹੋਈ ਆਮਦਨ

ਨਾਲ ਹੀ ਕੁਝ ਕੰਪਨੀਆਂ ਬਣਾਈਆਂ, ਜੋ ਵੱਖ-ਵੱਖ ਉਤਪਾਦ ਤਿਆਰ ਕਰਦੀਆਂ ਸਨ। ਇਨ੍ਹਾਂ ਕੰਪਨੀਆਂ ਤੋਂ ਰਸੋਈ 'ਚ ਕੰਮ ਆਉਣ ਵਾਲੇ ਸਾਮਾਨ ਦੇ ਨਾਲ-ਨਾਲ ਖਾਣ-ਪੀਣ ਦੇ ਉਤਪਾਦ ਤਿਆਰ ਹੁੰਦੇ ਸਨ। ਨਾਲ ਹੀ ਐਲੋਵੀਰਾ ਜੂਸ ਅਤੇ ਇਸ ਤਰ੍ਹਾਂ ਦੇ ਕਈ ਜੂਸ ਵੀ ਤਿਆਰ ਕੀਤੇ ਜਾਂਦੇ ਸਨ। ਇਹ ਸਾਮਾਨ ਐੱਮ. ਐੱਸ. ਜੀ. ਦੇ ਨਾਂ ਨਾਲ ਵੇਚਿਆ ਜਾਂਦਾ ਸੀ। ਇਸੇ ਨਾਂ ਨਾਲ ਵੱਖ-ਵੱਖ ਸ਼ਹਿਰਾਂ ਵਿਚ ਦੁਕਾਨਾਂ ਵੀ ਖੋਲ੍ਹੀਆਂ ਗਈਆਂ ਸਨ।

ਭੇਤਭਰੀ ਗੁਫਾ, ਗੁਰਮੀਤ ਦੇ ਰਹਿਣ ਸਹਿਣ ਦਾ ਉਹ ਸੱਚ, ਜੋ ਸਿਰਫ ਗਿਣਤੀ ਦੇ ਕੁੱਝ ਲੋਕਾਂ ਨੂੰ ਹੀ ਪਤਾ ਹੈ। ਡੇਰੇ ਅੰਦਰ ਗੁਰਮੀਤ ਆਲੀਸ਼ਾਨ ਜ਼ਿੰਦਗੀ ਬਿਤਾਉਂਦੇ ਸਨ। ਡੇਰੇ ਵਿਚ ਉਨ੍ਹਾਂ ਦੇ ਐਸ਼ੋ-ਆਰਾਮ ਲਈ ਵੱਖਰੇ-ਵੱਖਰੇ ਕਮਰੇ ਬਣੇ ਹੋਏ ਸਨ। ਬਹੁਤ ਘੱਟ ਲੋਕਾਂ ਨੂੰ ਹੀ ਇਸ ਬਾਰੇ ਜਾਣਕਾਰੀ ਹੈ। ਇਹੀ ਨਹੀਂ, ਡੇਰੇ ਅੰਦਰ ਇਕ ਅਜਿਹੀ ਥਾਂ ਵੀ ਹੈ, ਜਿਸ ਬਾਰੇ ਗੁਰਮੀਤ ਦੇ ਬੇਹੱਦ ਨੇੜਲਿਆਂ ਨੂੰ ਹੀ ਪਤਾ ਹੈ।

ਆਸ਼ਰਮ ਦੇ ਅੰਦਰ ਕੱਚ ਅਤੇ ਕੰਧਾਂ ਨਾਲ ਬਣੀ ਇਕ ਇਮਾਰਤ ਹੈ, ਜਿਸ ਨੂੰ 'ਬਾਬੇ ਦੀ ਗੁਫਾ' ਕਿਹਾ ਜਾਂਦਾ ਹੈ। ਇਥੋਂ ਤੱਕ 'ਬਾਬੇ' ਦੀ ਗੱਡੀ ਸਿੱਧੀ ਆਉਂਦੀ ਸੀ, ਜਦੋਂ ਗੁਰਮੀਤ ਗੁਫਾ ਵਿਚ ਹੁੰਦੇ ਸੀ ਤਾਂ ਕੁਝ ਨਿੱਜੀ ਲੋਕਾਂ ਨੂੰ ਛੱਡ ਕੇ ਕਿਸੇ ਹੋਰ ਨੂੰ ਵੀ ਉਥੇ ਜਾਣ ਦੀ ਆਗਿਆ ਨਹੀਂ ਹੁੰਦੀ ਸੀ। ਇਥੇ ਉਦੋਂ ਹਰ ਥਾਂ ਸਾਦੇ ਕੱਪੜਿਆਂ ਵਿਚ ਬੰਦੂਕ ਲਈ ਲੋਕ ਤਾਇਨਾਤ ਹੁੰਦੇ ਸਨ। ਜਿਸ ਸਾਧਵੀ ਨੇ ਗੁਰਮੀਤ 'ਤੇ ਜਬਰ-ਜ਼ਨਾਹ ਦਾ ਦੋਸ਼ ਲਾਇਆ ਸੀ, ਉਸ ਨਾਲ ਇਹ ਘਟਨਾ ਗੁਫਾ ਵਿਚ ਹੀ ਵਾਪਰੀ ਸੀ। ਸੀ. ਬੀ. ਆਈ. ਜਾਂਚ ਲਈ ਇਸ ਗੁਫਾ ਵਿਚ ਦਾਖਲ ਹੋਈ ਸੀ।

ਸੀ. ਬੀ. ਆਈ. ਦੀ ਚਾਰਜਸ਼ੀਟ ਮੁਤਾਬਕ ਗੁਫਾ ਦੇ ਤਿੰਨ ਗੇਟ ਹਨ। ਇਨ੍ਹਾਂ ਵਿਚੋਂ ਇਕ ਗੇਟ ਗਰਲਜ਼ ਹੋਸਟਲ ਨਾਲ ਜੁੜਿਆ ਹੋਇਆ ਹੈ ਅਤੇ ਦੋ ਗੇਟ ਸਤਿਸੰਗ ਦਰਬਾਰ ਨਾਲ ਜੁੜੇ ਹੋਏ ਹਨ। ਗੁਰਮੀਤ ਦੀ ਜ਼ਿੰਦਗੀ ਦੇ ਕਈ ਰਾਜ਼ ਇਸ ਆਲੀਸ਼ਾਨ ਅਤੇ ਸ਼ਾਨਦਾਰ ਗੁਫਾ ਵਿਚ ਲੁਕੇ ਹੋਏ ਹਨ।

ਗੁਫਾ ਦੇ ਕਮਰਿਆਂ ਵਿਚ ਸੱਤ ਸਿਤਾਰਾ ਸਹੂਲਤਾਂ ਹਨ। ਸਾਰਾ ਸਾਮਾਨ ਵਿਦੇਸ਼ੀ ਹੈ। ਡੈਕੋਰੇਸ਼ਨ ਲਈ ਵੀ ਵਿਦੇਸ਼ੀ ਆਰਕੀਟੈਕਟਾਂ ਦੀ ਮਦਦ ਲਈ ਗਈ ਹੈ। ਬਾਥਰੂਮਾਂ ਵਿਚ ਵਿਦੇਸ਼ੀ ਟਾਇਲਾਂ ਲੱਗੀਆਂ ਹੋਈਆਂ ਹਨ। ਨਹਾਉਣ ਲਈ ਵਿਸ਼ੇਸ਼ ਬਾਥ ਟੱਬ ਹਨ। ਇਨ੍ਹਾਂ ਦੇ ਪਾਣੀ ਵਿਚ ਗੁਲਾਬ ਪਾ ਕੇ ਗੁਰਮੀਤ ਨਹਾਉਂਦਾ ਸੀ। ਬੇਹੱਦ ਖਾਸ ਲੋਕਾਂ ਨੂੰ ਮਿਲਣ ਲਈ ਵੱਖਰਾ ਕਮਰਾ ਵੀ ਹੈ। ਦੱਸਿਆ ਤਾਂ ਇਥੋਂ ਤੱਕ ਜਾਂਦਾ ਹੈ ਕਿ ਇਥੋਂ ਗੁਰਮੀਤ ਕਈ ਦੇਸ਼ਾਂ ਨਾਲ ਸਿੱਧੀ ਗੱਲਬਾਤ ਕਰਦਾ ਹੈ। ਗੁਫਾ ਵਿਚ ਉਹ ਰੇਸ਼ਮ ਦੇ ਕੱਪੜੇ ਪਹਿਨਦਾ ਸੀ, ਜਿਨ੍ਹਾਂ ਨੂੰ ਵਿਦੇਸ਼ੀ ਡਿਜ਼ਾਈਨਰ ਤਿਆਰ ਕਰਦੇ ਸਨ। ਡੇਰੇ ਵਿਚ ਜਿਹੜੀ ਕੁੜੀ ਗੁਰਮੀਤ ਦੀ ਸੇਵਾ ਵਿਚ ਰਹਿੰਦੀ ਸੀ, ਉਹ ਦੂਜੀਆਂ ਕੁੜੀਆਂ ਨਾਲੋਂ ਵੱਧ ਧਿਆਨ ਖਿੱਚਦੀ ਸੀ। ਇਥੇ ਬਹੁਤ ਸਾਰੀਆਂ ਅਜਿਹੀਆਂ ਕੁੜੀਆਂ ਹਨ, ਜਿਨ੍ਹਾਂ ਵਿਚ ਦੌੜ ਲੱਗੀ ਰਹਿੰਦੀ ਸੀ ਕਿ ਕਦੋਂ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸੇਵਾ ਦਾ ਮੌਕਾ ਮਿਲੇ। ਵਧੇਰੇ ਕੁੜੀਆਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਸੀ ਕਿ ਅੰਦਰ ਹੁੰਦਾ ਕੀ ਹੈ, ਉਨ੍ਹਾਂ ਨੂੰ ਬਾਹਰ ਆ ਕੇ ਵੀ ਅੰਦਰ ਦੀ ਗੱਲ ਕਿਸੇ ਨੂੰ ਦੱਸਣ ਦੀ ਆਗਿਆ ਨਹੀਂ ਹੁੰਦੀ ਸੀ। ਉਹ ਚੁੱਪ ਰਹਿਣ, ਇਸ ਲਈ ਉਨ੍ਹਾਂ ਨੂੰ ਦੱਸਿਆ ਜਾਂਦਾ ਸੀ ਕਿ ਜੇ ਉਹ ਅੰਦਰ ਦੀ ਗੱਲ ਬਾਹਰ ਦੱਸਣਗੀਆਂ ਤਾਂ ਪ੍ਰਮਾਤਮਾ ਨਾਰਾਜ਼ ਹੋ ਜਾਏਗਾ।

ਗੁਰਮੀਤ ਦੀ ਗੁਫਾ ਦੀ ਸ਼ਾਨ ਵੀ ਨਿਰਾਲੀ ਹੈ। ਇਕ ਵਾਰ ਇਸ ਗੁਫਾ ਵਿਚ ਗਏ ਡੇਰੇ ਦੇ ਇਕ ਪੈਰੋਕਾਰ ਨੇ ਦੱਸਿਆ ਕਿ ਉਥੇ ਸ਼ਾਨਦਾਰ ਸੋਫੇ ਅਤੇ ਚਮਕਦਾਰ ਪਰਦੇ ਲੱਗੇ ਹੋਏ ਹਨ। ਹਰ ਸਮੇਂ ਵਿਦੇਸ਼ੀ ਇਤਰ ਦੀ ਖੁਸ਼ਬੂ ਉਥੋਂ ਦੀ ਹਵਾ ਵਿਚ ਰਹਿੰਦੀ ਹੈ। ਗੁਫਾ ਆਟੋਮੈਟਿਕ ਢੰਗ ਨਾਲ ਏਅਰਕੰਡੀਸ਼ਨਡ ਹੈ। ਕੋਈ ਬਾਹਰ ਦੀ ਆਵਾਜ਼ ਅੰਦਰ ਨਹੀਂ ਆਉਂਦੀ। ਗੁਰਮੀਤ ਜਦੋਂ ਇਸ ਗੁਫਾ ਵਿਚ ਹੁੰਦਾ ਸੀ ਤਾਂ ਉਨ੍ਹਾਂ ਦੇ ਚੇਲੇ ਅਕਸਰ ਇਹੀ ਕਹਿੰਦੇ ਸਨ ਕਿ ਉਹ ਧਿਆਨ ਵਿਚ ਹਨ ਪਰ ਅੰਦਰ ਉਹ ਕੀ ਕਰਦੇ ਸਨ, ਇਹ ਕਿਸੇ ਨੂੰ ਨਹੀਂ ਪਤਾ। ਗੁਫਾ 'ਚ ਜਾਣ ਲਈ ਬਾਕਾਇਦਾ ਪਛਾਣ ਅਤੇ ਬਾਇਓਮੀਟ੍ਰਿਕ ਸਿਸਟਮ ਲੱਗਾ ਹੋਇਆ ਹੈ। ਪਛਾਣ ਨਾਲ ਹੀ ਦਰਵਾਜ਼ੇ ਖੁੱਲ੍ਹਦੇ ਹਨ। ਇਕ ਹਮਾਇਤੀ ਨੇ ਦੱਸਿਆ ਕਿ ਇਕ ਵਾਰ ਉਹ ਗਲਤੀ ਨਾਲ ਗੁਫਾ ਅੰਦਰ ਉਸ ਸਮੇਂ ਚਲਾ ਗਿਆ ਜਦੋਂ ਗੁਰਮੀਤ ਉਥੇ ਨਹੀਂ ਸਨ। ਗੁਫਾ ਦਾ ਦਰਵਾਜ਼ਾ ਕਿਸੇ ਕਾਰਨ ਖੁੱਲ੍ਹਾ ਸੀ। ਉਸ ਨੂੰ ਇਸ ਗੱਲ 'ਤੇ ਬਹੁਤ ਝਾੜ ਪਈ ਸੀ। ਚਿਤਾਵਨੀ ਦਿੱਤੀ ਗਈ ਕਿ ਭਵਿੱਖ ਵਿਚ ਇਧਰ ਆਇਆ ਤਾਂ ਡੇਰੇ ਵਿਚੋਂ ਬਾਹਰ ਕੱਢ ਦਿੱਤਾ ਜਾਏਗਾ। ਉਸ ਤੋਂ ਬਾਅਦ ਉਹ ਕਦੇ ਵੀ ਗੁਫਾ ਅੰਦਰ ਨਹੀਂ ਗਿਆ।

ਡੇਰੇ ਦੀਆਂ ਸਾਧਵੀਆਂ ਵਿਚੋਂ ਕੁਝ ਇਕ ਨੂੰ ਹੀ ਇਸ ਗੁਫਾ ਵਿਚ ਜਾਣ ਦੀ ਆਗਿਆ ਸੀ। ਇਹ ਸਾਧਵੀਆਂ ਖਾਸ ਗੇਰੂਏ ਜਾਂ ਚਿੱਟੇ ਰੰਗ ਦੇ ਕੱਪੜੇ ਪਹਿਨਦੀਆਂ ਸਨ। ਉਨ੍ਹਾਂ ਨੂੰ ਵਾਲ ਖੁੱਲ੍ਹੇ ਰੱਖਣੇ ਪੈਂਦੇ ਸਨ। ਇਹੀ ਖਾਸ ਸਾਧਵੀਆਂ ਗੁਰਮੀਤ ਰਾਮ ਰਹੀਮ ਨੂੰ ਖਾਣਾ ਖੁਆਉਣ, ਮੁਲਾਕਾਤ ਕਰਵਾਉਣ, ਸਵੇਰੇ-ਸ਼ਾਮ ਸਟੇਜ ਤੱਕ ਲਿਜਾਣ ਦਾ ਕੰਮ ਕਰਦੀਆਂ ਸਨ। ਗੁਰਮੀਤ ਦੇ ਪ੍ਰਵਚਨਾਂ ਦੌਰਾਨ ਵੀ ਖੱਬੇ ਪਾਸੇ ਇਨ੍ਹਾਂ ਲਈ ਖਾਸ ਥਾਂ ਬਣੀ ਹੁੰਦੀ ਸੀ। ਪ੍ਰਵਚਨ ਵਾਲੇ ਹਾਲ ਵਿਚ ਇਹੀ ਸਾਧਵੀਆਂ ਸਭ ਕੁਝ ਸੰਭਾਲਦੀਆਂ ਸਨ, ਜਦਕਿ ਬਾਹਰੀ ਹਿੱਸੇ ਵਿਚ ਹੋਰ ਮਰਦ ਕਾਰਸੇਵਕ ਕੰਮ ਕਰਦੇ ਸਨ।

ਰਾਮ ਰਹੀਮ ਦੇ ਦੋ ਧੀਆਂ ਇੱਕ ਬੇਟਾ ਅਤੇ ਇਕ ਧੀ ਗੋਦ ਲਈ ਹੋਈ ਹੈ । ਡੇਰਾ ਸੱਚਾ ਸੌਦਾ ਗੁਰਮੀਤ ਰਾਮ ਰਹੀਮ ਨਾਲ ਫਿਲਮਾਂ ਤੋਂ ਲੈ ਕੇ ਉਨ੍ਹਾਂ ਦੀ ਸਜਾ ਹੋਣ ਤੱਕ ਨਾਲ ਨਜ਼ਰ ਆਉਣ ਵਾਲੀ ਗੋਦ ਲਈ ਬੇਟੀ ਹਨੀਪ੍ਰੀਤ ਇੰਸਾ ਨਾਲ ਬਾਬੇ ਦੇ ਨਾਜਾਇਜ਼ ਸੰਬੰਧਾਂ ਦਾ ਦੋਸ਼ ਲੱਗ ਰਿਹਾ ਹੈ। ਇਹ ਦੋਸ਼ ਹਨੀਪ੍ਰੀਤ ਦੇ ਸਾਬਕਾ ਪਤੀ ਵਿਸ਼ਵਾਸ ਗੁਪਤਾ ਨੇ ਲਾਇਆ ਸੀ। ਵਿਸ਼ਵਾਸ ਗੁਪਤਾ ਦੇ ਪਿਤਾ ਨੇ ਰਾਮ ਰਹੀਮ 'ਤੇ ਕੋਰਟ 'ਚ ਵੀ ਕੇਸ ਕੀਤਾ ਸੀ ਪਰ ਸਮਝੌਤਾ ਹੋਣ ਤੋਂ ਬਾਅਦ ਦੋਵਾਂ ਦਾ ਤਲਾਕ ਹੋ ਗਿਆ ਸੀ।

ਕਰਨਾਲ ਜ਼ਿਲੇ ਦੇ ਘਰੌਂੜਾ ਤੋਂ ਸਾਲ 1962 ਤੇ 1972 'ਚ ਦੋ ਵਾਰ ਐੱਮ. ਐੱਲ. ਏ. ਰਹੇ ਰੂਲੀਆ ਰਾਮ ਦੇ ਬੇਟੇ ਐੱਮਪੀ ਗੁਪਤਾ ਨੇ ਸਾਲ 2011 'ਚ ਹਾਈਕੋਰਟ 'ਚ ਦਾਇਰ ਆਪਣੀ ਯਾਚਿਕਾ 'ਚ ਕਿਹਾ ਸੀ ਕਿ, ਮੈਂ ਤੇ ਮੇਰਾ ਪਰਿਵਾਰ ਬਾਬਾ ਸ਼ਾਹ ਸਤਨਾਮ ਦੇ ਅਨੁਯਾਈ ਸਨ। ਸਾਲ 1990 'ਚ ਡੇਰੇ ਦੇ ਚੀਫ ਬਾਬਾ ਗੁਰਮੀਤ ਰਾਮ ਰਹੀਮ ਬਣ ਗਏ। ਉਸ ਦੌਰਾਨ ਐੱਮਪੀ ਗੁਪਤਾ ਹਰਿਆਣਾ ਸਰਕਾਰ ਦੇ ਅਸੀਸਟੈਂਟ ਇੰਜੀਨੀਅਰ ਦੇ ਅਹੁਦੇ 'ਤੇ ਸਨ।

ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਆਪਣੀ

(ਬਾਕੀ ਸਫਾ 6 ਤੇ)







# ਇਹ ਉਹੀ ਗੁੰਮਨਾਮ ਪੱਤਰ ਜੋ ਡੇਰਾ ਮੁਖੀ ਵਿਰੁੱਧ ਕੇਸ ਦਾ ਆਧਾਰ ਬਣਿਆ

**ਵੱਲ**
**ਪ੍ਰਧਾਨ ਮੰਤਰੀ**
**ਸ੍ਰੀ ਅਟਲ ਬਿਹਾਰੀ ਵਾਜਪਾਈ**
**ਵਿਸ਼ਾ: ਸੱਚੇ ਸੌਦੇ ਵਾਲੇ ਮਹਾਰਾਜ ਵੱਲੋਂ ਸੈਂਕੜੇ ਕੁੜੀਆਂ ਨਾਲ ਕੀਤੇ ਬਲਾਤਕਾਰਾਂ ਦੀ ਜਾਂਚ ਸਬੰਧੀ।**
**ਸ੍ਰੀ ਮਾਨ ਜੀ,**

ਮੈਂ ਪੰਜਾਬ ਦੀ ਰਹਿਣ ਵਾਲੀ ਇਕ ਲੜਕੀ ਹਾਂ। ਮੈਂ ਡੇਰਾ ਸੱਚਾ ਸੌਦਾ ਸਿਰਸਾ (ਹਰਿਆਣਾ) ਵਿਚ ਸਾਧਵੀ ਦੇ ਤੌਰ ’ਤੇ ਪਿਛਲੇ ਪੰਜ ਸਾਲ ਤੋਂ ਸੇਵਾ ਕਰ ਰਹੀ ਹਾਂ।ਮੈਥੋਂ ਬਿਨਾਂ ਇਸ ਡੇਰੇ ਵਿਚ ਹੋਰ ਵੀ ਸੈਂਕੜੇ ਕੁੜੀਆਂ ਹਨ, ਜਿਹੜੀਆਂ ਹਰ ਰੋਜ਼ 18 ਘੰਟੇ ਸੇਵਾ ਕਰਦੀਆਂ ਹਨ। ਪਰ ਸਾਡਾ ਇੱਥੇ ਸਰੀਰਕ ਸ਼ੋਸ਼ਣ ਹੁੰਦਾ ਹੈ। ਡੇਰੇ ਦੇ ਮਹਾਰਾਜ ਗੁਰਮੀਤ ਸਿੰਘ ਕੁੜੀਆਂ ਨਾਲ ਬਲਾਤਕਾਰ ਕਰਦੇ ਹਨ। ਮੈਂ ਬੀ. ਏ. ਪਾਸ ਹਾਂ। ਮੇਰੇ ਪਰਿਵਾਰ ਦੀ ਮਹਾਰਾਜ ਵਿਚ ਅੰਨ੍ਹੀ ਸ਼ਰਧਾ ਹੈ। ਉਨ੍ਹਾਂ ਦੇ ਕਹਿਣ ’ਤੇ ਹੀ ਮੈਂ ਸਾਧਵੀ ਬਣੀ। ਸਾਧਵੀ ਬਣਨ ਤੋਂ ਦੋ ਸਾਲ ਬਾਅਦ ਮਹਾਰਾਜ ਗੁਰਮੀਤ ਦੀ ਇਕ ’ਖਾਸ’ ਚੇਲੀ ਸਾਧਵੀ ਗੁਰਜੋਤ ਰਾਤੀਂ 10 ਵਜੇ ਮੇਰੇ ਕੋਲ ਆਈ ਅਤੇ ਕਿਹਾ ਕਿ ਮਹਾਰਾਜ ਨੇ ਮੈਨੂੰ ਆਪਣੀ ਗੁਫਾ ਵਿਚ ਬੁਲਾਇਆ ਤੇ ਮੈਂ ਬੜੀ ਖੁਸ਼ੀ ਹੋਈ ਕਿ ਮਹਾਰਾਜ ਨੇ ਖੁਦ ਮੈਨੂੰ ਬੁਲਾਇਆ ਹੈ ਤੇ ਮੈਂ ਪਹਿਲੀ ਵਾਰ ਉਨ੍ਹਾਂ ਕੋਲ ਜਾ ਰਹੀ ਸੀ। ਮੈਂ ਜਦੋਂ ਪੌੜੀਆਂ ਉਤਰ ਕੇ ਥੱਲੇ ਗਈ ਅਤੇ ਮਹਾਰਾਜ ਦੀ ਗੁਫਾ ਵਿਚ ਦਾਖਲ ਹੋਈ ਤਾਂ ਦੇਖਿਆ ਕਿ ਮਹਾਰਾਜ ਬੈੱਡ ’ਤੇ ਬੈਠੇ ਸਨ। ਉਹਨਾਂ ਦੇ ਹੱਥ ਵਿਚ ਟੀ. ਵੀ. ਦਾ ਰਿਮੋਟ ਫੜਿਆ ਹੋਇਆ ਸੀ ਤੇ ਉਹ ਅਸ਼ਲੀਲ ਫਿਲਮ ਦੇਖ ਰਹੇ ਸਨ। ਉਨ੍ਹਾਂ ਦੇ ਸਿਰਹਾਣੇ ਦੇ ਨਾਲ ਬੈੱਡ ’ਤੇ ਇਕ ਰਿਵਾਲਵਰ ਪਿਆ ਸੀ। ਇਹ ਸਾਰਾ ਕੁਝ ਦੇਖ ਕੇ ਮੈਂ ਘਬਰਾ ਗਈ। ਮੈਂ ਮਹਾਰਾਜ ਦੇ ਅਜਿਹੇ ਕਿਰਦਾਰ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਮਹਾਰਾਜ ਨੇ ਟੀ. ਵੀ. ਬੰਦ ਕਰ ਦਿੱਤਾ ਤੇ ਮੈਨੂੰ ਆਪਣੇ ਕੋਲ ਬਿਠਾ ਲਿਆ। ਮਹਾਰਾਜ ਨੇ ਮੈਨੂੰ ਪਾਣੀ ਪਿਲਾਇਆ ਅਤੇ ਕਿਹਾ ਕਿ ਉਹਨਾਂ ਨੇ ਮੈਨੂੰ ਇਸ ਕਰਕੇ ਬੁਲਾਇਆ ਹੈ ਕਿ ਉਹ ਮੈਨੂੰ ਆਪਣੇ ਕਰੀਬ ਸਮਝਦੇ ਹਨ। ਮੇਰਾ ਇਹ ਪਹਿਲਾ ਅਨੁਭਵ ਸੀ। ਮਹਾਰਾਜ ਨੇ ਮੈਨੂੰ ਆਪਣੀ ਜਕੜ ਵਿਚ ਲੈ ਲਿਆ ਅਤੇ ਕਿਹਾ ਉਹ ਮੈਨੂੰ ਆਪਣੇ ਦਿਲ ਦੀ ਗਹਿਰਾਈ ’ਚੋਂ ਪਿਆਰ ਕਰਦੇ ਹਨ। ਮਹਾਰਾਜ ਨੇ ਇਹ ਵੀ ਕਿਹਾ ਕਿ ਉਹ ਮੇਰੇ ਨਾਲ ਪਿਆਰ ਕਰਨਾ ਚਾਹੁੰਦੇ ਹਨ।

ਮਹਾਰਾਜ ਨੇ ਕਿਹਾ ਕਿ ਮੈਂ ਉਨ੍ਹਾਂ ਦੀ ਚੇਲੀ ਬਣਨ ਵੇਲੇ ਆਪਣਾ ਤਨ ਮਨ ਧਨ ਉਨ੍ਹਾਂ ਨੂੰ ਸੌਂਪ ਚੁੱਕੀ ਹਾਂ ਅਤੇ ਉਨ੍ਹਾਂ ਨੇ ਮੇਰੀ ਭੇਟਾ ਸਵੀਕਾਰ ਕਰ ਲਈ ਹੈ। ਜਦੋਂ ਮੈਂ ਇਸ ’ਤੇ ਇਤਰਾਜ਼ ਕੀਤਾ ਤਾਂ ਮਹਾਰਾਜ ਬੋਲੇ ਕਿ ਇਸ ’ਚ ਕੋਈ ਸ਼ੱਕ ਨਹੀਂ ਕਿ ’ਮੈਂ ਰੱਬ ਹਾਂ’ ਜਦੋਂ ਮੈਂ ਪੁੱਛਿਆ ਕਿ, ’ਕੀ ਰੱਬ ਵੀ ਅਜਿਹੇ ਕੰਮ ਕਰਦਾ ਹੈ? ਤਾਂ ਮਹਾਰਾਜ ਬੋਲੇ:

1. ਸ੍ਰੀ ਕ੍ਰਿਸ਼ਨ ਵੀ ਭਗਵਾਨ ਸਨ ਤੇ ਉਨ੍ਹਾਂ ਕੋਲ 360 ਗੋਪੀਆਂ ਸਨ, ਜਿਨ੍ਹਾਂ ਨਾਲ ਉਹ ਪ੍ਰੇਮ ਲੀਲਾ ਰਚਾਉਂਦੇ ਸਨ। ਤਾਂ ਵੀ ਲੋਕ ਉਨ੍ਹਾਂ ਨੂੰ ਰੱਬ ਮੰਨਦੇ ਸਨ। ਇਸ ਵਿਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ।

2. ਮੈਂ ਤੈਨੂੰ ਇਸ ਰਿਵਾਲਵਰ ਨਾਲ ਮਾਰ ਸਕਦਾ ਹਾਂ ਤੇ ਇੱਥੇ ਹੀ ਤੇਰੀ ਲਾਸ਼ ਦਬਾ ਸਕਦਾ ਹਾਂ। ਤੇਰੇ ਪਰਿਵਾਰ ਵਾਲੇ ਮੇਰੇ ਪੱਕੇ ਸ਼ਰਧਾਲੂ ਹਨ ਤੇ ਉਨ੍ਹਾਂ ਨੂੰ ਮੇਰੇ ’ਤੇ ਅੰਨ੍ਹਾ ਵਿਸ਼ਵਾਸ ਹੈ। ਤੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਤੇਰੇ ਪਰਿਵਾਰ ਵਾਲੇ ਮੇਰੇ ਵਿਰੁੱਧ ਨਹੀਂ ਜਾ ਸਕਦੇ।

3. ਸਰਕਾਰਾਂ ’ਤੇ ਵੀ ਮੇਰਾ ਚੰਗਾ ਅਸਰ ਹੈ। ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਕੇਂਦਰੀ ਮੰਤਰੀ ਮੈਨੂੰ ਮੱਥਾ ਟੇਕਣ ਆਉਂਦੇ ਹਨ। ਸਿਆਸਤਦਾਨ ਲੋਕ ਸਾਥੋਂ ਮਦਦ ਲੈਂਦੇ ਹਨ। ਉਹ ਸਾਥੋਂ ਪੈਸਾ ਵੀ ਲੈਂਦੇ ਹਨ। ਉਹ ਮੇਰੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਦੇ। ਅਸੀਂ ਤੇਰੇ ਪਰਿਵਾਰ ਵਾਲਿਆਂ ਨੂੰ ਨੌਕਰੀਆਂ ਤੋਂ ਕਢਵਾ ਦਿਆਂਗੇ ਅਤੇ ਆਪਣੇ ਸੇਵਾਦਾਰਾਂ ਤੋਂ ਮੈਂ ਉਨ੍ਹਾਂ ਨੂੰ ਕਿਤੇ ਮਰਵਾ ਖਪਾ ਦਿਆਂਗਾ। ਅਸੀਂ ਉਨ੍ਹਾਂ ਦੇ ਕਤਲ ਦਾ ਕੋਈ ਸਬੂਤ ਵੀ ਨਹੀਂ ਛੱਡਾਂਗੇ। ਤੈਨੂੰ ਇਹ ਪਤਾ ਹੈ ਕਿ ਪਹਿਲਾਂ ਵੀ ਅਸੀਂ ਡੇਰੇ ਦੇ ਮੈਨੇਜਰ ਫਕੀਰ ਚੰਦ ਨੂੰ ਗੁੰਡਿਆਂ ਕੋਲੋਂ ਮਰਵਾ ਚੁੱਕੇ ਹਾਂ। ਅੱਜ ਤੱਕ ਉਸ ਦੇ ਕਤਲ ਦੀ ਉੱਘ-ਸੁੱਘ ਨਹੀਂ ਨਿਕਲੀ। ਡੇਰੇ ਨੂੰ ਹਰ ਰੋਜ਼ 1 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਸ ਨਾਲ ਅਸੀਂ ਲੀਡਰਾਂ, ਪੁਲਿਸ ਅਤੇ ਜੱਜਾਂ ਨੂੰ ਖਰੀਦ ਸਕਦੇ ਹਾਂ।

ਇਸ ਤੋਂ ਬਾਅਦ ਮਹਾਰਾਜ ਨੇ ਮੇਰੇ ਨਾਲ ਖੇਹ ਖਾਧੀ।

ਮਹਾਰਾਜ ਪਿਛਲੇ ਤਿੰਨ ਸਾਲਾਂ ਤੋਂ ਮੇਰੇ ਨਾਲ ਇਹ ਕੁਝ ਕਰਦੇ ਆ ਰਹੇ ਹਨ। ਹਰ 25-30 ਦਿਨਾਂ ਬਾਅਦ ਮੇਰੀ ਵਾਰੀ ਆਉਂਦੀ ਹੈ। ਮੈਨੂੰ ਇਹ ਵੀ ਪਤਾ ਚੱਲਿਆ ਹੈ ਕਿ ਮਹਾਰਾਜ ਨੇ ਮੈਥੋਂ ਪਹਿਲਾਂ ਵੀ ਡੇਰੇ ’ਚ ਮੌਜੂਦ ਜਿਹੜੀਆਂ ਕੁੜੀਆਂ ਨੂੰ ਬੁਲਾਇਆ, ਉਨ੍ਹਾਂ ਨਾਲ ਵੀ ਇਹੀ ਕੁਝ ਕੀਤਾ। ਇਹਨਾਂ ’ਚੋਂ ਬਹੁਤ ਸਾਰੀਆਂ ਕੁੜੀਆਂ ਦੀ ਉਮਰ 35-40 ਸਾਲ ਹੈ ਅਤੇ ਉਹ ਵਿਆਹ ਦੀ ਉਮਰ ਵੀ ਲੰਘਾ ਚੁੱਕੀਆਂ ਹਨ। ਉਨ੍ਹਾਂ ਕੋਲ ਇਸ ਹਾਲਤ ਵਿਚ ਰਹਿਣ ਤੋਂ ਸਿਵਾ ਹੋਰ ਕੋਈ ਰਾਹ ਵੀ ਨਹੀਂ ਬਚਿਆ। ਜ਼ਿਆਦਾਤਰ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਉਨ੍ਹਾਂ ਕੋਲ ਬੀ. ਏ., ਐਮ. ਏ. ਬੀ. ਐਡ ਆਦਿ ਡਿਗਰੀਆਂ ਹਨ। ਪਰ ਉਹ ਡੇਰੇ ਵਿਚ ਨਰਕ ਭੋਗ ਰਹੀਆਂ ਹਨ। ਸਿਰਫ ਇਸ ਕਰਕੇ, ਕਿਉਂਕਿ ਉਹਨਾਂ ਦੇ ਪਰਿਵਾਰ ਵਾਲਿਆਂ ਦੀ ਮਹਾਰਾਜ ਵਿਚ ਅੰਨ੍ਹੀ ਸ਼ਰਧਾ ਹੈ। ਅਸੀਂ ਚਿੱਟੇ ਕੱਪੜੇ ਪਹਿਨਦੀਆਂ, ਸਿਰ ’ਤੇ ਪਟਕਾ ਬੰਨ੍ਹਦੀਆਂ, ਮਰਦਾਂ ਵੱਲ ਨਹੀਂ ਦੇਖ ਸਕਦੀਆਂ ਅਤੇ ਮਹਾਰਾਜ ਦੇ ਆਦੇਸ਼ ਮੁਤਾਬਕ ਬੰਦਿਆਂ ਨਾਲ 5-10 ਫੁੱਟ ਦੀ ਦੂਰੀ ’ਤੇ ਖਲੋ ਕੇ ਗੱਲ ਕਰਦੀਆਂ ਹਾਂ। ਅਸੀਂ ਦੇਖਣ ਵਾਲਿਆਂ ਨੂੰ ਦੇਵੀਆਂ ਲੱਗਦੀਆਂ ਹਾਂ ਪਰ ਅਸੀਂ ਵੇਸ਼ਵਾਵਾਂ ਦੀ ਜੂਨ ਭੋਗ ਰਹੀਆਂ ਹਾਂ। ਕਈ ਵਾਰ ਮੈਂ ਆਪਣੇ ਘਰ ਵਾਲਿਆਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਡੇਰੇ ਵਿਚ ਸਭ ਕੁਝ ਅੱਛਾ ਨਹੀਂ, ਪਰ ਮੇਰੇ ਪਰਿਵਾਰ ਵਾਲਿਆਂ ਨੇ ਮੈਨੂੰ ਡਾਂਟ ਦਿੱਤਾ ਤੇ ਕਿਹਾ ਕਿ ਡੇਰੇ ਤੋਂ ਅੱਛੀ ਥਾਂ ਹੋਰ ਕੋਈ ਨਹੀਂ, ਕਿਉਂਕਿ ਇੱਥੇ ਅਸੀਂ ਭਗਵਾਨ (ਮਹਾਰਾਜ) ਦੀ ਸੰਗਤ ਵਿਚ ਹਾਂ। ਉਹਨਾਂ ਕਿਹਾ ਕਿ ਮੈਂ ਡੇਰੇ ਬਾਰੇ ਆਪਣੇ ਮਨ ਵਿਚ ਮੰਦੀ ਸੋਚ ਪੈਦਾ ਕਰ ਲਈ ਹੈ।

ਉਨ੍ਹਾਂ ਨੇ ਮੈਨੂੰ ਸਤਿਗੁਰੂ ਦਾ ਜਾਪ ਕਰਨ ਲਈ ਕਿਹਾ। ਮੈਂ ਇੱਥੇ ਮਜਬੂਰ ਹਾਂ ਕਿਉਂਕਿ ਮੈਨੂੰ ਮਹਾਰਾਜ ਦੇ ਹਰ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ। ਕਿਸੇ ਕੁੜੀ ਨੂੰ ਦੂਜੀ ਕੁੜੀ ਨਾਲ ਗੱਲ ਕਰਨ ਦੀ ਆਗਿਆ ਨਹੀਂ। ਮਹਾਰਾਜ ਦੇ ਆਦੇਸ਼ ਮੁਤਾਬਕ ਕੁੜੀਆਂ ਆਪਣੇ ਘਰਦਿਆਂ ਨਾਲ ਵੀ ਟੈਲੀਫੋਨ ’ਤੇ ਗੱਲ ਨਹੀਂ ਕਰ ਸਕਦੀਆਂ। ਜੇ ਕੋਈ ਕੁੜੀ ਡੇਰੇ ਦੀ ਅਸਲੀਅਤ ਬਾਰੇ ਕਿਤੇ ਗੱਲ ਕਰੇ ਤਾਂ ਮਹਾਰਾਜ ਦੇ ਆਦੇਸ਼ ਮੁਤਾਬਕ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਪਿੱਛੇ ਜਿਹੇ ਬਠਿੰਡੇ ਦੀ ਇਕ ਕੁੜੀ ਨੇ ਮਹਾਰਾਜ ਦੀਆਂ ਕਰਤੂਤਾਂ ਬਾਰੇ ਦੱਸ ਦਿੱਤਾ। ਇਸ ਤੋਂ ਬਾਅਦ ਸਾਰੀਆਂ ਚੇਲੀਆਂ ਨੇ ਉਸ ਨੂੰ ਕੁਟਾਪਾ ਚਾੜ੍ਹਿਆ। ਰੀੜ੍ਹ ਦੀ ਹੱਡੀ ਵਿਚ ਫਰੈਕਚਰ ਕਾਰਨ ਉਹ ਹਾਲੇ ਵੀ ਬੈਡ ’ਤੇ ਪਈ ਹੋਈ ਹੈ। ਇਸ ਤੋਂ ਬਾਅਦ ਉਸ ਦੇ ਪਿਤਾ ਨੇ ਡੇਰੇ ਦੀ ਸੇਵਾਦਾਰੀ ਛੱਡ ਦਿੱਤੀ ਅਤੇ ਆਪਣੇ ਘਰ ਚਲੇ ਗਏ। ਉਹ ਮਹਾਰਾਜ ਦੇ ਡਰ ਅਤੇ ਆਪਣੀ ਬਦਨਾਮੀ ਕਾਰਨ ਕਿਸੇ ਨੂੰ ਕੁਝ ਨਹੀਂ ਦੱਸ ਰਿਹਾ।

ਇਸੇ ਤਰ੍ਹਾਂ ਕੁਰੂਕਸ਼ੇਤਰਾ ਦੀ ਇਕ ਕੁੜੀ ਵੀ ਡੇਰਾ ਛੱਡ ਕੇ ਆਪਣੇ ਘਰ ਚਲੀ ਗਈ। ਜਦੋਂ ਉਸ ਨੇ ਸਾਰੀ ਕਹਾਣੀ ਆਪਣੇ ਪਰਿਵਾਰ ਵਾਲਿਆਂ ਨੂੰ ਦੱਸੀ ਤਾਂ ਉਸ ਦੇ ਭਰਾ ਨੇ ਡੇਰਾ ਛੱਡ ਦਿੱਤਾ ਜਿਹੜਾ ਕਿ ਡੇਰੇ ਵਿਚ ਸੇਵਾਦਾਰ ਵਜੋਂ ਕੰਮ ਕਰਦਾ ਸੀ। ਜਦੋਂ ਸੰਗਰੂਰ ਦੀ ਇਕ ਕੁੜੀ ਡੇਰਾ ਛੱਡ ਕੇ ਆਪਣੇ ਘਰ ਗਈ ਅਤੇ ਉਸ ਡੇਰੇ ਦੇ ਹਥਿਆਰਬੰਦ ਸੇਵਾਦਾਰ/ ਗੁੰਡੇ ਕੁੜੀ ਦੇ ਘਰ ਪਹੁੰਚ ਗਏ। ਦਰਵਾਜ਼ਾ ਅੰਦਰ ਬੰਦ ਕਰਨ ਤੋਂ ਬਾਅਦ ਉਨ੍ਹਾਂ ਕੁੜੀ ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਨਾਲ ਹੀ ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਕੋਈ ਗੱਲ ਨਹੀਂ ਨਿਕਲਣੀ ਚਾਹੀਦੀ। ਇਸੇ ਤਰ੍ਹਾਂ ਮਾਨਸਾ, ਫਿਰੋਜ਼ਪੁਰ, ਪਟਿਆਲਾ ਅਤੇ ਲੁਧਿਆਦੇ ਜ਼ਿਲ੍ਹਿਆਂ ਦੀਆਂ ਹੋਰ ਵੀ ਕੁੜੀਆਂ ਜਿਹੜੀਆਂ ਡੇਰੇ ਬਾਰੇ ਕੁਝ ਵੀ ਦੱਸਣ ਤੋਂ ਡਰ ਰਹੀਆਂ ਹਨ। ਭਾਵੇਂ ਉਹ ਡੇਰਾ ਛੱਡ ਚੁੱਕੀਆਂ ਹਨ ਪਰ ਉਹ ਆਪਣੀ ਜਾਨ ਨੂੰ ਖਤਰੇ ਦੇ ਡਰੋਂ ਕੁਝ ਵੀ ਨਹੀਂ ਦੱਸ ਰਹੀਆਂ। ਇਸੇ ਤਰ੍ਹਾਂ ਸਿਰਸਾ, ਹਿਸਾਰ, ਫਤਿਆਬਾਦ, ਹਨੂਮਾਨਗੜ੍ਹ ਅਤੇ ਮੇਰਠ ਜ਼ਿਲ੍ਹਿਆਂ ਦੀਆਂ ਕੁੜੀਆਂ ਡੇਰੇ ਦੇ ਗੁੰਡਿਆਂ ਕਾਰਨ ਆਪਣੇ ਨਾਲ ਹੋਈਆਂ ਕਹਾਣੀਆਂ ਬਾਹਰ ਨਹੀਂ ਕੱਢ ਰਹੀਆਂ।

ਜੇ ਮੈਂ ਆਪਣਾ ਨਾਂਅ ਦੱਸ ਦੇਵਾਂ ਤਾਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖਤਮ ਕਰ ਦਿੱਤਾ ਜਾਵੇਗਾ। ਮੈਂ ਆਮ ਲੋਕਾਂ ਨੂੰ ਇਹ ਸਚਾਈ ਦੱਸਣਾ ਚਾਹੁੰਦੀ ਹਾਂ, ਕਿਉਂਕਿ ਮੈਂ ਅਜਿਹੀ ਪ੍ਰੇਸ਼ਾਨੀ ਬਰਦਾਸ਼ਤ ਨਹੀਂ ਕਰ ਸਕਦੀ। ਪਰ ਮੈਨੂੰ ਆਪਣੀ ਜਾਨ ਦਾ ਖਤਰਾ ਹੈ। ਜੇ ਪ੍ਰੈਸ ਜਾਂ ਕਿਸੇ ਹੋਰ ਏਜੰਸੀ ਜ਼ਰੀਏ ਜਾਂਚ ਕਰਵਾਈ ਜਾਵੇ ਤਾਂ ਡੇਰੇ ਵਿਚ ਰਹਿ ਰਹੀਆਂ 40-50 ਕੁੜੀਆਂ ਸਚਾਈ ਬਿਆਨ ਕਰਨ ਲਈ ਸਾਹਮਣੇ ਆ ਜਾਣਗੀਆਂ। ਸਾਡੀ ਮੈਡੀਕਲ ਜਾਂਚ ਵੀ ਹੋ ਸਕਦੀ ਹੈ ਤਾਂ ਕਿ ਪਤਾ ਚੱਲ ਸਕੇ ਕਿ ਅਸੀਂ ਕੁਆਰੀਆਂ ਚੇਲੀਆਂ ਹਾਂ ਜਾਂ ਨਹੀਂ। ਜੇ ਅਸੀਂ ਕੁਆਰੀਆਂ ਨਹੀਂ ਤਾਂ ਇਸ ਦੀ ਪੜਤਾਲ ਕੀਤੀ ਜਾਵੇ ਕਿ ਕਿਸ ਨੇ ਸਾਡਾ ਕੁਆਰਾਪਣ ਭੰਗ ਕੀਤਾ। ਇਹ ਗੱਲ ਸਾਹਮਣੇ ਆਵੇਗੀ ਕਿ ਮਹਾਰਾਜ ਗੁਰਮੀਤ ਰਾਮ ਰਹੀਮ ਸਿੰਘ ਡੇਰਾ ਸੱਚਾ ਸੌਦਾ ਨੇ ਸਾਡੀਆਂ ਜ਼ਿੰਦਗੀਆਂ ਬਰਬਾਦ ਕੀਤੀਆਂ ਹਨ।

**– ਇਕ ਦੁਖੀ ਅਬਲਾ**

> **ਸਰਕਾਰਾਂ ’ਤੇ ਵੀ ਮੇਰਾ ਚੰਗਾ ਅਸਰ ਹੈ। ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਕੇਂਦਰੀ ਮੰਤਰੀ ਮੈਨੂੰ ਮੱਥਾ ਟੇਕਣ ਆਉਂਦੇ ਹਨ। ਸਿਆਸਤਦਾਨ ਲੋਕ ਸਾਥੋਂ ਮਦਦ ਲੈਂਦੇ ਹਨ। ਉਹ ਸਾਥੋਂ ਪੈਸਾ ਵੀ ਲੈਂਦੇ ਹਨ। ਉਹ ਮੇਰੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਦੇ। ਅਸੀਂ ਤੇਰੇ ਪਰਿਵਾਰ ਵਾਲਿਆਂ ਨੂੰ ਨੌਕਰੀਆਂ ਤੋਂ ਕਢਵਾ ਦਿਆਂਗੇ ਅਤੇ ਆਪਣੇ ਸੇਵਾਦਾਰਾਂ ਤੋਂ ਮੈਂ ਉਨ੍ਹਾਂ ਨੂੰ ਕਿਤੇ ਮਰਵਾ ਖਪਾ ਦਿਆਂਗਾ। ਅਸੀਂ ਉਨ੍ਹਾਂ ਦੇ ਕਤਲ ਦਾ ਕੋਈ ਸਬੂਤ ਵੀ ਨਹੀਂ ਛੱਡਾਂਗੇ। ਤੈਨੂੰ ਇਹ ਪਤਾ ਹੈ ਕਿ ਪਹਿਲਾਂ ਵੀ ਅਸੀਂ ਡੇਰੇ ਦੇ ਮੈਨੇਜਰ ਫਕੀਰ ਚੰਦ ਨੂੰ ਗੁੰਡਿਆਂ ਕੋਲੋਂ ਮਰਵਾ ਚੁੱਕੇ ਹਾਂ। ਅੱਜ ਤੱਕ ਉਸ ਦੇ ਕਤਲ ਦੀ ਉੱਘ-ਸੁੱਘ ਨਹੀਂ ਨਿਕਲੀ। ਡੇਰੇ ਨੂੰ ਹਰ ਰੋਜ਼ 1 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਸ ਨਾਲ ਅਸੀਂ ਲੀਡਰਾਂ, ਪੁਲਿਸ ਅਤੇ ਜੱਜਾਂ ਨੂੰ ਖਰੀਦ ਸਕਦੇ ਹਾਂ।**

# ਰਣਜੀਤ ਸਿੰਘ ਦੇ ਪਰਿਵਾਰ ਨੂੰ ਵੀ ਬੱਝੀ ਨਿਆਂ ਦੀ ਆਸ

ਸੀਬੀਆਈ ਦੀ ਵਿਸ਼ੇਸ਼ ਅਦਾਲਤ ਵੱਲੋਂ ਸਾਧਵੀਆਂ ਨਾਲ ਬਲਾਤਕਾਰ ਮਾਮਲੇ ’ਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੁਣਾਈ 20 ਸਾਲ ਦੀ ਸਜ਼ਾ ਦੇ ਫ਼ੈਸਲੇ ਨਾਲ ਪਿੰਡ ਖ਼ਾਨਪੁਰ ਕੌਲਿਆਂ ਦੇ ਇਕ ਪਰਿਵਾਰ ਦੇ ਵਿਹੜੇ ’ਚ ਖ਼ੁਸ਼ੀ ਦਾ ਮਾਹੌਲ ਹੈ। ਇਸ ਪਰਿਵਾਰ ਦੇ ਜੀਅ ਰਣਜੀਤ ਸਿੰਘ ਦੀ ਹੱਤਿਆ ਦੇ ਦੋਸ਼ ’ਚ ਡੇਰਾ ਮੁਖੀ ਤੇ ਉਸ ਦੇ ਕਈ ਸਾਥੀ ਮੁਲਜ਼ਮ ਵਜੋਂ ਨਾਮਜ਼ਦ ਹਨ। ਅੱਜ ਦੇ ਫ਼ੈਸਲੇ ਨਾਲ ਪਰਿਵਾਰ ਨੂੰ ਨਿਆਂ ਮਿਲਣ ਦੀ ਆਸ ਬੱਝੀ ਹੈ। ਪਰਿਵਾਰ ਨੇ ਅੱਜ ਦੇ ਫ਼ੈਸਲੇ ’ਤੇ ਖ਼ੁਸ਼ੀ ਤੇ ਸਬਰ ਜ਼ਾਹਿਰ ਕਰਦਿਆਂ ਇਸ ਨੂੰ ਨਿਆਂ ਦੀ ਜਿੱਤ ਦੱਸਿਆ ਹੈ। ਰਣਜੀਤ ਸਿੰਘ ਦੇ ਘਰ ਦੇ ਬਰਾਮਦੇ ਵਿੱਚ ਮੌਜੂਦ ਅਤੇ ਰਿਸ਼ਤੇ ’ਚ ਉਸ ਦੇ ਭਰਾ ਲਗਦੇ ਮਿਲਖੀ ਰਾਮ, ਰਿਸ਼ਤੇਦਾਰ ਸੂਰਤ ਸਿੰਘ ਮਲਿਕ, ਰਾਮਸ਼ਰਣ, ਕ੍ਰਿਪਾਲ, ਰਘੁਬੀਰ, ਪਰਮਜੀਤ ਲਾਠਰ ਆਦਿ ਨੇ ਜੇਤੂ ਨਿਸ਼ਾਨ ਬਣਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਕੁਝ ਮਿਲਿਆ ਹੈ, ਉਹ ਨਿਆਂ ਪਾਲਿਕਾ ਦੀ ਦੇਣ ਹੈ। ਮਿਲਖੀ ਰਾਮ ਨੇ ਕਿਹਾ ਕਿ ਅੱਜ ਦੇ ਅਦਾਲਤੀ ਫ਼ੈਸਲੇ ਨਾਲ ਜਿੱਥੇ ਆਮ ਆਦਮੀ ਦਾ ਨਿਆਂ ਪਾਲਿਕਾ ’ਤੇ ਵਿਸ਼ਵਾਸ ਵਧਿਆ ਹੈ, ਉਥੇ ਕਾਨੂੰਨ ’ਤੇ ਭਰੋਸਗੀ ਪਕੇਰੀ ਹੋਈ ਹੈ। ਉਨ੍ਹਾਂ ਆਸ ਜਤਾਈ ਕਿ ਹੁਣ ਰਣਜੀਤ ਸਿੰਘ ਤੇ ਪੱਤਰਕਾਰ ਛਤਰਪਤੀ ਦੇ ਕਤਲ ਮਾਮ- ਲਿਆਂ ’ਚ ਵੀ ਨਿਆਂ ਮਿਲੇਗਾ ਤੇ ਅਦਾਲਤ ਵੱਲੋਂ ਰਾਮ ਰਹੀਮ ਨੂੰ ਸਜ਼ਾ ਸੁਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਦੋਵਾਂ ਮਾਮਲਿਆਂ ’ਚ ਆਖਰੀ ਜਿਰ੍ਹਾ ਲਈ 16 ਸਤੰਬਰ ਦੀ ਤਰੀਕ ਮੁਕੱਰਰ ਹੈ। ਇਸ ਦੌਰਾਨ ਉਨ੍ਹਾਂ ਡੇਰਾ ਮੁਖੀ ਦੇ ਨਾਲ ਨਾਲ ਸਾਰੀਆਂ ਪਾਰਟੀਆਂ ਦੇ ਰਾਜਸੀ ਆਗੂਆਂ ਵੱਲ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਰਾਜਸੀ ਆਗੂਆਂ ਵੱਲੋਂ ਕੀਤੀ ਮਦਦ ਸਦਕਾ ਹੀ ਡੇਰਾ ਮੁਖੀ ਇੰਨਾ ਵੱਡਾ ਸਾਮਰਾਜ ਖੜ੍ਹਾ ਕਰ ਸਕਿਆ। ਉਨ੍ਹਾਂ ਡੇਰੇ ਦੀ ਜਾਂਚ ਕਰਾਏ ਜਾਣ ਦੀ ਵੀ ਮੰਗ ਕੀਤੀ।



# ਭਾਰਤੀ ਨਿਆਂਪਾਲਿਕਾ ਨੇ ਸਥਾਪਤ ਕੀਤੀ ਭਰੋਸੇਯੋਗਤਾ

**(ਸਫਾ 1 ਦੀ ਬਾਕੀ)**

ਦੀ ਮੰਗ ਕੀਤੀ, ਜਦਕਿ ਡੇਰੇ ਦੇ ਵਕੀਲਾਂ ਨੇ ਸਮਾਜ ਸੇਵਾ, ਬਿਮਾਰੀ ਅਤੇ ਉਮਰ ਦਾ ਹਵਾਲਾ ਦੇ ਕੇ ਸਜ਼ਾ ਵਿਚ ਢਿੱਲ ਦੀ ਮੰਗ ਕੀਤੀ। ਜਦੋਂ ਰਾਮ ਰਹੀਮ ਤੋਂ ਪੱਖ ਪੁੱਛਿਆ ਤਾਂ ਉਸਨੇ ਕਿਹਾ ’ਡੇਰਾ ਬਹੁਤ ਸਾਰੇ ਸਮਾਜਿਕ ਕੰਮਾਂ ਵਿਚ ਲੱਗਿਆ ਹੋਇਆ ਹੈ। ਚੰਗੇ ਕੰਮ ਕਰਦਾ ਹੈ। ਮੈਨੂੰ ਮੁਆਫ ਕਰ ਦਿਓ। ਅਸੀਂ ਸਮਾਜ ਲਈ ਕਾਫੀ ਕੁਝ ਕੀਤਾ ਹੈ।

ਇਸ ਤੋਂ ਬਾਅਦ ਮਾਣਯੋਗ ਜੱਜ ਜਗਦੀਪ ਸਿੰਘ ਨੇ ਫੈਸਲਾ ਪੜ੍ਹਨਾ ਆਰੰਭ ਕੀਤਾ। ਇਸ ਦੌਰਾਨ ਰਾਮ ਰਹੀਮ ਵਾਰ-ਵਾਰ 7 ਸਾਲ ਦੀ ਸਜ਼ਾ ਮੰਗਦਾ ਰਿਹਾ। ਜੱਜ ਨੇ ਗੱਲਾਂ ਤੇ ਧਿਆਨ ਨਾਂ ਦਿੱਤਾ। ਦੋਵੇਂ ਮਾਮਲਿਆਂ ਵਿਚ 10-10 ਸਾਲ ਦੀ ਸਜ਼ਾ ਸੁਣਾ ਦਿੱਤੀ। ਸਜਾ ਸੁਣਦੇ ਹੀ ਰਾਮ ਰਹੀਮ ਟੁੱਟ ਗਿਆ। ਜਦੋਂ ਪੁਲਿਸ ਜਵਾਨ ਰਾਮ ਰਹੀਮ ਨੂੰ ਕਸਟਡੀ ਵਿਚ ਲੈਣ ਪਹੁੰਚੇ ਤਾਂ ਉਹ ਬਾਹਰ ਨਹੀਂ ਆ ਰਿਹਾ ਸੀ। ਪੁਲਿਸ ਵਾਲਿਆਂ ਨੇ ਬਾਂਹ ਪਕੜ ਕੇ ਉਸਨੂੰ ਜਬਰਦਸਤੀ ਬਾਹਰ ਲਿਜਾਇਆ ਗਿਆ। ਰਾਮ ਰਹੀਮ ਨੇ ਬਿਮਾਰੀ ਦਾ ਬਹਾਨਾ ਬਣਾਇਆ ਪਰ ਜੇਲ੍ਹ ਵਿਚ ਮੈਡੀਕਲ ਤੋਂ ਬਾਅਦ ਉਸਦਾ ਬਲੱਡ ਪ੍ਰੈਸ਼ਰ ਅਤੇ ਹੋਰ ਟੈਸਟ ਸਹੀ ਆਏ। ਨਾਟਕ ਫੇਲ੍ਹ ਹੋਣ ਤੋਂ ਬਾਅਦ ਥੋੜ੍ਹੀ ਦੇਰ ਬਾਅਦ ਰਾਮ ਰਹੀਮ ਨੇ ਤੇਵਰ ਬਦਲ ਦਿੱਤੇ। ਉਸਨੇ ਵਕੀਲ ਦੇ ਜ਼ਰੀਏ ਕੋਰਟ ਨੂੰ ਕਿਹਾ ਕਿ ਜੇਲ੍ਹ ਦਾ ਖਾਣਾ ਚੰਗਾ ਨਹੀਂ ਹੈ। ਫੈਸਲੇ ਤੋਂ ਬਾਅਦ ਮੈਂ ਚਾਹ ਮੰਗੀ ਸੀ ਪਰ ਮੈਨੂੰ ਚਾਹ ਵੀ ਨਹੀਂ ਦਿੱਤੀ ਗਈ। ਪਰ ਜੱਜ ਨੇ ਕਿਹਾ, ਤੁਹਾਡੇ ਨਾਂਲ ਆਮ ਕੈਦੀਆਂ ਵਰਗਾ ਵਿਵਹਾਰ ਕੀਤਾ ਜਾਵੇਗਾ।

ਸਜ਼ਾ ਸੁਣਾਉਣ ਤੋਂ ਬਾਅਦ ਜਸਟਿਸ ਜਗਦੀਪ ਸਿੰਘ ਨੂੰ ਜੈਡ ਪਲੱਸ ਸੁਰੱਖਿਆ ਦਿੱਤੀ ਗਈ ਹੈ। ਉਹਨਾ ਦੀ ਰਿਹਾਇਸ਼ ਤੇ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ। ਗੁਰਮੀਤ ਨੂੰ ਸਜ਼ਾ ਸੁਣਾਏ ਜਾਣ ਤੋ ਂਬਾਅਦ ਸੁਰੱਖਿਆ ਵਿਵਸਥਾ ਦੀ ਸਮੀਖਿਆ ਬੈਠਕ ਵਿਚ ਮੁੱਖ ਮੰਤਰੀ ਖੱਟੜ ਨੇ ਇਸ ਫੈਸਲੇ ਦੀ ਪ੍ਰੋੜ੍ਹਤਾ ਕੀਤੀ।

ਗੁਰਮੀਤ ਰਾਮ ਰਹੀਮ ਪਿਛਲੇ ਦੋ ਦਹਾਕਿਆਂ ਤੋਂ ਦਨਦਨਾਉਂਦਾ ਫਿਰ ਰਿਹਾ ਹੈ। ਸ਼ਰੇਆਮ ਬਲਾਤਕਾਰਾਂ ਦੇ ਦੋਸ਼ ਲੱਗਣ ਦੇ ਬਾਵਜੂਦ ਉਸ ਦੇ ਹੌਂਸਲੇ ਲਗਾਤਾਰ ਵਧਦੇ ਜਾ ਰਹੇ ਸਨ। ਪੰਜਾਬ ਅਤੇ ਹਰਿਆਣੇ ਦੀ ਕੋਈ ਵੀ ਸਰਕਾਰ ਉਸ ਮੂਹਰੇ ਖੰਘ ਵੀ ਨਹੀਂ ਸਕਦੀ। ਕੋਈ ਵੱਡੇ ਤੋਂ ਵੱਡਾ ਅਧਿਕਾਰੀ ਉਸ ਵੱਲ ਉਂਗਲ ਤੱਕ ਨਹੀਂ ਕਰ ਸਕਦਾ ਸੀ। ਮਾਲਵੇ ਦੇ 12 ਜ਼ਿਲ੍ਹਿਆਂ ਵਿਚ ਡੇਰੇ ਨਾਲ ਜੁੜੀ 52 ਕਰੋੜ ਦੀ ਪ੍ਰਾਪਰਟੀ ਦੀ ਪਛਾਣ ਕੀਤੀ ਗਈ ਹੈ। ਹੋਰ ਜ਼ਿਲ੍ਹਿਆਂ ਦੀ ਜਾਣਕਾਰੀ ਵੀ ਲਈ ਜਾ ਰਹੀ ਹੈ। ਪੰਜਾਬ ਸਰਕਾਰ ਪ੍ਰਾਪਰਟੀ ਦੀ ਇਹ ਸੂਚੀ ਹਾਈਕੋਰਟ ਨੂੰ ਐਫੀਡੈਵਿਟ ਦੇ ਨਾਲ ਸੌਂਪੇਗੀ। ਇਹਨਾਂ ਜ਼ਿਲ੍ਹਿਆਂ ਵਿਚ 1.52 ਕਰੋੜ ਰੁਪਏ ਦੀ ਪ੍ਰਾਪਰਟੀ ਦਾ ਨੁਕਸਾਨ ਹੋਇਆ ਹੈ। ਪੰਜਾਬ ਵਿਚ ਲਗਾਈਆਂ ਗਈਆਂ 85 ਪੈਰਾ ਮਿਲਟਰੀ ਅਤੇ 10 ਹਜ਼ਾਰ ਪੁਲਿਸ ਅਤੇ ਫੌਜ ਦੀਆਂ ਟੁਕੜੀਆਂ ਦਾ ਖਰਚਾ ਵੀ ਸਰਕਾਰ ਇਸ ਵਿਚ ਸ਼ਾਮਲ ਕਰੇਗੀ। ਸਰਕਾਰ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਡੇਰਾ ਮੁਖੀ ਮਾਮਲੇ ਵਿਚ ਹਿੰਸਾ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਡੇਰੇ ਦੀ ਪ੍ਰਾਪਰਟੀ ਵੇਚ ਕੇ ਕੀਤੀ ਜਾਵੇਗੀ।

ਸੀਬੀਆਈ ਦੀ ਵਿਸ਼ੇਸ਼ ਅਦਾਲਤ ਵੱਲੋਂ ਡੇਰਾ ਮੁਖੀ ਨੂੰ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਸਜ਼ਾ ਸੁਣਾਏ ਜਾਣ ਬਾਅਦ ਅਧਿਕਾਰੀਆਂ ਨੇ ਡੇਰੇ ਦੀਆਂ ਸਾਰੀਆਂ ਇਮਾਰਤਾਂ ਵਿੱਚੋਂ ਸ਼ਰਧਾਲੂਆਂ ਨੂੰ ਬਾਹਰ ਕੱਢ ਕੇ ਡੇਰਾ ਖਾਲੀ ਕਰਵਾ ਲਿਆ ਹੈ। ਇਸ ਕਾਰਜ ਦੇ ਲਈ ਅਧਿਕਾਰੀਆਂ ਨੇ ਦੁਪਹਿਰ ਤਕ ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਲਾ ਕੇ ਰੱਖੀਆਂ। ਜਿਸ ਪੰਡਾਲ ਵਿੱਚ ਡੇਰਾ ਮੁਖੀ ਪ੍ਰੇਮੀਆਂ ਨੂੰ ਸੰਬੋਧਨ ਕਰਦਾ ਸੀ, ਵਿੱਚ ਹੁਣ ਇੱਕ ਵੀ ਸ਼ਰਧਾਲੂ ਨਹੀਂ ਰਿਹਾ। ਡੇਰੇ ਵਿੱਚ ਸਿਰਫ਼ ਪੰਜ ਸੌ ਵਰਕਰ ਰਹਿ ਗਏ ਹਨ।

ਇਹ ਜਾਣਕਾਰੀ ਸਿਰਸਾ ਦੇ ਪਿੰਡ ਮਹਿਮਦਕੀ ਵਾਸੀ ਅੰਗਰੇਜ ਸਿੰਘ ਜੋ ਸਵੇਰੇ ਡੇਰੇ ਵਿੱਚੋਂ ਬਾਹਰ ਆਇਆ ਨੇ ਦਿੱਤੀ। ਇੱਥੇ ਬਾਜੇਕਾਂ ਚੌਕ ਵਿੱਚ ਡੇਰੇ ਵਿੱਚੋਂ ਬੱਸਾਂ ਰਾਹੀਂ ਲਾਹੇ ਜਾ ਰਹੇ ਸ਼ਰਧਾਲੂਆਂ ਵਿੱਚੋਂ ਇੱਕ ਸਤਪਾਲ ਸਿੰਘ ਨੇ ਦੱਸਿਆ ਕਿ ਉਹ ਡੇਰੇ ਵਿੱਚ ਇੱਕ ਸਵੀਟ ਸ਼ਾਪ ਉੱਤੇ 4000 ਹਜ਼ਾਰ ਰੁਪਏ ਮਹੀਨੇ ਨੂੰ ਨੌਕਰੀ ਕਰਦਾ ਸੀ। ਉਹ ਫਤਿਹਾਬਾਦ ਦੇ ਕਸਬਾ ਭੂਨਾ ਦਾ ਵਾਸੀ ਹੈ। ਉਹ ਆਪਣੇ ਰੁਜ਼ਗਾਰ ਨੂੰ ਲੈ ਕੇ ਫ਼ਿਕਰਮੰਦ ਸੀ।

### ਹੁਣ ਹਾਈ ਕੋਰਟ ਵਿੱਚ ਹੋਵੇਗੀ ਅਜ਼ਮਾਇਸ਼

ਡੇਰਾ ਮੁਖੀ ਨੂੰ ਬਲਾਤਕਾਰ ਦੇ ਮਾਮਲੇ ’ਚ 20 ਸਾਲ ਦੀ ਸਜ਼ਾ ਹੋਣ ਤੋਂ ਬਾਅਦ ਹੁਣ ਉਹ ਪੰਜਾਬ-ਹਰਿਆਣਾ ਹਾਈ ਕੋਰਟ ਦਾ ਰੁਖ ਕਰ ਸਕਦਾ ਹੈ। ਉਸ ਦੇ ਵਕੀਲਾਂ ਵੱਲੋਂ ਦੋਸ਼ੀ ਠਹਿਰਾਉਣ ਅਤੇ ਸਜ਼ਾ ਖ਼ਿਲਾਫ਼ ਹਾਈ ਕੋਰਟ ’ਚ ਅਪੀਲ ਪਾਈ ਜਾ ਸਕਦੀ ਹੈ। ਸੀਬੀਆਈ ਵੀ ਸਜ਼ਾ ਨੂੰ ਵਧਾ ਕੇ ਉਮਰ ਕੈਦ ਕਰਨ ਲਈ ਹਾਈ ਕੋਰਟ ਦਾ ਰਾਹ ਫੜ ਸਕਦੀ ਹੈ। ਮੁਜਰਿਮ 60 ਦਿਨਾਂ ਦੇ ਅੰਦਰ ਹੁਕਮਾਂ ਦੀ ਕਾਪੀ ਮਿਲਣ ’ਤੇ ਹਾਈ ਕੋਰਟ ਜਾ ਸਕਦਾ ਹੈ।

ਉਸ ਨੂੰ ਆਪਣੀ ਪਟੀਸ਼ਨ ’ਚ ਜਾਇਜ਼ ਦਲੀਲਾਂ ਦੇਣੀਆਂ ਪੈਣਗੀਆਂ ਤਾਂ ਹੀ ਸੁਣਵਾਈ ਹੋ ਸਕੇਗੀ। ਡੇਰੇ ਦੇ ਵਕੀਲ ਐਸ ਕੇ ਗਰਗ ਨਰਵਾਣਾ ਨੇ ਕਿਹਾ ਕਿ ਫ਼ੈਸਲੇ ਦੀ ਪੂਰੀ ਘੋਖ ਕਰਨ ਤੋਂ ਬਾਅਦ ਹੀ ਅਪੀਲ ਪਾਈ ਜਾਵੇਗੀ। ਜੇਕਰ ਇਕ ਤੋਂ ਵੱਧ ਅਪੀਲਾਂ ਹੋਣਗੀਆਂ ਤਾਂ ਕੇਸਾਂ ਨੂੰ ਜੋੜ ਕੇ ਇਕੋ ਬੈਂਚ ਮੂਹਰੇ ਇਕੱਠਿਆਂ ਸੁਣਿਆ ਜਾ ਸਕਦਾ ਹੈ। ਅਪੀਲ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਮੂਹਰੇ ਪਾਏ ਜਾਣ ਦੀ ਸੰਭਾਵਨਾ ਹੈ ਕਿਉਂਕਿ ਜੇਕਰ 10 ਸਾਲ ਦੀ ਸਜ਼ਾ ਹੁੰਦੀ ਤਾਂ ਸਿੰਗਲ ਬੈਂਚ ਵੱਲੋਂ ਸੁਣਵਾਈ ਕੀਤੀ ਜਾ ਸਕਦੀ ਸੀ। ਪੂਰੀ ਪ੍ਰਕਿਰਿਆ ’ਚ ਸਮਾਂ ਲੱਗ ਸਕਦਾ ਹੈ ਕਿਉਂਕਿ ਹਾਈ ਕੋਰਟ ’ਚ ਬਕਾਇਆ ਕੇਸਾਂ ਦੀ ਗਿਣਤੀ ਵੱਡੀ ਹੈਅਤੇ ਸਜ਼ਾ ਮੁਅੱਤਲ ਕਰਨ ਨੂੰ ਵੀ ਸਮਾਂ ਲੱਗ ਸਕਦਾ ਹੈ।

ਦੇਸ਼ ਦੁਆਬਾ

# ਭਾਰਤੀ ਸੰਵਿਧਾਨ ਦੀ ਜਿੱਤ

ਭਾਰਤ ਵਿਚ ਹਾਲ ਹੀ ਵਿਚ ਇਕ ਵੱਡੀ ਘਟਨਾ ਇਹ ਵਾਪਰੀ ਕਿ 17 ਸਾਲ ਪੁਰਾਣੇ ਬਲਾਤਕਾਰ ਅਤੇ ਯੌਨ ਸ਼ੋਸ਼ਣ ਦੇ ਕੇਸ ਵਿਚ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਡੇਰਾ ਸਿਰਸਾ ਮੁਖੀ ਬਾਬਾ ਰਾਮ ਰਹੀਮ ਨੂੰ ਸਜ਼ਾ ਸੁਣਾਈ। ਸਜ਼ਾ ਸੁਣਾਉਣ ਤੋਂ ਪਹਿਲਾਂ ਹਰਿਆਣਾ ਸਰਕਾਰ ਦਾ ਜੋ ਵਤੀਰਾ ਦੇਖਣ ਨੂੰ ਮਿਲਿਆ, ਉਸ ਨੇ ਭਾਰਤ ਦੀ ਸਿਆਸੀ ਕਮਜ਼ੋਰੀ ਨੂੰ ਬਹੁਤ ਚੰਗੀ ਤਰ੍ਹਾਂ ਪ੍ਰਤੱਖ ਕਰ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਡੇਰਾ ਸਮਰਥਕਾਂ ਨੂੰ ਅਪੀਲਾਂ ਕਰਦੇ ਰਹੇ ਅਤੇ ਡੇਰੇ ਦੇ ਬੁਲਾਰੇ 'ਕਿਸੇ ਵੀ ਹੱਦ ਤੱਕ' ਜਾਣ ਦੀਆਂ ਸ਼ਰੇਆਮ ਧਮਕੀਆਂ ਦਿੰਦੇ ਰਹੇ। ਇੰਨਾ ਹੀ ਨਹੀਂ ਹਰਿਆਣਾ ਸਰਕਾਰ ਪੰਚਕੂਲਾ ਸ਼ਹਿਰ ਵਿਚ ਡੇਰਾ ਸਮਰਥਕਾਂ ਨੂੰ ਜਾਣ ਤੋਂ ਰੋਕਣ ਵਿਚ ਬੁਰੀ ਤਰ੍ਹਾਂ ਨਾਕਾਮ ਸਿੱਧ ਹੋਈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਚੰਡੀਗੜ੍ਹ ਦੀ ਤਰਜ਼ ਤੇ ਬਣਾਏ ਪੰਚਕੂਲਾ ਸ਼ਹਿਰ ਦਾ ਜਲੂਸ ਨਿਕਲ ਗਿਆ। ਪਾਰਕ ਖਰਾਬ ਕਰ ਦਿੱਤੇ, ਸੜਕਾਂ ਤੇ ਹਿੰਸਕ ਭੀੜਾਂ ਇਸ ਤਰ੍ਹਾਂ ਉਮੜੀਆਂ, ਜਿਵੇਂ ਕੋਈ ਜਨ-ਸੈਲਾਬ ਆ ਗਿਆ ਹੋਵੇ। ਪਾਰਕਾਂ ਵਿਚ ਗੰਦਗੀ ਹੁਣ ਤੱਕ ਪਈ ਹੈ ਅਤੇ ਸਾਰੇ ਸ਼ਹਿਰ ਵਿਚ ਮੁਸ਼ਕ ਮਾਰ ਰਹੀ ਹੈ, ਜਿਸ ਕਾਰਨ ਸ਼ਹਿਰ ਵਾਸੀਆਂ ਦਾ ਜਿਊਣਾ ਹਰਾਮ ਹੋ ਗਿਆ। ਹਰਿਆਣਾ ਸਰਕਾਰ ਦੀ ਨਾਕਾਮੀ ਨੂੰ ਦੇਖਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦਖਲ ਦੇਣਾ ਪਿਆ ਅਤੇ ਸਰਕਾਰ ਦੀ ਖਿਚਾਈ ਕੀਤੀ ਪਰ ਉਦੋਂ ਤੱਕ ਹਾਲਾਤ ਵਿਗੜ ਚੁੱਕੇ ਸਨ ਅਤੇ ਸਥਿਤੀ ਕੰਟਰੋਲ ਤੋਂ ਬਾਹਰ ਹੋ ਚੁੱਕੀ ਸੀ। ਜਿਉਂ ਹੀ ਬਾਬਾ ਰਾਮ ਰਹੀਮ ਨੂੰ ਸਜਾ ਸੁਣਾਈ, ਭੀੜ ਇੱਕਦਮ ਭਿਆਨਕ ਰੂਪ ਧਾਰਨ ਕਰ ਗਈ, ਇਸ ਦਰਮਿਆਨ ਹੀ ਫੌਜ ਨੇ ਮੋਰਚਾ ਸੰਭਾਲਿਆ, ਜਿਸ ਦੇ ਨਤੀਜੇ ਵਜੋਂ ਸਿਰਸਾ ਅਤੇ ਪੰਚਕੂਲਾ ਵਿਚ 38 ਲੋਕੀ ਮਾਰੇ ਗਏ ਅਤੇ ਸੈਂਕੜੇ ਜ਼ਖਮੀ ਹੋ ਗਏ। ਬੱਚਿਆਂ ਸਮੇਤ ਗਏ ਲੋਕਾਂ ਦੇ ਬੱਚੇ ਗੁਆਚ ਗਏ, ਜਿਹਨਾਂ ਨੂੰ ਹੁਣ ਲੱਭਿਆ ਜਾ ਰਿਹਾ ਹੈ। ਪੰਜਾਬ, ਹਰਿਅਣਾ ਸਮੇਤ ਪੰਜ ਸੂਬਿਆਂ ਦਾ ਸਿਸਟਮ ਚਰਮਚਾ ਗਿਆ। ਇੰਟਰਨੈਟ ਸੇਵਾਵਾਂ ਬੰਦ ਹੋ ਗਈਆਂ, 700 ਤੋਂ ਜ਼ਿਆਦਾ ਰੇਲ ਗੱਡੀਆਂ ਰੱਦ ਕਰਨੀਆਂ ਪਈਆਂ, ਦੋਵੇਂ ਸੂਬਿਆਂ ਵਿਚ ਬੱਸ ਸੇਵਾਵਾਂ ਠੱਪ ਹੋ ਗਈਆਂ, ਕਰਫਿਊ ਲੱਗੇ, ਜਿਸ ਕਾਰਨ ਪੰਜਾਬ ਅਤੇ ਹਰਿਆਣਾ ਦਾ ਜਨ-ਜੀਵਨ ਸੜਕੋਂ ਲਹਿ ਗਿਆ। ਪਰ ਜੇਕਰ ਸਮਾਂ ਰਹਿੰਦੇ ਚੌਕਸੀ ਦਿਖਾਈ ਹੁੰਦੀ ਤਾਂ ਅਜਿਹੀ ਨੌਬਤ ਸ਼ਾਇਦ ਨਾ ਆਉਂਦੀ। ਇਸ ਘਟਨਾ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਕਿ ਭਾਰਤ ਵਿਚ ਸੰਵਿਧਾਨਕ ਤਾਕਤ ਦੇ ਮੂਹਰੇ ਸਿਆਸੀ ਤਾਕਤ ਬੇਵੱਸ ਅਤੇ ਲਾਚਾਰ ਨਜ਼ਰ ਆਈ ਹੈ। ਸੰਵਿਧਾਨਕ ਤਾਕਤ ਪ੍ਰਾਪਤ ਨਿਆਂਪਾਲਿਕਾ ਨੇ ਸਰਕਾਰ ਅਤੇ ਪ੍ਰਸ਼ਾਸਨਿਕ ਕੰਟਰੋਲ ਦੋਹਾਂ ਦੀ ਭੂਮਿਕਾ ਨਿਭਾਈ, ਜਿਸ ਕਰਕੇ ਸਥਿਤੀ ਕੰਟਰੋਲ ਵਿਚ ਆ ਸਕੀ। ਇਸ ਘਟਨਾ ਨੇ ਇਕ ਵਾਰ ਫਿਰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਕੀ ਭਾਰਤ ਦੀ ਸਿਆਸਤ ਇਸ ਮੁਲਕ ਨੂੰ ਭਵਿੱਖ ਦਾ ਭਾਰਤ ਬਣਾਉਣ ਦੇ ਯੋਗ ਹੋ ਸਕੇਗੀ ਜਾਂ ਵੋਟਾਂ ਦੀ ਭੀਖ ਮੰਗਣ ਤੱਕ ਹੀ ਸੀਮਤ ਰਹੇਗੀ?

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-39

## ਗੁਰਬਾਣੀ ਚਾਨਣ ਵਿੱਚ ਸੇਵਾ ਦਾ ਸੰਕਲਪ



ਅਵਤਾਰ ਸਿੰਘ ਮਿਸ਼ਨਰੀ
510-432-5827

ਸੇਵਾ ਸੰਸਕ੍ਰਿਤ ਦਾ ਸ਼ਬਦ ਅਤੇ ਪ੍ਰਕਰਣ ਅਨੁਸਾਰ ਇਸ ਦੇ ਵੱਖ ਵੱਖ ਅਰਥ ਹਨ। ਇਹ ਕ੍ਰਿਆਵਾਚੀ ਸ਼ਬਦ ਹੈ। ਅਰਥ ਹਨ-ਖਿਦਮਤ, ਟਹਿਲ, ਸਿਮਰਨ, ਬੰਦਗੀ, ਪੂਜਾ ਅਤੇ ਉਪਾਸ਼ਨਾ। ਫਾਰਸੀ ਵਿੱਚ ਸ਼ੇਵਹ, ਤਰੀਕਾ ਅਤੇ ਕਾਇਦਾ। ਸਿੰਧੀ ਵਿੱਚ ਸੇਵਾ ਦਾ ਉਚਾਰਣ ਸ਼ੇਵਾ ਤੇ ਇਸ ਦਾ ਅਰਥ ਪੂਜਾ ਭੇਟਾ ਵੀ ਹੈ। ਕਿਸੇ ਨਾ ਕਿਸੇ ਰੂਪ ਵਿੱਚ ਹਰ ਕਬੀਲੇ, ਸਮਾਜ ਅਤੇ ਧਰਮ ਵਿੱਚ ਵੱਖ ਤਰੀਕਿਆਂ ਤੇ ਭਾਵਾਂ ਨਾਲ ਸੇਵਾ ਕੀਤੀ ਜਾਂਦੀ ਹੈ। ਲੋਕ ਭਲਾਈ ਦੇ ਕੰਮਾ ਨੂੰ ਸੇਵਾ ਦਾ ਨਾਮ ਦਿੱਤਾ ਜਾਂਦਾ ਹੈ ਪਰ ਗੁਰੂ ਗਿਆਨ ਬਿਨਾ ਸੇਵਾ ਅਹੰਕਾਰ ਦਾ ਰੂਪ ਬਣ ਜਾਂਦੀ ਹੈ। ਅਸਲ ਸੇਵਾ ਮਨ ਵਿੱਚ ਉੱਦਮ, ਨਿਮਰਤਾ, ਪਰਉਪਕਾਰ, ਪਿਆਰ, ਸੰਤੋਖ ਅਤੇ ਗੁਮਾਨ 'ਚ ਕੀਤੀ ਸੇਵਾ ਮਨ ਵਿੱਚ ਹੰਕਾਰ ਪੈਦਾ ਕਰਦੀ ਹੈ। ਗੁਰਮਤਿ ਵਿੱਚ ਆਪਣੇ ਮਨ ਚੋਂ ਹੰਕਾਰ ਤਿਆਗ ਕੇ, ਸ਼ਬਦ ਦੀ ਵਿਚਾਰ ਕਰਨਾ, ਉੱਤਮ ਸੇਵਾ ਹੈ।

ਧਰਮ ਅਤੇ ਸਮਾਜਿਕ ਅਸਥਾਨਾਂ ਵਿੱਚ ਸੇਵਾ ਕਰਨ ਤੋਂ ਭਾਵ ਆਪਣਾ ਮਨ ਸਾਫ ਕਰਨਾ ਹੁੰਦਾ ਹੈ। ਹਉਮੈ ਤੇ ਹੰਕਾਰ ਵਿੱਚ ਕੀਤੀ ਸੇਵਾ ਬਿਰਥੀ ਜਾਂਦੀ ਹੈ-ਹਉਮੈ ਨਾਵੈ ਨਾਲਿ ਵਿਰੋਧੁ ਹੈ ਦੋਇ ਨ ਵਸਹਿ ਇੱਕ ਠਾਇ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨ ਬਿਰਥਾ ਜਾਇ॥(੫੬੦) ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਜਨਮਿ ਮਰੈ ਫਿਰਿ ਆਵੈ ਜਾਏ॥(੧੦੭੦) ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥(੨੭) ਹਉਮੈ ਨੂੰ ਦੂਰ ਕਰਨ ਵਾਲੀ ਸੇਵਾ, ਗੁਰ ਗਿਆਨ ਬਿਨਾ, ਇਸ ਨੂੰ ਵਧਾਉਣ ਦਾ ਕਾਰਨ ਬਣ ਜਾਂਦੀ ਹੈ। ਇਸ ਲਈ ਲੋੜ ਹੈ ਕਿ ਪਹਿਲਾਂ ਸੇਵਾ ਦੇ ਮਨੋਰਥ ਨੂੰ ਗੁਰ ਗਿਆਨ ਰਾਹੀਂ ਸਮਝ ਲਿਆ ਜਾਵੇ। ਗੁਰ ਗਿਆਨ ਹੈ-ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥(੬੩੮) ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚੋਂ ਖੋਇ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ॥(੬੦) ਭਾਵ ਗੁਰੂ ਮਤਿ ਰਾਹੀਂ ਸੇਵਾ ਕੀਤਿਆਂ ਮਨ ਪਵਿਤ੍ਰ ਹੁੰਦਾ ਤੇ ਆਤਮ ਅਨੰਦ ਮਿਲਦਾ ਹੈ। ਮਨੁੱਖ ਦੇ ਮਨ ਅੰਦਰ ਗੁਰ ਉਪਦੇਸ਼ ਵੱਸਣ ਕਰਕੇ, ਹਉਮੈ ਦੂਰ, ਨਾਮ ਧੰਨ ਦੀ ਪ੍ਰਾਪਤੀ ਅਤੇ ਆਤਮਕ ਗੁਣਾਂ ਦਾ ਲਾਭ ਹੁੰਦਾ ਹੈ।

ਆਪਣੇ ਮਨ ਨੂੰ ਸਾਧਨਾ ਆਪਣੀ ਸੇਵਾ ਆਪ ਕਰਨਾ ਹੈ-ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਿਗੁਰ ਪੂਛਉ ਜਾਇ॥ ਸਤਿਗੁਰ ਕਾ ਭਾਣਾ ਮਨਿ ਲਈ ਵਿਚਹੁ ਆਪੁ ਗਵਾਇ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥ ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ॥(੩੪) ਭਾਵ ਗੁਰ-ਉਪਦੇਸ਼ ਹੈ ਕਿ ਆਪਣੀ ਮਤ ਨੂੰ ਛੱਡ, ਗੁਰੂ ਦੇ ਹੁਕਮ ਵਿੱਚ ਚੱਲਣਾ ਹੈ। ਏਸੇ ਸੇਵਾ ਤੇ ਚਾਕਰੀ ਦੁਆਰਾ ਨਾਮ (ਪ੍ਰਭੂ ਨਿਯਮ-ਸਿਧਾਂਤ) ਮਨ ਵਿੱਚ ਆ ਵਸਦਾ, ਸੱਚੇ ਗਿਆਨ ਨਾਲ ਜੀਵਨ ਸੁਖੀ ਅਤੇ ਸੁਹਾਵਣਾ ਹੋ ਜਾਂਦਾ ਹੈ। ਗੁਰੂ ਸੁਚੇਤ ਕਰਦਾ ਹੈ ਕਿ-ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥(੨੮੬) ਭਾਵ ਜੋ ਸੇਵਕ ਮਨੁੱਖਤਾ ਦੀ ਸੇਵਾ ਕਰਦਾ ਹੋਇਆ ਕਿਸੇ ਫਲ ਦੀ ਖਾਹਿਸ਼ ਨਹੀ ਰਖਦਾ, ਉਹ ਮਾਲਕ ਨਾਲ ਮਿਲਿਆ ਰਹਿੰਦਾ ਹੈ। ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ॥ ਸਗਲ ਮਨੋਰਥ ਪੁਨਿਆ ਅਮਰਾ ਪਦੁ ਪਾਈ॥ ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਨਾਈ॥(੩੧੮) ਭਾਵ ਉਸ ਮਾਲਕ ਦੀ ਸੇਵਾ ਨਾਲ ਮਾਇਆ ਦੇ ਫਲ ਦੀ ਭੁੱਖ ਨਹੀਂ ਰਹਿੰਦੀ, ਆਤਮ ਮਨੋਰਥ ਪੂਰੇ ਹੋ ਜਾਂਦੇ ਅਤੇ ਉੱਚ ਅਵੱਸਥਾ ਪ੍ਰਾਪਤ ਹੋ ਜਾਂਦੀ ਹੈ। ਹੇ ਮਾਲਕ! ਤੇਰੇ ਵਰਗਾ ਤੂੰ ਹੀ ਹੈਂ।

ਸਰੀਰ ਨੂੰ ਗੈਰ ਕੁਦਰਤੀ ਕਸ਼ਟ ਦੇਣੇ ਤਪ ਨਹੀਂ ਸਗੋਂ-ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥...ਗੁਰ ਸੇਵਾ ਤੇ ਤ੍ਰਿਭਵਨ ਸੋਝੀ ਹੋਇ॥ ਗੁਰ ਸੇਵਾ ਤੇ ਸਭ ਕੁਲ ਉਧਾਰੇ॥(੪੨੩) ਭਾਵ ਕਿ ਗੁਰੂ ਦੀ ਸੇਵਾ ਨਾਲ ਸੰਸਾਰ ਦਾ ਬਾਹਰੀ ਤੇ ਅੰਦਰੂਨੀ ਗਿਆਨ ਹੁੰਦਾ, ਆਉਣ ਵਾਲੀਆਂ ਪੀੜੀਆਂ ਦਾ ਥੋਥੇ ਕਰਮਕਾਂਡਾਂ, ਮੰਦੇ ਕਰਮਾਂ, ਵਹਿਮਾਂ ਭਰਮਾਂ ਆਦਿਕ ਤੋਂ ਛੁਟਕਾਰਾ ਹੋ ਜਾਂਦਾ ਹੈ। ਆਪੂੰ ਬਣੇ ਸੰਤ ਪਾਖੰਡੀ ਵਿਅਕਤੀਆਂ ਦੀ ਸੇਵਾ ਨਾਲੋਂ ਗੁਰੂ-ਸੇਵਾ ਮਹਾਨ ਹੈ ਕਿਉਂਕਿ ਕਿਸੇ ਹੋਰ ਦੀ ਸੇਵਾ ਵਿੱਚ ਜ਼ਿੰਦਗੀ ਵਿਅਰਥ ਚਲੀ ਜਾਂਦੀ ਤੇ ਲੋੜ ਵੀ ਪੂਰੀ ਨਹੀਂ ਹੁੰਦੀ। ਵਿਅਕਤੀ ਵਿਸ਼ੇਸ਼ ਦੀ ਸੇਵਾ ਬੜੀ ਦੁਖਦਾਈ ਤੇ ਸਾਧ (ਗੁਰੂ) ਦੀ ਸੇਵਾ ਸਦਾ ਸੁਖ ਦੇਣ ਵਾਲੀ ਹੁੰਦੀ ਹੈ-ਦੂਜੀ ਸੇਵਾ ਜੀਵਨੁ ਬਿਰਥਾ॥ ਕਛੂ ਨ ਹੋਈ ਹੈ ਪੂਰਨ ਅਰਥਾ ਮਾਣਸ ਸੇਵਾ ਖਰੀ ਦੁਹੇਲੀ॥ ਸਾਧ ਕੀ ਸੇਵਾ ਸਦਾ ਸੁਹੇਲੀ॥(੧੧੯੨) ਇਸ ਦਾ ਇਹ ਭਾਵ ਨਹੀ ਕਿ ਕਿਸੇ ਲੋੜਵੰਦ ਦੀ ਸੇਵਾ ਹੀ ਨਾ ਕੀਤੀ ਜਾਵੇ ਪਰ ਜਦੋਂ ਗੁਰੂ ਦੇ ਗਿਆਨ ਬਿਨਾ ਇਹ ਸੇਵਾ ਕੀਤੀ ਜਾਂਦੀ ਹੈ ਤਾਂ ਉਹ ਹਉਮੈ ਦਾ ਕਾਰਨ ਬਣ ਜਾਂਦੀ ਹੈ। ਪਹਿਲਾਂ ਗੁਰੂ ਸਬਦ ਦੁਆਰਾ ਆਪਣੇ ਮਨ ਦੀ ਸਾਧਨਾ ਆਪਣੀ ਸੇਵਾ ਆਪ ਕਰਨੀ ਫਿਰ ਕਿਸੇ ਦੂਸਰੇ ਦੀ ਕੀਤੀ ਸੇਵਾ ਦੋਨਾਂ ਲਈ ਹੀ ਸੁਖਦਾਇਕ ਬਣ ਜਾਂਦੀ ਹੈ। ਗੁਰ ਗਿਆਨ ਤੋਂ ਪਹਿਲਾਂ ਸੇਵਾ ਦੇ ਕੀਤੇ ਯਤਨਾਂ ਦਾ ਸਿੱਟਾ ਧਰਮ ਅਸਥਾਨਾਂ 'ਤੇ ਹੋ ਰਹੇ ਝਗੜਿਆਂ ਤੋਂ ਵੇਖਿਆ ਜਾ ਸਕਦਾ ਹੈ।

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵਹਿ ਸਭ ਥਾਇ॥(੨੭) ਗਾਖੜੀ ਸੇਵਾ ਸਿਰ ਦੇਣਾ (ਆਪਾ-ਮਿਟਾਉਣਾ) ਪੈਂਦਾ ਹੈ। ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥ ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤੁ ਪਿਆਰੁ॥(੧੪੨੨) ਗੁਰੂ ਦੀ ਸੇਵਾ ਬਿਖਮ ਕਿਉਂਕਿ ਇਸ ਵਿੱਚ ਆਪਾ ਵਾਰਨਾ ਪੈਂਦਾ ਹੈ। ਜਿਸ ਉਦਮੀ ਮਨੁੱਖ ਤੇ ਪ੍ਰਭੂ ਮਿਹਰ ਦੀ ਨਿਗਾਹ ਕਰਦੈ, ਉਸਦੇ ਅੰਦਰ ਆਪਣਾ ਪਿਆਰ ਪੈਦਾ ਕਰ ਦਿੰਦਾ ਹੈ। ਬਾਹਰਲੇ ਕਿਸੇ ਕਰਮ ਨਾਲ ਨਹੀਂ ਸਗੋਂ ਸ਼ਬਦ ਵਿਚਾਰ ਨਾਲ ਗੁਰ-ਸੇਵਾ ਕੀਤੀ ਜਾ ਸਕਦੀ ਹੈ-ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥(੨੨੩) ਕਿਸੇ ਆਕਾਰ ਵਾਲੀ ਚੀਜ਼ ਨੂੰ ਮਾਰਿਆ ਜਾ ਸਕਦਾ ਹੈ ਪਰ ਜੋ ਦਿਸਦਾ ਨਹੀਂ ਉਸਨੂੰ ਕਿਵੇਂ ਮਾਰਿਆ ਜਾਵੇ? ਸ਼ਬਦ ਗੁਰੂ ਨੂੰ ਦੇਹ ਬਣਾ, ਉਸ ਦੀ ਪੂਜਾ ਤੇ ਸੇਵਾ ਕਰਨ ਦੀਆਂ ਰਸਮਾਂ ਦੀ ਕਾਢ ਕੱਢ ਕੇ, ਗੁਰ-ਸੇਵਾ ਨੂੰ ਕਿੰਨ੍ਹਾਂ ਸੌਖਾ ਬਣਾ ਦਿੱਤਾ ਗਿਆ ਹੈ। ਕਿਸੇ ਅਖੌਤੀ ਸੰਤ ਨੂੰ ਗੁਰੂ ਬਣਾ ਕੇ ਉਸ ਦੀਆਂ ਸਰੀਰਕ ਤੇ ਮਾਇਕੀ ਲੋੜਾਂ ਨੂੰ ਪੂਰਾ ਕਰਨਾ ਹੀ ਬਹੁਤੇ ਉਤਮ ਸੇਵਾ ਸਮਝਦੇ ਹਨ। ਬਾਹਰਲੀ ਸੇਵਾ ਦਾ ਵਿਖਾਵਾ ਤੇ ਗੁਰੂ ਦੀ ਅੰਦਰੂਨੀ ਸੇਵਾ ਦਾ ਕੋਈ ਪ੍ਰਗਟਾਵਾ ਨਹੀਂ ਹੋ ਸਕਦਾ। ਨਕਲੀ ਗੁਰੂ ਬਣਾਏ, ਅਖੌਤੀ ਸੰਤ ਦੀਆਂ ਬਾਹਰਲੀਆਂ ਸੇਵਾਵਾਂ ਨੂੰ, ਅਸਲੀ ਗੁਰੂ ਇੱਕ ਮਤਲਬੀ ਵਾਪਾਰ ਕਹਿੰਦਾ ਹੈ-ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ॥ ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰ ਸਗਲੇ ਬਿਉਹਾਰੀ॥(੪੯੫) ਮਨੁੱਖ ਕਈ ਤਰੀਕਿਆਂ ਨਾਲ ਮਾਇਆ ਦੇ ਮੋਹ ਵਿੱਚ ਠੱਗਿਆ ਜਾਂਦਾ ਹੈ। ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਸੇਵਕ ਜਾਂ ਭਗਤ ਹੁੰਦਾ ਹੈ-ਬਹੁ ਬਿਧਿ ਮਾਇਆ ਮੋਹ ਹਿਰਾਨੋ॥ ਕੋਟਿ ਮਧੇ ਕੋਊ ਵਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ॥(੧੨੬੯)

ਸੇਵਾ ਸਰੀਰਕ ਅਤੇ ਮਾਨਸਿਕ ਦੋ ਪ੍ਰਕਾਰ ਦੀ ਹੈ। ਸਰੀਰ ਨਾਲ ਹੱਥੀਂ ਤੇ ਮਨ-ਬੁੱਧਿ ਨਾਲ ਗਿਆਨ ਵਿਚਾਰ ਸੇਵਾ ਕੀਤੀ ਜਾਂਦੀ ਹੈ। ਜਿਸ ਨੇ ਕਦੇ ਹੱਥੀਂ ਸਰੀਰਕ ਅਤੇ ਮਨ ਬੁੱਧਿ ਅਕਲ ਨਾਲ ਮਨੁੱਖਤਾ ਦੀ ਸੇਵਾ ਨਹੀਂ ਕੀਤੀ, ਉਸ ਦੇ ਹੱਥ ਪੈਰ ਤੇ ਕਾਰਨਾਮੇ ਸਭ ਬੇਕਾਰ ਹਨ-ਵਿਣੁ ਸੇਵਾ ਧ੍ਰਿਗੁ ਹੱਥ ਪੈਰ ਹੋਰ ਨਿਹਫਲ ਕਰਣੀ।(ਵਾਰ 27, ਪਾਉੜੀ 10ਕ6)

ਅੱਜ ਕੱਲ੍ਹ ਸੇਵਾ ਘੱਟ ਲੋਕ ਦਿਖਾਵਾ ਤੇ ਮਸ਼ਹੂਰੀ ਜਿਆਦਾ ਕੀਤੀ ਜਾਂਦੀ ਹੈ। ਜਿਵੇਂ ਧਰਮ ਅਸਥਾਨਾਂ ਤੇ ਸਾਫ ਜੋੜੇ ਬਾਰ ਬਾਰ ਝਾੜੀ ਜਾਣੇ, ਗੁਰ ਪੁਰਬਾਂ ਜਾਂ ਨਗਰ ਕੀਰਤਨਾਂ 'ਤੇ ਹਰ ਗਲੀ ਰਾਹ-ਖੇੜਿਆਂ ਤੇ ਬੇਲੋੜੇ ਲੰਗਰ ਤੇ ਛਬੀਲਾਂ ਲਾ, ਰਸਤੇ ਰੋਕ, ਆਵਾਜਾਈ ਵਿੱਚ ਵਿਘਨ ਪਾਉਣਾ, ਰੱਜਿਆਂ ਨੂੰ ਜਬਰੀ ਦੁਬਾਰਾ ਲੰਗਰ ਪਾਣੀ ਛਕਾਉਣਾ ਤੇ ਲੱਖਾਂ ਕ੍ਰੋੜਾਂ ਰੁਪਈਆ ਜਾਂ ਡਾਲਰ ਖਰਚ ਕੇ, ਬਹੁਤੇ ਪਦਾਰਥ ਵਿਅਰਥ ਸੁੱਟਣੇ ਸੇਵਾ ਨਹੀਂ ਸਗੋਂ ਧੰਨ ਦੌਲਤ ਤੇ ਸਮੇਂ ਦੀ ਬਰਬਾਦੀ ਹੈ। ਲੋੜਵੰਦ ਬੱਚਿਆਂ ਨੂੰ ਪੜ੍ਹਾਉਣਾ, ਆਰਥਕ ਤੌਰ ਤੇ ਗਰੀਬਾਂ ਨੂੰ ਕਾਰੋਬਾਰ ਦਿਵਾਉਣਾ, ਲੋੜਵੰਦਾਂ ਲਈ ਕਾਰਖਾਨੇ, ਹਸਪਤਾਲ, ਸਕੂਲ, ਕਾਲਜ, ਯੂਨੀਵਰਸਿਟੀਆਂ, ਗੁਰਬਾਣੀ ਸਿਖਲਾਈ ਵਿਚਾਰ ਕੇਂਦਰ ਆਦਿਕ ਅਦਾਰੇ ਖੋਲ੍ਹਣੇ ਤੇ ਚਲਾਉਣੇ ਅਸਲੀ ਸੇਵਾ ਤੇ ਬਾਕੀ ਵਿਖਾਵੇ ਤੇ ਬਰਬਾਦੀਆਂ ਹੀ ਹਨ। ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ ਅਤੇ ਉਸ ਅਨੁਸਾਰ ਜੀਵਨ ਜੀਂਦੇ ਆਪਣਾ ਤੇ ਮਨੁੱਖਤਾ ਦਾ ਭਲਾ ਕਰਨਾ ਹੀ ਉੱਤਮ ਸੇਵਾ ਹੈ।

# ਪਿੰਡ ਦੀਵਾਲਾ ਦਾ ਗੁੱਗਾ ਮਾੜੀ ਮੇਲਾ



ਤਸਵਿੰਦਰ ਸਿੰਘ ਬੜੈਚ
98763-22677

ਪੰਜਾਬ ਦੀ ਇਸ ਧਰਤੀ ਤੇ ਅਨੇਕਾਂ ਗੁਰੂਆਂ, ਪੀਰਾਂ, ਸਾਧੂ, ਸੰਤਾਂ, ਭਗਤਾਂ, ਸੂਰਬੀਰ ਯੋਧਿਆਂ ਨੇ ਜਨਮ ਲੈ ਕੇ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਲਈ ਪ੍ਰੇਰਿਆ ਅਤੇ ਲੋਕਾਈ ਨੂੰ ਸੱਚ ਨਾਲ ਜੋੜਨ ਦਾ ਮਹਾਨ ਉਪਰਾਲਾ ਕੀਤਾ, ਜਿਨ੍ਹਾਂ ਦੀ ਯਾਦ ਵਿਚ ਸਲਾਨਾ ਮੇਲੇ ਅਕਸਰ ਲੱਗਦੇ ਰਹਿੰਦੇ ਹਨ। ਅਜਿਹਾ ਹੀ ਇਕ ਮੇਲਾ ਹਰ ਸਾਲ ਭਾਦੋਂ ਦੀ ਚਾਂਦਨੀ ਚੋਂਦਸ ਨੂੰ ਗੁੱਗਾ ਜਾਹਰ ਪੀਰ ਦੀ ਯਾਦ 'ਚ ਤਹਿਸੀਲ ਸਮਰਾਲਾ ਤੋਂ ਪੰਜ ਕਿਲੋਮੀਟਰ ਦੇ ਫਾਸਲੇ 'ਤੇ ਪਿੰਡ ਦਿਵਾਲਾ ਵਿਖੇ ਗੁੱਗਾ ਮਾੜੀ ਦੇ ਸਥਾਨ 'ਤੇ ਲੱਗਦਾ ਹੈ। ਪੰਜਾਬ ਵਿਚ ਪ੍ਰਚੀਨ ਕਾਲ ਤੋਂ ਚੱਲੀ ਆ ਰਹੀ ਨਾਗ ਪੂਜਨ ਪ੍ਰੰਪਰਾ ਦਾ ਇਹ ਪ੍ਰਸਿੱਧ ਮੇਲਾ ਹੈ। ਦੰਦ-ਕਥਾਂ ਅਨੁਸਾਰ ਗੁੱਗਾ ਚੋਹਾਨ ਰਾਜਪੂਤ ਸੀ। ਉਨ੍ਹਾਂ ਦਾ ਜਨਮ ਬੀਕਾਨੇਰ ਦੇ ਰਾਜਾ ਜੈਮਲ ਦੀ ਬੇਔਲਾਦ ਰਾਣੀ ਬਾਂਛਲ ਦੀ ਕੁੱਖੋਂ ਗੁਰੂ ਗੋਰਖ ਨਾਥ ਦੇ ਅਸ਼ੀਰਵਾਦ ਤੇ ਚਮਤਕਾਰ ਨਾਲ ਉਡੇਰੇ ਪਿੰਡ ਵਿਚ ਹੋਇਆ ਸੀ। ਗੁੱਗੇ ਦੀ ਸੁੰਦਰ, ਗੁਣਵਾਨ ਤੇ ਮਨਮੋਹਨੀ ਪਤਨੀ ਦਾ ਨਾਂਅ ਸਿਲੀਅਰ ਸੀ। ਗੁੱਗੇ ਦੀ ਆਪਣੇ ਚਚੇਰੇ ਭਰਾਵਾਂ ਸੁਰਜਨ ਤੇ ਅਰਜਨ ਨਾਲ ਪਤਨੀ ਸਿਲੀਅਰ ਦੇ ਕਾਰਨ ਲੜਾਈ ਹੋਈ ਜਿਸ ਵਿਚ ਗੁੱਗੇ ਨੇ ਦੋਵਾਂ ਨੂੰ ਮਾਰ ਮੁਕਾਇਆ, ਜਿਸ 'ਤੇ ਗੁੱਗੇ ਦੀ ਮਾਂ ਗੁੱਸੇ ਹੋਈ ਤੇ ਉਸਨੇ ਗੁੱਗੇ ਨੂੰ ਧਰਤੀ ਵਿਚ ਸਮਾ ਜਾਣ ਦਾ ਬਚਨ ਕੀਤਾ। ਗੁੱਗਾ ਆਪਣੇ ਘੋੜੇ ਸਮੇਤ ਧਰਤੀ ਮਾਤਾ ਦੀ ਹੋਂਦ ਵਿਚ ਸਮਾ ਗਿਆ। ਜਿਸ ਥਾਂ 'ਤੇ ਗੁੱਗਾ ਮਾੜੀ ਸ਼ੁਸ਼ੋਭਿਤ ਹੈ, ਜਿਥੇ ਹਰ ਵਰ੍ਹੇ ਭਾਰੀ ਮੇਲਾ ਲੱਗਦਾ ਹੈ। ਰਾਜਸਥਾਨ ਦੇ ਇਸ ਬਾਂਗੜ ਪਿੰਡ ਤੋਂ ਹੀ ਸਵਾ ਸੌ ਸਾਲ ਪਹਿਲਾਂ ਗੁੱਗੇ ਦੇ ਭਾਗਤਾਂ ਨੇ ਗੱਗਾ ਮਾੜੀ ਦੀ ਮਿੱਟੀ, ਇੱਟਾਂ ਲਿਆ ਦੇ ਪਿੰਡ ਦੀਵਾਲਾ ਵਿਖੇ ਮੌਜੂਦਾ ਗੁੱਗਾ ਮਾੜੀ ਦੀ ਸਥਾਪਨਾਂ ਕੀਤੀ ਸੀ। ਪਿਛਲੇ ਵਰ੍ਹਿਆਂ ਵਿਚ ਗਰਾਮ ਪੰਚਾਇਤ ਦੀ ਦੇਖ-ਰੇਖ ਵਿਚ ਮਾੜੀ ਦੁਆਲੇ ਵਿਕਾਸ ਦੇ ਭਰਪੂਰ ਕੰਮ ਕੀਤੇ ਗਏ ਅਤੇ ਗੁਰੂ ਗੋਰਖ ਨਾਥ ਦਾ ਵਿਸ਼ਾਲ ਬੁੱਤ ਸਥਾਪਿਤ ਕੀਤਾ ਗਿਆ। ਇਸੇ ਹੀ ਜਗ੍ਹਾ 'ਤੇ ਹਰ ਸਾਲ ਭਾਰੀ ਮੇਲਾ ਲੱਗਦਾ ਹੈ। ਮੇਲੇ ਤੋਂ ਕਈ ਕਈ ਦਿਨ ਪਹਿਲਾਂ ਪਿੰਡ ਵਿਚ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਘਰਾਂ ਨੂੰ ਬੜੇ ਉਤਸ਼ਾਹ ਨਾਲ ਸਿੰਗਾਰਿਆ ਜਾਂਦਾ ਹੈ। ਮੇਲੇ ਤੋਂ ਪਹਿਲਾਂ ਹੀ ਹਰੇਕ ਘਰ 'ਚ ਰਿਸ਼ਤੇਦਾਰਾਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਭਾਦੋਂ ਦੀ ਚਾਂਦਨੀ ਚੋਂਦਸ ਵਾਲੇ ਦਿਨ ਸਵੇਰੇ 4 ਕੁ ਵਜੇ ਤੋਂ ਹੀ ਪੰਜਾਬ ਦੇ ਹਰ ਕੋਨੇ 'ਚੋ ਸ਼ਰਧਾਲੂ ਵੀ ਮਾੜੀ 'ਚ ਪੁੱਜਣੇ ਸ਼ੁਰੂ ਹੋ ਜਾਂਦੇ ਹਨ। ਮੇਲੇ ਵਿਚ ਵੱਖ-ਵੱਖ ਤਬਕਿਆਂ ਦੇ ਲੋਕ ਮੋਰਾਂ ਦੇ ਖੰਭਾਂ ਅਤੇ ਰੰਗ ਬਰੰਗੀਆਂ ਟਾਕੀਆ ਨਾਲ ਸਜਾਏ ਝੰਡੇ ਲੈ ਕੇ ਹੁੰਮ-ਹੁੰਮਾ ਕੇ ਪੁੱਜਦੇ ਹਨ। ਸ਼ਰਧਾਲੂ ਅਨਾਜ, ਖਿੱਲਾਂ, ਪਤਾਸਿਆਂ ਦੇ ਪ੍ਰਸ਼ਾਦ ਚੜ੍ਹਾਉਂਦੇ ਹਨ ਤੇ 7-7 ਵਾਰ ਮਿੱਟੀ ਕੱਢਦੇ ਹਨ ਅਤੇ ਮਨ ਦੀਆ ਮੁਰਾਦਾਂ ਪੂਰੀਆਂ ਕਰਦੇ ਹਨ। ਦੁਪਹਿਰ 12 ਤੋਂ 2 ਵਜੇ ਤੱਕ ਮੇਲਾ ਪੂਰੇ ਜੋਬਨ 'ਤੇ ਹੁੰਦਾ ਹੈ। ਗੁੱਗੇ ਦੀ ਮਾੜੀ ਤੋਂ




(ਬਾਕੀ ਸਫਾ 16 ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਾਰਤ ਵਿਚ ਦਲਿਤਾਂ ਅਤੇ ਘੱਟ ਗਿਣਤੀਆਂ ਉਪਰ ਹੋ ਰਹੇ ਅੱਤਿਅਚਾਰਾਂ ਵਿਰੁਧ ਲੰਡਨ 'ਚ ਰੋਸ ਮੁਜ਼ਾਹਰਾ

















15 ਅਗਸਤ ਵਾਲੇ ਦਿਨ ਜਦੋਂ ਸਾਰੇ ਭਾਰਤਵਾਸੀ ਭਾਰਤ ਦੀ ਅਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾ ਰਹੇ ਸਨ ਲੰਡਨ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਪ੍ਰਵਾਸੀ ਭਾਰਤੀਆਂ ਨੇ ਭਾਰਤ ਵਿਚ ਧਰਮ ਦੇ ਨਾਂ ਤੇ ਵਧ ਰਹੀ ਨਫਰਤ, ਘਟ ਗਿਣਤੀਆਂ ਅਤੇ ਦਲਿਤਾਂ ਉਪਰ ਵਧ ਰਹੀਆਂ ਹਿੰਸਕ ਘਟਨਾਵਾਂ ਵਿਰੁਧ ਮੋਮਬਤੀਆਂ ਜਲਾ ਕੇ (ਕੈਂਡਲ ਮਾਰਚ) ਰੋਸ ਮੁਜ਼ਾਹਰਾ ਕੀਤਾ ਗਿਆ।ਵਿਖਾਵਾਕਾਰੀ ਟਵਿਸਟੋਕ ਸਕੁਏਰ ਦੇ ਪਾਰਕ ਵਿਚ ਇਕੱਠੇ ਹੋਏ ਅਤੇ ਇਕ ਜਲੂਸ ਦੀ ਸ਼ਕਲ ਵਿਚ ਲੰਡਨ ਦੀਆਂ ਗਲੀਆਂ ਵਿਚੋਂ ਹੋਏ ਹੁੰਦੇ ਇੰਡੀਆ ਹਾਊਸ, ਭਾਰਤੀ ਦੂਤਾਵਾਸ ਪਹੁੰਚੇ ਜਿਥੇ ਵੱਖ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਭਾਰਤ ਵਿਚ ਮੁਸਲਮਾਨਾਂ, ਇਸਾਈਆਂ, ਦਲਿਤਾਂ ਅਤੇ ਹੋਰ ਘਟ ਗਿਣਤੀਆਂ ਨਾਲ ਵਿਤਕਰੇ, ਗਊ ਹਤਿਆ ਦੇ ਨਾਂ ਤੇ ਕੁਟ ਮਾਰ ਅਤੇ ਹਤਿਆਵਾਂ ਅਤੇ ਸਹਾਰਨਪੁਰ ਜਿਹੇ ਦਲਿਤਾਂ ਉਪਰ ਹੋਏ ਹਮਲਿਆਂ ਦੀ ਕੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਇਸ ਸੰਬਧ ਵਿਚ ਭਾਰਤੀ ਦੂਤਾਵਾਸ ਨੂੰ ਮੈਮੋਰੰਡਮ ਪੇਸ਼ ਕੀਤਾ।

ਬੁਲਾਰਿਆਂ ਨੇ ਭਾਰਤ ਵਿਚ ਧਰਮ ਦੇ ਨਾਂ ਤੇ ਵਧ ਰਹੀ ਹਿੰਸਾ ਨੂੰ ਲੋਕਤੰਤਰ ਨੂੰ ਖਤਰਾ ਦਸਿਆ। ਸਵਿਧਾਨ ਅਨੁਸਾਰ ਭਾਰਤ ਧਰਮ ਨਿਰਪੇਖ ਦੇਸ਼ ਹੈ ਅਤੇ ਹਰੇਕ ਨੂੰ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਦਾ ਮੁਢਲਾ ਅਧਿਕਾਰ ਹੈ। ਮੌਜੂਦਾ ਸਰਕਾਰ ਦੀ ਇਕ ਧਰਮ ਨੂੰ ਪਹਿਲ ਦੇ ਕੇ ਦੂਜੇ ਧਰਮਾਂ ਵਿਚ ਡਰ ਪੈਦਾ ਕੀਤਾ ਜਾ ਰਿਹਾ ਹੈ। ਜੋ ਵਿਅੱਕਤੀ ਸਰਕਾਰ ਦੀਆਂ ਨੀਤੀਆਂ ਦੀ ਅਲੋਚਨਾ ਕਰਦਾ ਹੈ, ਉਸ ਨੂੰ ਦੇਸ਼ਧ੍ਰੋਹੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ।

ਇਹ ਸਰਾਸਰ ਭਾਰਤੀ ਸਵਿਧਾਨ ਦੀ ਉਲੰਘਣਾ ਹੈ। ਸਮਾਜ ਵਿਚ ਮਹੌਲ ਖਰਾਬ ਕਰਨ ਲਈ ਬੁਲਾਰਿਆਂ ਨੇ ਸਰਕਾਰ ਨੂੰ ਜ਼ਿਮੇਵਾਰ ਠਹਿਰਾਇਆ। ਸਾਊਥ ਏਸ਼ੀਆ ਸੋਲਡੈਰਿਟੀ ਗਰੁਪ, ਯੂ ਕੇ ਦੀਆਂ ਅੰਬੇਡਕਰੀ ਅਤੇ ਬੋਧੀ ਸੰਸਥਾਵਾਂ ਦੇ ਸੰਗਠਨ (ਫੈਬੋ ਯੂ ਕੇ), ਕਾਸਟ ਵਾਚ ਯੂ ਕੇ, ਐਂਟੀ ਕਾਸਟ ਡਿਸਕਰੀਮੀਨੇਸ਼ਨ ਅਲ-ਾਇੰਸ ਯੂ ਕੇ, ਵੋਆਇਸ ਆਫ ਦਲਿਤਸ ਇੰਟਰਨੈਸ਼ਨਲ ਅਤੇ ਹੋਰ ਕਈ ਸੰਗਠਨਾਂ ਨੇ ਇਸ ਰੋਸ ਮੁਜ਼ਾਹਰੇ ਵਿਚ ਭਾਗ ਲਿਆ।



**- ਅਰੁਨ ਕੁਮਾਰ,**
**ਬੈਡਫੋਰਡ, ਯੂ ਕੇ**


## Capital Services, ਸੈਕਰਾਮੈਂਟੋ

**ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !**
**ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates**

**IRP Plates for 48 States- Same day Plates**

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
**(Approved by CA DMV )**

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

**ਕਿਸੇ ਵੀ ਜਾਣਕਾਰੀ ਲਈ Call (916) 427-4321**

6624 Florin Road Sacramento CA 95828
Email : sacramento99@yahoo.com
Website : www.capitalservices.us



**33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ**

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

## ਅਮਰ ਕੋਰਸ®

**ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ**

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ — ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

## ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਦੇਸ਼ ਭਗਤ ਕਮੇਟੀ ਵੱਲੋਂ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ

**ਜਲੰਧਰ**–ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਵਾਸੀਆਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਡੇਰਾ ਸਿਰਸਾ ਮੁਖੀ ਸਬੰਧੀ ਅਦਾਲਤੀ ਫੈਸਲੇ ਦੇ ਬਹਾਨੇ ਜਿਵੇਂ ਲੋਕਾਂ ਵਿਚ ਭੜਕਾਹਟ ਅਤੇ ਸਮਾਜਕ ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ ਦਾ ਪ੍ਰਚਾਰ, ਨਫ਼ਰਤ ਭਰੀਆਂ ਤਿਆਰੀਆਂ ਦਾ ਜੋ ਦ੍ਰਿਸ਼ ਸਾਹਮਣੇ ਆ ਰਿਹਾ ਹੈ, ਇਹ ਲੋਕਾਂ ਵਿੱਚ ਵੰਡ ਦੀਆਂ ਲਕੀਰਾਂ ਖਿੱਚਣ ਅਤੇ ਇਕ ਦੂਜੇ ਦੇ ਵੈਰੀ ਬਣਾਉਣ ਦੀ ਕਸ਼ੀਦਗੀ ਪੈਦਾ ਕਰਨ ਵਾਲਾ ਹੈ।

ਕਮੇਟੀ ਦਾ ਕਹਿਣਾ ਹੈ ਕਿ ਜਿਵੇਂ ਪੁਲਸ, ਅਰਧ-ਸੈਨਿਕ ਬਲ ਤਾਇਨਾਤ ਕਰਨ, ਦਫ਼ਾ 144 ਲਾਉਣ, ਫਲੈਗ ਮਾਰਚ ਕਰਨ ਅਤੇ ਜ਼ਹਿਰ ਉਗਲਦੀਆਂ ਤਕਰੀਰਾਂ ਸੋਸ਼ਲ ਮੀਡੀਆ ਉਪਰ ਪਾਉਣ ਦਾ ਬੇਰੋਕ ਸਿਲਸਿਲਾ ਚੱਲ ਰਿਹਾ ਹੈ, ਇਸਦੇ ਬਹੁਤ ਹੀ ਭਿਆਨਕ ਨਤੀਜੇ ਸਾਹਮਣੇ ਆ ਸਕਦੇ ਹਨ। ਦੇਸ਼ ਭਗਤਾਂ ਨੇ ਅਜੋਕੀ ਵਿਸਫੋਟਕ ਸਥਿਤੀ ਉਪਰ ਵਿਗਿਆਨਕ ਵਿਸ਼ਲੇਸ਼ਣ ਕਰਦਿਆਂ ਕਿਹਾ ਹੈ ਕਿ ਹਾਕਮ ਜਮਾਤਾਂ ਗਹਿਰੇ ਚੌਤਰਫ਼ੇ ਸੰਕਟ 'ਚ ਘਿਰੀਆਂ ਹੋਈਆਂ ਹਨ। ਲੋਕਾਂ ਅੰਦਰ ਰੋਟੀ, ਰੋਜ਼ੀ, ਮਹਿੰਗਾਈ, ਸਿੱਖਿਆ, ਸਿਹਤ, ਕਰਜ਼ੇ, ਖ਼ੁਦਕੁਸ਼ੀਆਂ, ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ, ਜਮਹੂਰੀਅਤ ਆਦਿ ਦੇ ਹਕੀਕੀ ਮੁੱਦੇ ਜ਼ੋਰ ਫੜ ਰਹੇ ਹਨ। ਇਹਨਾਂ ਅਸਲੀ ਲੋਕ-ਮੁੱਦਿਆਂ ਤੋਂ ਧਿਆਨ ਲਾਂਭੇ ਕਰਨ ਅਤੇ ਜਨਤਕ ਜਮਹੂਰੀ ਇਨਕਲਾਬੀ ਸ਼ਕਤੀਆਂ ਦੀਆਂ ਸਰਗਰਮੀਆਂ ਇਸ ਮਾਹੌਲ ਦੀ ਆੜ ਹੇਠ ਠੱਪ ਕਰਨ ਲਈ ਇਹ ਵਾਤਾਵਰਣ ਸਿਰਜਿਆ ਜਾ ਰਿਹਾ ਹੈ। ਉਹਨਾਂ ਵਿਸ਼ਵਾਸ਼ ਪ੍ਰਗਟਾਇਆ ਕਿ ਪੰਜਾਬ ਵਾਸੀ ਸੂਝ-ਸਿਆਣਪ ਅਤੇ ਭਾਈਚਾਰਕ ਸਾਂਝ ਦੀ ਮਜ਼ਬੂਤੀ ਦਾ ਸਬੂਤ ਦਿੰਦਿਆਂ ਹਰ ਵੰਨਗੀ ਦੀਆਂ ਲੋਕ-ਦੋਖੀ ਚਾਲਾਂ ਨੂੰ ਨਾਕਾਮ ਕਰਨਗੇ ਅਤੇ ਆਪਸੀ ਸਦਭਾਵਨਾ ਬਣਾਈ ਰੱਖਣ।

## ਪਿੰਡ ਟਪਿਆਲਾ 'ਚ ਦਲਿਤਾਂ 'ਤੇ ਹਮਲੇ ਦੀ ਬਸਪਾ ਨੇ ਕੀਤੀ ਨਿੰਦਾ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ ਨੇ ਅਜਨਾਲਾ ਤਹਿਤ ਆਉਂਦੇ ਪਿੰਡ ਟਪਿਆਲਾ ਵਿਚ ਦਲਿਤਾਂ 'ਤੇ ਹਮਲਾ ਕੀਤੇ ਜਾਣ ਅਤੇ ਉਨ੍ਹਾਂ ਦੇ ਘਰ ਤੋੜੇ ਜਾਣ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ. ਰਾਜੂ ਨੇ ਕਿਹਾ ਕਿ ਬਸਪਾ ਪੀੜਤ ਪਰਿਵਾਰਾਂ ਦੇ ਨਾਲ ਹੈ ਤੇ ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਿੰਡ ਟਪਿਆਲਾ ਵਿਚ ਹਥਿਆਰਬੰਦ ਹਮਲਾਵਰਾਂ ਨੇ ਬੇਖੌਫ ਹੋ ਕੇ ਦਲਿਤਾਂ 'ਤੇ ਹਮਲਾ ਕੀਤਾ, ਗੋਲੀਆਂ ਚਲਾਈਆਂ ਤੇ ਉਨ੍ਹਾਂ ਦੇ ਘਰ ਤੋੜ ਦਿੱਤੇ। ਇਹ ਘਟਨਾ ਦੱਸਦੀ ਹੈ ਕਿ ਸੂਬੇ ਵਿਚ ਦਲਿਤਾਂ, ਪਛੜਿਆਂ ਤੇ ਆਮ ਲੋਕਾਂ ਲਈ ਮਾਹੌਲ ਸੁਰੱਖਿਅਤ ਨਹੀਂ ਹੈ। ਸ. ਰਸ਼ਪਾਲ ਸਿੰਘ ਰਾਜੂ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਵਾਂਗ ਮੌਜੂਦਾ ਕਾਂਗਰਸ ਸਰਕਾਰ ਦੇ ਰਾਜ 'ਚ ਵੀ ਜਮ ਕੇ ਗੁੰਡਾਗਰਦੀ ਕੀਤੀ ਜਾ ਰਹੀ ਹੈ। ਆਮ ਲੋਕ ਇਨਸਾਫ ਲਈ ਭਟਕ ਰਹੇ ਹਨ। ਸ. ਰਾਜੂ ਨੇ ਕਿਹਾ ਕਿ ਪਿੰਡ ਟਪਿਆਲਾ ਵਿਚ ਦਲਿਤਾਂ 'ਤੇ ਹਮਲਾ ਕਰਨ ਦੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਨਾਲ ਹੀ ਇਸ ਘਟਨਾ ਵਿਚ ਮਾਰੇ ਗਏ ਦਲਿਤ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

# ਉੱਤਰੀ ਅਮਰੀਕਾ ਦੀਆਂ ਸਮੂਹ ਕਬੱਡੀ ਸੰਸਥਾਵਾਂ ਵਲੋਂ 17 ਸਤੰਬਰ ਦੇ ਕਬੱਡੀ ਕੱਪ ਨੂੰ ਦਿੱਤਾ ਜਾਵੇਗਾ ਸਹਿਯੋਗ- ਅਮੋਲਕ ਸਿੰਘ ਗਾਖਲ

**ਸਾਨ ਫਰਾਂਸਿਸਕੋ (ਬਿਓਰੋ)–** ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ 17 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਅੱਜ ਕੱਲ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਵਿਸ਼ਵ ਕੱਪ ਵਿਚ ਭਾਗ ਲੈਣ ਵਾਲੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀਆਂ ਦੀ ਆਮਦ ਵੀ ਸ਼ੁਰੂ ਹੋ ਗਈ ਹੈ। ਯੂਨਾਈਟਿਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ 13ਵੇਂ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ੍ਰ. ਅਮੋਲਕ ਸਿੰਘ ਗਾਖ਼ਲ ਨੇ ਕਿਹਾ ਕਿ ਉੱਤਰੀ ਅਮਰੀਕਾ ਦੀਆਂ ਸਮੂਹ ਖੇਡ ਕਲੱਬਾਂ, ਜਥੇਬੰਦੀਆਂ ਅਤੇ ਕਬੱਡੀ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਇਸ ਕਬੱਡੀ ਕੱਪ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ। ਅਮਰੀਕਾ ਵਿਚ ਇਸ ਸਾਲ ਦੇ ਸੀਜ਼ਨ ਦਾ ਇਹ ਸਭ ਤੋਂ ਵੱਡਾ ਕਬੱਡੀ ਕੱਪ ਹੋਣ ਕਰਕੇ ਖੇਡ ਪ੍ਰੇਮੀਆਂ ਦੇ ਮਨਾਂ ਅੰਦਰ ਵੀ ਇਸਨੂੰ ਵੇਖਣ ਅਤੇ ਮਾਨਣ ਦਾ ਉਤਸ਼ਾਹ ਖੂਬ ਵੇਖਣ ਨੂੰ ਮਿਲ ਰਿਹਾ ਹੈ। ਇਸ ਕਬੱਡੀ ਕੱਪ ਲਈ ਸਕਿਉਰਿਟੀ ਪੱਖੋਂ ਹੀ ਹਰ ਤਰ੍ਹਾਂ ਦੇ ਪ੍ਰਬੰਧ ਨਹੀਂ ਕੀਤੇ ਜਾ ਰਹੇ ਸਗੋਂ ਆਉਣ ਵਾਲੇ ਦਰਸ਼ਕਾਂ ਲਈ ਪੀਣ ਵਾਲੇ ਪਾਣੀ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਲੰਗਰ ਦੀ ਸੇਵਾ ਗੁਰੂਘਰ ਫਰੀਮਾਂਟ, ਗੁਰੂਘਰ ਸੈਨਹੋਜ਼ੇ, ਗੁਰੂਘਰ ਸਟਾਕਟਨ ਅਤੇ ਰਾਜਾ ਸਵੀਟਸ ਵਲੋਂ ਕੀਤੀ ਜਾਵੇਗੀ। ਨਾਮੀ ਖਿਡਾਰੀਆਂ ਦੇ ਨਾਲ ਨਾਲ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸਿਵਾ ਕਨੇਡਾ ਅਤੇ ਇੰਗਲੈਂਡ ਤੋਂ ਵੀ ਮਾਂ ਖੇਡ ਕਬੱਡੀ ਨੂੰ ਸਮਰਪਿਤ ਸਖਸ਼ੀਅਤਾਂ ਸਾਰਾ ਦਿਨ ਆਪਣੀ ਹਾਜ਼ਰੀ ਭਰਨ ਲਈ ਪਹੁੰਚਣਗੀਆਂ। ਇਸ ਕਬੱਡੀ ਕੱਪ ਦਾ ਉਦਘਾਟਨ ਨਾਮੀ ਕਬੱਡੀ ਪ੍ਰੋਮੋਟਰ ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ। ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਰਵਿੰਦਰ





ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਅਤੇ ਦੂਜਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸ੍ਰ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦਿੱਤਾ ਜਾਵੇਗਾ । ਆਉਣ ਵਾਲੀਆਂ ਸਖਸ਼ੀਅਤਾਂ ਨੂੰ ਵੀ ਯੁਨਾਈਟਡ ਸਪੋਰਟਸ ਕਲੱਬ ਬਣਦਾ ਮਾਣ ਸਤਿਕਾਰ ਦੇਵੇਗਾ। ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਕਲੱਬ ਦੇ ਚੇਅਰਮੈਨ ਸ੍ਰ. ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਮੰਟਿੰਗ ਵਿਚ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਐੱਸ ਅਸ਼ੋਕ ਭੌਰਾ ਜਨਰਲ ਸਕੱਤਰ ਸ਼ਾਮਿਲ ਹੋਏ ਤੇ ਅਮੋਲਕ ਸਿੰਘ ਗਾਖਲ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮਹੱਤਵਪੂਰਨ ਅਤੇ ਇਤਿਹਾਸਕ ਵਿਸ਼ਵ ਕਬੱਡੀ ਕੱਪ ਵਿਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਉਣ ਅਤੇ ਉਹਨਾਂ ਵਿਅੰਗਮਈ ਲਹਿਜ਼ੇ ਵਿਚ ਕਿਹਾ ਕਿ ਉਹੀ ਵਿਅਕਤੀ ਹੀ ਇਸ ਮੇਲੇ ਵਿਚ ਸ਼ਾਮਿਲ ਨਹੀਂ ਹੋਵੇਗਾ ਜਿਹੜਾ ਜਾਂ ਤਾਂ ਬਿਮਾਰ ਹੈ ਜਾਂ ਫਿਰ ਆਪਣੀ ਮਾਂ ਖੇਡ ਕਬੱਡੀ ਤੋਂ ਦੂਰ ਹੋ ਗਿਆ ਹੋਵੇਗਾ। ਉਨ੍ਹਾਂ ਸਮੂਹਿਕ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਸਪਾਂਸਰਾਂ ਵਲੋਂ ਦਿੱਤੇ ਜਾ ਰਹੇ ਵਿੱਤੀ ਸਹਿਯੋਗ ਦਾ ਵੀ ਧੰਨਵਾਦ ਕੀਤਾ। ਸਵੇਰੇ 9 ਵਜੇ ਤੋਂ ਸ਼ੁਰੂ ਹੋਣ ਵਾਲੇ ਇਸ ਮਹਾਂ ਕਬੱਡੀ ਕੁੰਭ ਵਿਚ ਨਾਮੀ ਕਬੱਡੀ ਖਿਡਾਰੀਆਂ ਦੀ ਆਮਦ ਪੰਜਾਬੀਆਂ ਦੇ ਆਸਾਂ ਅਤੇ ਚਾਵਾਂ 'ਤੇ ਖਰਾ ਉੱਤਰੇਗੀ। ਉਨ੍ਹਾਂ ਕਿਹਾ ਕਿ ਇਸ ਖੇਡ ਮੇਲੇ ਦਾ ਸਿੱਧਾ ਪ੍ਰਸਾਰਨ ਬੇਏਰੀਆ ਕੈਲੀਫੋਰਨੀਆਂ ਵਿਚ ਨਹੀਂ ਕੀਤਾ ਜਾਵੇਗਾ ਪਰ ਇਸ ਤੋਂ ਇਲਾਵਾ ਪੂਰੇ ਵਿਸ਼ਵ ਵਿਚ ਜ਼ਰੂਰ ਕੀਤਾ ਜਾਵੇਗਾ ਤਾਂ ਕਿ ਬੇਏਰੀਆ ਕੈਲੇਫੋਰਨੀਆਂ ਨਿਵਾਸੀ ਸਾਖਸ਼ਾਤ ਰੂਪ ਵਿਚ ਆਪਣੀਆਂ ਅੱਖਾਂ ਨਾਲ ਇਸ ਮਹਾਨ ਕਬੱਡੀ ਖੇਡ ਮੇਲੇ ਦਾ ਆਨੰਦ ਮਾਣ ਸਕਣ। ਹੋਰ ਜਾਣਕਾਰੀ ਲਈ ਚੇਅਰਮੈਨ ਮੱਖਣ ਸਿੰਘ ਬੈਂਸ ਨਾਲ 510-715-1619 ਜਾਂ ਐੱਸ ਅਸ਼ੋਕ ਭੌਰਾ ਨਾਲ 510-415-3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਮੋਦੀ ਦਾ ਨਿਰਦੇਸ਼

## ਦਲਿਤਾਂ ਨੂੰ ਬਣਾਓ ਪਾਰਟੀ ਦਾ ਕੋਰ ਵੋਟ ਬੈਂਕ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ ਵਿਚ ਦਲਿਤਾਂ ਨੂੰ ਪਾਰਟੀ ਦਾ ਕੋਰ ਵੋਟ ਬੈਂਕ ਬਣਾਉਣ ਦੀ ਰਣਨੀਤੀ 'ਤੇ ਕੰਮ ਆਰੰਭ ਕਰਨ ਲਈ ਕਿਹਾ ਹੈ। ਸੋਮਵਾਰ ਨੂੰ ਭਾਜਪਾਈ ਮੁੱਖ ਮੰਤਰੀਆਂ ਦੇ ਨਾਲ ਬੈਠਕ ਵਿਚ ਉਹਨਾਂ ਨੇ ਕਿਹਾ ਕਿ ਦਲਿਤ ਰਾਸ਼ਟਰਪਤੀ ਬਣਾ ਕੇ ਪਾਰਟੀ ਨੇ ਆਧਾਰ ਵਧਾਉਣ ਦੀ ਦਿਸ਼ਾ ਵਿਚ ਵੱਡਾ ਕਦਮ ਚੁੱਕਿਆ ਹੈ। ਭਾਜਪਾ ਦੇ ਮੁੱਖ ਮੰਤਰੀ ਵੀ ਦਲਿਤਾਂ 'ਤੇ ਫੋਕਸ ਕਰਨ। ਉਹਨਾਂ ਨੇ ਭਰੋਸਾ ਪ੍ਰਗਟਾਇਆ ਕਿ ਭਾਜਪਾ ਹੀ ਉਹਨਾਂ ਦਾ ਅਸਲੀ ਕਲਿਆਣ ਚਾਹੁੰਦੀ ਹੈ। ਮੋਦੀ ਨੇ ਭਾਜਪਾ ਦੇ ਸ਼ਾਸਨ ਵਾਲੇ ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਚੋਣਾਂ ਦੇ ਲਿਹਾਜ ਨਾਲ ਵਿਕਾਸ ਦਾ ਏਜੰਡਾ ਪ੍ਰਚਾਰਿਤ ਕਰਨ ਦੀ ਨਸੀਹਤ ਦਿੱਤੀ। ਇਹਨਾਂ ਰਾਜਾਂ ਵਿਚ ਜਲਦੀ ਹੀ ਚੋਣਾਂ ਹੋਣੀਆਂ ਹਨ। ਮੋਦੀ ਨੇ ਮੁੱਖ ਮੰਤਰੀਆਂ ਨੂੰ 'ਇਕ ਭਾਰਤ-ਸ਼੍ਰੇਸਠ ਭਾਰਤ' ਦੀ ਪੰਜ ਸਾਲ ਦੀ ਯੋਜਨਾ ਦਿੰਦੇ ਹੋਏ ਉਸ ਤੇ ਮਿਸ਼ਨ ਵਾਂਗ ਕੰਮ ਕਰਨ ਦਾ ਸੱਦਾ ਦਿੱਤਾ। ਬੈਠਕ ਵਿਚ ਭਾਜਪਾ ਦੇ ਸ਼ਾਸਨ ਵਾਲੇ 13 ਰਾਜਾਂ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਬਿਹਾਰ, ਜੰਮੂ-ਕਸ਼ਮੀਰ ਅਤੇ ਗੁਜਰਾਤ ਦੇ ਉਪ ਮੁੱਖ ਮੰਤਰੀ ਵੀ ਮੌਜੂਦ ਸਨ। ਮੰਗਲਵਾਰ ਨੂੰ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੇ ਵੀ ਮੁੱਖ ਮੰਤਰੀਆਂ ਦੇ ਨਾਲ ਬੈਠਕ ਕੀਤੀ।

### ਗੋਰਖਪੁਰ, ਮੰਦਸੌਰ ਅਤੇ ਬਰਾਲਾ ਮਾਮਲੇ ਤੇ ਵਿਰੋਧੀ ਧਿਰ ਨੂੰ ਜਵਾਬ ਨਾ ਦੇਣ ਤੇ ਨਰਾਜ਼

ਗੋਰਖਪੁਰ ਵਿਚ ਬੱਚਿਆਂ ਦੀ ਮੌਤ, ਚੰਡੀਗੜ੍ਹ ਵਿਚ ਵਿਕਾਸ ਬਰਾਲਾ ਮਾਮਲਾ ਅਤੇ ਮੱਧ ਪ੍ਰਦੇਸ਼ ਦੇ ਮੰਦਸੌਰ ਵਿਚ ਕਿਸਾਨ ਗੋਲੀਕਾਂਡ ਦੇ ਕਾਰਨ ਭਾਜਪਾ ਸਰਕਾਰਾਂ ਦੇ ਖਿਲਾਫ ਬਣੇ ਮਾਹੌਲ ਤੇ ਵੀ ਮੋਦੀ ਨੇ ਨਰਾਜ਼ਗੀ ਜਾਹਿਰ ਕੀਤੀ। ਉਹਨਾਂ ਨੇ ਇਸ਼ਾਰਿਆਂ ਵਿਚ ਕਿਹਾ ਕਿ ਹਾਲ ਦੀਆਂ ਕੁਝ ਘਟਨਾਵਾਂ ਵਿਚ ਵਿਰੋਧੀ ਧਿਰ ਨੂੰ ਉਚਿਤ ਜਵਾਬ ਨਹੀਂ ਦਿੱਤਾ ਜਾ ਸਕਿਆ। ਉਹਨਾਂ ਨੇ ਵਿਰੋਧੀ ਧਿਰ ਦੇ ਦੋਸ਼ਾਂ 'ਤੇ ਮਜਬੂਤੀ ਦੇ ਨਾਲ ਤੱਥਾਂ ਸਮੇਤ ਜਵਾਬ ਦੇਣ ਲਈ ਕਿਹਾ।

ਮੋਦੀ ਨੇ ਮੁੱਖ ਮੰਤਰੀਆਂ ਦੇ ਸੋਸ਼ਲ ਮੀਡੀਆ ਤੇ ਜ਼ਿਆਦਾ ਐਕਟਿਵ ਨਾ ਹੋਣ ਤੇ ਨਰਾਜ਼ਗੀ ਪ੍ਰਗਟ ਕੀਤੀ। ਹਾਲਾਂਕਿ ਕਿਸੇ ਦਾ ਨਾਂ ਨਹੀਂ ਲਿਆ। ਬੈਠਕ ਵਿਚ ਮੌਜੂਦ ਪਾਰਟੀ ਪ੍ਰਧਾਨ ਅਮਿਤ ਸ਼ਾਹ ਨ ਵੀ ਮੁੱਖ ਮੰਤਰੀਆਂ ਨੂੰ ਹਦਾਇਤਾਂ ਕੀਤੀਆਂ। ਉਹਨਾਂ ਕਿਹਾ ਕਿ ਮੋਦੀ ਇੰਨੇ ਰੁੱਝੇ ਹੋਣ ਦੇ ਬਾਵਜੂਦ ਸੋਸ਼ਲ ਮੀਡੀਆ ਤੇ ਸਭ ਤੋਂ ਜ਼ਿਆਦਾ ਐਕਟਿਵ ਹਨ।

# ਚੌਥੀ ਰਾਜ ਪੱਧਰ ਗੱਤਕਾ ਚੈਂਪੀਅਨਸ਼ਿਪ ਵਿਚੋਂ ਜ਼ਿਲ੍ਹੇ ਤਰਨ ਤਾਰਨ ਦੇ ਖਿਡਾਰੀ ਜੇਤੂ

## ਪੰਜਾਬ ਭਰ 'ਚੋਂ ਤੀਸਰੇ ਸਥਾਨ ਦੀ ਟਰਾਫੀ 'ਤੇ ਕੀਤਾ ਕਬਜ਼ਾ

**ਭਿੱਖੀਵਿੰਡ (ਭੁਪਿੰਦਰ ਸਿੰਘ)** ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੀ ਅਗਵਾਈ ਹੇਠ ਪੰਜਾਬ ਗੱਤਕਾ ਐਸੋਸੀਏਸ਼ਨ ਵੱਲੋਂ ਤਿੰਨ ਦਿਨਾਂ ਚੌਥੀ ਰਾਜ ਪੱਧਰ ਗੱਤਕਾ ਚੈਂਪੀਅਨਸ਼ਿਪ ਇਤਿਹਾਸਿਕ ਧਰਤੀ ਮਾਛੀਵਾੜਾ ਸਾਹਿਬ ਵਿਖੇ ਕਰਵਾਈ ਗਈ। ਗੱਤਕਾ ਚੈਂਪੀਅਨਸ਼ਿਪ ਦਾ ਉਦਘਾਟਨ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਆਈ ਪੀ ਐਸ ਹਰਚਰਨ ਸਿੰਘ ਭੁੱਲਰ ਵੱਲੋਂ ਕੀਤਾ ਗਿਆ। ਗੱਤਕਾ ਚੈਂਪੀਅਨਸ਼ਿਪ ਵਿੱਚ ਪੰਜਾਬ ਭਰ ਦੇ ਪੰਦਰਾਂ ਜਿਲ੍ਹਿਆਂ ਤੋ 1000 ਦੇ ਕਰੀਬ ਖਿਡਾਰੀਆ ਨੇ ਭਾਗ ਲਿਆ ਜਿਸ ਵਿੱਚ ਜਿਲ੍ਹਾ ਤਰਨ ਤਾਰਨ ਦੇ 91 ਖਿਡਾਰੀਆ ਨੇ ਭਾਗ ਲਿਆ ਇਸ ਚੈਂਪੀਅਨਸ਼ਿਪ ਵਿੱਚ ਉਮਰ ਵਰਗ 14,17,19,22,25 ਸਾਲ ਦੇ ਲੜਕੇ ਅਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਪਹਿਲੇ ਦਿਨ ਹੋਏ ਉਮਰ ਵਰਗ 17 ਸਾਲ ਗੱਤਕਾ ਪ੍ਰਦਰਸ਼ਨ ਮੁਕਾਬਲਿਆਂ ਵਿੱਚ ਤਰਨ ਤਾਰਨ ਦੇ ਅੱਠ ਖਿਡਾਰੀਆ ਨੇ ਕਾਂਸੀ ਦਾ ਮੈਡਲ ਲੈ ਕੇ ਸ਼ੁਰੂਆਤੀ ਖਾਤਾ ਖੋਲ੍ਹਿਆ ਅਤੇ ਪਹਿਲੇ ਦਿਨ ਦੇ ਆਖਰੀ ਪੜਾਅ ਵਿੱਚ ਉਮਰ ਵਰਗ 25 ਸਾਲ ਟੀਮ ਈਵੇਂਟ ਫਰੀ ਸੋਟੀ ਵਿੱਚੋਂ ਗੁਰਵਿੰਦਰ ਸਿੰਘ, ਗੁਰਿੰਦਰ ਸਿੰਘ, ਮਨਮੀਤ ਸਿੰਘ, ਸੁਖਜਿੰਦਰ ਸਿੰਘ ਨੇ ਸਿਲਵਰ ਮੈਡਲ ਜਿੱਤਿਆਂ।

ਦੂਸਰੇ ਦਿਨ ਚਲੇ ਲੜਕੀਆਂ ਦੇ ਮੁਕਾਬਲਿਆਂ ਵਿੱਚ ਉਮਰ ਵਰਗ 17 ਸਾਲ ਟੀਮ ਈਵੇਂਟ ਸਿੰਗਲ ਸੋਟੀ ਵਿਚੋਂ ਹਰਪ੍ਰੀਤ ਕੋਰ, ਪਵਨਪ੍ਰੀਤ ਕੌਰ, ਦਲਜੀਤ ਕੌਰ ਨੇ ਕਾਂਸੀ ਦਾ ਮੈਡਲ, ਉਮਰ ਵਰਗ 19 ਸਾਲ ਫਰੀ ਸੋਟੀ ਟੀਮ ਈਵੇਂਟ ਵਿੱਚੋਂ ਮਨਰਾਜ ਕੋਰ, ਏਕਤਾਬੀਰ ਕੌਰ, ਅਸਮੀਨਾ, ਕਵਲਜੀਤ ਕੌਰ ਨੇ ਗੋਲਡ ਮੈਡਲ ਸਿੰਗਲ ਸੋਟੀ ਟੀਮ ਵਿੱਚ ਰਾਜਬੀਰ ਕੌਰ, ਨੇਹਾ ਰਾਣੀ, ਰਾਜਵਿੰਦਰ ਕੌਰ, ਨਵਦੀਪ ਕੋਰ ਨੇ ਕਾਂਸੀ ਦਾ ਮੈਡਲ ਵਿਅਕਤੀਗਤ ਸਿੰਗਲ ਸੋਟੀ ਵਿੱਚ ਨੇਹਾ ਰਾਣੀ ਨੇ ਕਾਂਸੀ ਦਾ ਮੈਡਲ ਹਾਸਿਲ ਕੀਤਾ।

ਇਸੇ ਤਰਾ ਉਮਰ ਵਰਗ 22 ਸਾਲ ਵਿੱਚ




ਵਿਅਕਤੀਗਤ ਪ੍ਰਦਰਸ਼ਨ ਵਿੱਚ ਅੰਜੂ ਨੇ ਕਾਂਸੀ ਦਾ ਮੈਡਲ ,ਵਿਅਕਤੀਗਤ ਸਿੰਗਲ ਸੋਟੀ ਵਿੱਚ ਕਿਰਨਜੀਤ ਕੌਰ ਨੇ ਕਾਸ਼ੀ ਦਾ ਮੈਡਲ , ਉਮਰ ਵਰਗ 25 ਸਾਲ ਟੀਮ ਈਵੇਂਟ ਸਿੰਗਲ ਸੋਟੀ ਵਿੱਚ ਪਰਨੀਤ ਕੌਰ, ਪੁਨੀਤ ਕੋਰ, ਰਾਜਵਿੰਦਰ ਕੌਰ, ਕਿਰਨਜੀਤ ਕੌਰ ਨੇ ਸਿਲਵਰ ਮੈਡਲ ਹਾਸਿਲ ਕੀਤਾ ।

ਤੀਸਰੇ ਤੇ ਆਖਰੀ ਦਿਨ ਜਿਲ੍ਹਾ ਤਰਨ ਤਾਰਨ ਦੇ ਖਿਡਾਰੀਆ ਦੇ ਲੁਧਿਆਣਾ ਅਤੇ ਪਟਿਆਲੇ ਨਾਲ ਬਹੁਤ ਫਸਵੇਂ ਮੁਕਾਬਲੇ ਹੋਏ ਜਿਸ ਵਿੱਚ ਉਮਰ ਵਰਗ 17 ਸਾਲ ਲੜਕੇ ਟੀਮ ਈਵੇਂਟ ਸਿੰਗਲ ਸੋਟੀ ਵਿੱਚ ਸੇਵਕਪ੍ਰੀਤ ਸਿੰਘ, ਪਵਨਦੀਪ ਸਿੰਘ, ਅਮਰਜੀਤ ਸਿੰਘ, ਗਗਨਦੀਪ ਸਿੰਘ ਨੇ ਲੁਧਿਆਣੇ ਦੀ ਟੀਮ ਨੂੰ ਹਰਾ ਕੇ ਗੋਲਡ ਮੈਡਲ ਹਾਸਿਲ ਕੀਤਾ, ਵਿਅਕਤੀਗਤ ਸਿੰਗਲ ਸੋਟੀ ਵਿੱਚ ਪਵਨਦੀਪ ਸਿੰਘ ਨੇ ਲੁਧਿਆਣੇ ਨੂੰ ਹਰਾ ਕੈ ਗੋਲਡ ਮੈਡਲ ਇਸੇ ਤਰਾ ਉਮਰ ਵਰਗ 19 ਸਾਲ ਟੀਮ ਫਰੀ ਸੋਟੀ ਵਿੱਚ ਜੁਗਰਾਜ ਸਿੰਘ, ਵਿਕਾਸ, ਲਵਪ੍ਰੀਤ ਸਿੰਘ, ਜ਼ੋਰਾਵਰ ਸ਼ਿੰਘ ਨੇ ਕਾਸ਼ੀ ਦਾ ਮੈਡਲ, ਸਿੰਗਲ ਸੋਟੀ ਟੀਮ ਈਵੇਂਟ ਵਿੱਚ ਗੁਰਦਵਿੰਦਰ ਸਿੰਘ, ਵਿਸ਼ਾਲ ਸਾਜਨ ਸਿੰਘ, ਅਮਿਤਪਾਲ ਸਿੰਘ ਨੇ ਲੁਧਿਆਣੇ ਤੋ ਫਾਇਨਲ ਮੈਚ ਜਿੱਤ ਕੇ ਗੋਲਡ ਮੈਡਲ, ਵਿਅਕਤੀਗਤ ਸਿੰਗਲ ਸੋਟੀ ਵਿੱਚ ਗੁਰਦਵਿੰਦਰ ਸਿੰਘ ਨੇ ਫਿਰ ਲੁਧਿਆਣੇ ਨੂੰ ਹਰਾ ਕੇ ਗੋਲਡ ਮੈਡਲ, ਉਮਰ ਵਰਗ 22 ਸਾਲ ਵਿੱਚ ਟੀਮ ਈਵੇਂਟ ਸਿੰਗਲ ਸੋਟੀ ਵਿੱਚ ਕਵਰਪਾਲ ਸਿੰਘ, ਬਲਰਾਜ ਸਿੰਘ, ਜਗਜੀਤ ਸਿੰਘ ਨੇ ਕਪੂਰਥਲਾ ਨੂੰ ਹਰਾ ਕੈ ਗੋਲਡ ਮੈਡਲ, ਉਮਰ ਵਰਗ 25 ਸਾਲ ਵਿਅਕਤੀਗਤ ਸਿੰਗਲ ਸੋਟੀ ਵਿੱਚੋਂ ਜਗਰੂਪ ਸਿੰਘ ਨੈ ਗੋਲਡ ਮੈਡਲ ਹਾਸਿਲ ਕੀਤਾ।

ਅਖੀਰ ਜੈਤੂ ਖਿਡਾਰੀਆ ਦੀ ਮਿਹਨਤ ਸਦਕਾ ਜਿਲ੍ਹਾ ਗੱਤਕਾ ਅਸੋਸੀਏਸ਼ਨ ਤਰਨ ਤਾਰਨ ਦੀ ਟੀਮ ਨੇ 38 ਅੰਕਾ ਨਾਲ ਚੈਂਪੀਅਨਸ਼ਿਪ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ। ਇਸ ਜਿੱਤ ਦੀ ਖੁਸੀ ਵਿੱਚ ਜਿ.ਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਅਤੇ ਸਮੂਹ ਜਿਲ੍ਹਾ ਗੱਤਕਾ ਅਸੋਸੀਏਸ਼ਨ ਨੇ ਸ਼ਮੂਹ ਗੱਤਕਾ ਖਿਡਾਰੀਆ, ਕੋਚ ਸਾਹਿਬਾਨਾਂ ਅਤੇ ਜੈਤੂ ਖਿਡਾਰੀਆ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਜਿਨਾਂ ਦੀ ਮਿਹਨਤ ਤੇ ਹੋਸਲੈ ਨਾਲ ਖਿਡਾਰੀਆ ਨੇ ਆਪਣੇ ਜ਼ਿਲ੍ਹੇ ਦਾ ਆਪਣੇ ਮਾਤਾ ਪਿਤਾ ਦਾ ਨਾਂ ਰੋਸ਼ਨ ਕੀਤਾ ਹੈ।


ਅਖੀਰ ਵਿੱਚ ਜਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਨੇ ਕਿਹਾ ਕਿ ਗੱਤਕੇ ਦੀ ਪ੍ਰਫੁਲਤਾ ਲਈ ਅਖਾੜੇਆ ਖੇਡ ਕਲੱਬਾ ਖੇਡ ਪ੍ਰਮੋਟਰਾਂ ਨੂੰ ਇਕਜੁਟਤਾ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਵਿਰਾਸਤੀ ਖੇਡਾ ਨਾਲ ਜੋੜ ਕੇ ਨਸ਼ਿਆਂ ਤੋ ਬਚਾਇਆ ਜਾ ਸਕੇ।

ਇਸ ਮੋਕੇ ਜੇਤੂ ਖਿਡਾਰੀਆ ਦਾ ਘਰ ਵਾਪਸੀ ਸਮੇ ਸੁਆਗਤ ਲਈ ਜਿ.ਲ੍ਹਾ ਗੱਤਕਾ ਐਸੋਸੀਏਸ਼ਨ ਤਰਨ ਤਾਰਨ ਦੇ ਸ਼ਮੂਹ ਆਹੁਦੇਦਾਰ ਮੀਤ ਪ੍ਰਧਾਨ ਭੁਪਿੰਦਰ ਸਿੰਘ, ਗੁਰਅਵਤਾਰ ਸਿੰਘ, ਜਨ-ਸਕੱਤਰ ਗੁਰਲਾਲ ਸਿੰਘ, ਸਕੱਤਰ ਬੂਟਾ ਸਿੰਘ, ਕੈਸ਼ੀਅਰ ਡਾ. ਕਰਨੈਲ ਸਿੰਘ, ਅਮਨਦੀਪ ਸਿੰਘ ਵਰਿੰਦਰ ਸਿੰਘ, ਪ੍ਰਬਦੀਪ ਸਿੰਘ, ਰਣਦੀਪ ਸਿੰਘ ਆਦਿ ਹਾਜਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।।

ਗੁਰ ਗ੍ਰੰਥ ਸਾਹਿਬ ਸਦੀਵੀ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਜੀ ਸਾਰੀ ਦੁਨੀਆਂ ਵਿਚ ਇਕ ਅਜਿਹਾ ਗ੍ਰੰਥ ਹੈ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਾਰੀ ਮਾਨਵ ਜਾਤੀ ਲਈ ਹੈ। 'ਉਪਦੇਸ਼ ਚਹੁੰ ਵਰਣ ਕਉ ਸਾਂਝਾ' ਦੇ ਮਹਾਨ ਕਥਨ ਅਨੁਸਾਰ ਅਧਿਆਤਮਕਤਾਂ ਜਨ ਕਲਿਆਣ ਲਈ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪ ਗੁਰੂ ਹਨ।



ਗੁਰੂਆਂ ਨੇ ਸਿੱਖਾਂ ਨੂੰ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ। ਸਦੀਵੀ ਸ਼ਬਦ ਰੂਪੀ ਗੁਰੂ ਹੈ। ਸਿੱਖ ਗੁਰੂਆਂ ਅਤੇ ਹੋਰ ਸੰਤਾਂ ਭਗਤਾਂ ਦੀ ਵਡਮੁੱਲੀ ਬਾਣੀ ਦੀ ਸਿੱਖਿਆ ਦਾ ਅਨਮੋਲ ਖਜ਼ਾਨਾ ਹੈ। ਇਸਦਾ ਰੋਜ਼ਾਨਾ ਪ੍ਰਕਾਸ਼ ਅਤੇ ਸੁੱਖ-ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਸਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਹੋ ਕ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤੇ ਸਿੱਖ ਬਾਣੀਕਾਰਾਂ ਦੀ ਪਵਿੱਤਰ ਬਾਣੀ ਰਚਨਾ ਨੂੰ ਸੰਭਾਲਿਆ ਗਿਆ। ਗੁਰ ਗ੍ਰੰਥ ਸਾਹਿਬ ਦੀ ਬਾਣੀ ਰੱਬੀ ਬਾਣੀ ਹੈ, ਜੋ ਪ੍ਰਚੱਲਿਤ ਲੋਕ ਭਾਸ਼ਾਵਾਂ, ਸੰਤ ਭਾਸ਼ਾ ਸਾਹਿਤ ਦੀ ਉਮਦਾ ਵੰਨਗੀ ਕਾਵਿ ਰੂਪ ਵਿਚ ਹੈ। ਇਸ ਪ੍ਰਮਾਤਮਾ ਦੀ ਉਸਤੱਤ ਨੂੰ ਜਦੋਂ ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ ਤਾਂ ਇਸ ਦੀ ਵਾਰਤਕ ਵਿਆਖਿਆ ਰਾਸ ਨੂੰ ਇਕੱਲੀ ਢਾਰਸ ਜਾਂ ਧੀਰਜ ਹੀ ਨਹੀਂ ਮਾਨਸਿਕ ਤਸੱਲੀ ਵੀ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਪੋਥੀ ਰੂਪ ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੌਂਪੀ ਗਈ, ਫਿਰ ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ ਤੋਂ ਇਕੱਤਰ ਹੁੰਦੀ ਗਈ ਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਨੇ ਕੀਤਾ। ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਸਾਹਿਬ ਦੀ ਅਗਵਾਈ ਹੇਠ ਪਾਵਨ ਬੀੜ ਲਿਖਣ ਦੀ ਸੇਵਾ ਰਾਮ ਸਰੋਵਰ ਕੰਢੇ ਨਿਭਾਈ, ਜਿੱਥੇ ਰਾਮਸਰ ਗੁਰਦੁਆਰਾ ਸੁਸ਼ੋਭਿਤ ਹੈ। ਗੁਰੂ ਅਰਜਨ ਦੇਵ ਸਾਹਿਬ ਨੇ ਗੁਰੂਆਂ ਦੀ ਬਾਣੀ ਦਰਜ ਕਰਨ ਤੋਂ ਬਾਅਦ ਭਗਤਾਂ, ਸੰਤਾਂ, ਬਾਣੀਕਾਰਾਂ, ਭੱਟਾਂ ਦੀ ਬਾਣੀ ਵੀ ਦਰਜ ਕੀਤੀ ਅਤੇ 31 ਰਾਗਾਂ ਦੀ ਤਰਤੀਬ ਦਿੱਤੀ। ਸੰਪਾਦਨਾ 1604 ਈ: ਨੂੰ ਸੰਪੰਨ ਹੋਈ।

ਇਸਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਏਕਮ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਨਾਲ ਸੰਗਤਾਂ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੀਆਂ।

ਜੋ ਹੁਕਮ ਪ੍ਰਾਪਤ ਹੋਇਆ- ਸੂਹੀ ਮਹਲਾ ਪ11 ਸੰਤਾ ਕੇ ਕਾਰ ਜਿ ਆਪਿ ਖਲੋਰਿਆ ਹਰਿ ਕੰਮੁ ਕਰਾਵਨਿ ਆਇਆ ਰਾਮ।।

ਪੰਨਾ 783

ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਸਾਹਿਬ ਦਾ ਦਰਜਾ ਦਿੱਤਾ। ਦਸਮ ਪਿਤਾ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਉਤਾਰੇ ਸੰਗਤਾਂ ਵਿਚ ਵੰਡੇ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮਟੀ ਵੱਲੋਂ 1430 ਅੰਗਾਂ ਵਾਲੀ ਬੀੜ ਨੂੰ ਛਾਪਣ ਦੀ ਮਾਨਤਾ ਪ੍ਰਾਪਤ ਹੈ।

ਅਕਤੂਬਰ 1708 ਈ: ਨੂੰ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤ ਸਮਾਉਣ ਵੇਲੇ ਨੰਦੇੜ ਸਾਹਿਬ ਵਿਖੇ ਗੁਰਿਆਈ ਆਦਿ ਗ੍ਰੰਥ ਨੂੰ ਸੌਂਪੀ ਅਤੇ ਨਾਮ ਗੁਰੂ ਗ੍ਰੰਥ ਸਾਹਿਬ ਹੋ ਗਿਆ। ਉਹਨਾਂ ਨੇ ਸਮੁੱਚੇ ਪੰਥ ਨੂੰ ਗੁਰੂ ਗ੍ਰੰਥ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਹੀ ਹਰ ਸਿੱਖ ਦੇ ਗੁਰੂ ਹਨ। ਜੋ ਹਰ ਇਕ ਦੀਆਂ ਸਮਾਜਿਕ ਅਤੇ ਧਾਰਮਿਕ ਆਸਾਂ ਪੂਰੀਆਂ ਕਰਦੇ ਹਨ।

ਸਿੱਖ ਪੰਥ ਦਾ ਗੁਰੂ ਗ੍ਰੰਥ ਸਾਹਿਬ ਵਿਚ ਹਮੇਸ਼ਾ ਪੂਰਨ ਵਿਸ਼ਵਾਸ ਰਿਹਾ ਹੈ ਅਤੇ ਹਰ ਔਕੜ ਸੰਘਰਸ਼ ਵਿਚ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਤੇ ਮਾਣ ਰਿਹਾ ਹੈ ਅਤੇ ਹਰ ਅਗਵਾਈ ਪ੍ਰਾਪਤ ਕੀਤੀ ਹੈ। ਇੱਥੋਂ ਤੱਕ ਕਿ ਸ਼ਹੀਦੀਆਂ ਦੀ ਸੇਧ ਵੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਪ੍ਰਾਪਤ ਹੋਈ ਹੈ 'ਜਉ ਤਉ ਪ੍ਰੇਮ ਖੇਲਣ ਕਾ ਚਾਓ।। ਸਿਰੁ ਧਰਿ ਤਲੀ ਗਲੀ ਮੇਰੀ ਆਓ।।' ਸਿੱਖ ਪੰਥ ਲਈ ਸ਼ਹੀਦੀਆਂ ਸਿਰਫ ਮਰਦਾਂ ਨੇ ਹੀ ਨਹੀਂ ਦਿੱਤੀਆਂ ਸਗੋਂ ਇਸਤਰੀਆਂ ਅਤੇ ਬੱਚੇ ਵੀ ਕੁਰਬਾਨ ਹੋਏ, ਜੋ ਗਾਉਂਦੇ ਰਹੇ 'ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਇ।'

ਮਹਾਰਾਜਾ ਰਣਜੀਤ ਸਿੰਘ ਨੇ ਸੁਤੰਤਰ ਖਾਲਸਾ ਸਾਮਰਾਜ ਸਥਾਪਤ ਕੀਤਾ। ਉਹਨਾਂ ਦਾ ਜੀਵਨ ਅਤੇ ਰਾਜ ਪ੍ਰਬੰਧ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਰਣਜੀਤ ਸਿੰਘ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇਕ ਗ੍ਰੰਥ ਹੈ। ਇਸ ਤੋਂ ਇਲਾਵਾ ਕਿਸੇ ਮੂਰਤੀ ਜਾਂ ਦੇਹਧਾਰੀ ਨੂੰ ਨਹੀਂ ਮੰਨਿਆ ਜਾਂਦਾ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।।
ਗੁਰਬਾਣੀ ਕਹੈ ਸੇਵਕ ਜਨੁ ਮਾਨੈਂ ਪਰਤਖਿ ਗੁਰੂ ਨਿਸਤਾਰੇ।।

## ਪ੍ਰਵਾਸੀ ਪੰਜਾਬੀਆਂ ਨੇ ਕੀਤੀ ਅੰਮ੍ਰਿਤਸਰ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਸਿੱਧੀਆਂ ਉਡਾਣਾਂ ਦੀ ਪੁਰਜ਼ੋਰ ਮੰਗ

**ਅੰਮ੍ਰਿਤਸਰ-** ਹਰਿਆਣਾ ਦੀਆਂ ਹਿੰਸਕ ਵਾਰਦਾਤਾਂ ਨੂੰ ਵੇਖਦੇ ਹੋਏ, ਪ੍ਰਵਾਸੀ ਪੰਜਾਬੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡਾ, ਅੰਮਿਤਸਰ ਤੋਂ ਯੂਰਪ, ਕੈਨੇਡਾ, ਅਮਰੀਕਾ ਤੇ ਹੋਰਨਾਂ ਮੁਲਕਾਂ ਨੂੰ ਸਿੱਧੀਆਂ ਉਡਾਣਾ ਸ਼ੁਰੂ ਕਰਨ ਦੀ ਪੂਰਜੋਰ ਮੰਗ ਕੀਤੀ ਹੈ। ਜਦੋਂ ਵੀ ਹਰਿਆਣਾ ਵਿਚ ਕੋਈ ਅਣਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਰਕਾਰ ਵਲੋਂ ਸੜਕੀ ਅਤੇ ਰੇਲ ਸੇਵਾਵਾਂ ਠੱਪ ਕਰ ਦਿੱਤੀਆਂ ਜਾਂਦੀਆਂ ਹਨ, ਜਿਸ ਨਾਲ ਦਿੱਲੀ ਹਵਾਈ ਅੱਡੇ ਤੋਂ ਪ੍ਰਵਾਸੀਆਂ ਦਾ ਪੰਜਾਬ ਪਹੁੰਚਣਾ ਬੜਾ ਜੋਖਮ ਭਰਿਆ ਹੋ ਜਾਂਦਾ ਹੈ। ਜਾਟ ਅੰਦੋਲਨ ਤੋਂ ਬਾਦ ਹੁਣ ਡੇਰਾ ਸਿਰਸਾ ਦੇ ਮੁਖੀ ਨੂੰ ਸਜ਼ਾ ਸੁਣਾਏ ਜਾਣ ਪਿੱਛੋਂ ਹਿੰਸਕ ਘਟਨਾਵਾਂ ਨੇ ਇਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਕਿ ਪੰਜਾਬੀਆਂ ਲਈ ਹਰਿਆਣੇ ਵਿਚੋਂ ਲੰਘਣਾ ਖ਼ਤਰੇ ਤੋਂ ਖਾਲੀ ਨਹੀਂ। ਦਿੱਲੀ ਹਵਾਈ ਅੱਡੇ ਤੋਂ ਆਉਣ ਤੇ ਜਾਣ ਵਾਲੇ ਯਾਤਰੀਆਂ ਵਿਚ 40 ਗ਼ ਦੇ ਕਰੀਬ ਪੰਜਾਬ, ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਆਦਿ ਸੂਬਿਆਂ ਤੋਂ ਹੁੰਦੇ ਹਨ। ਇਸ ਲਈ ਲੋੜ ਹੈ ਕਿ ਅੰਮ੍ਰਿਤਸਰ ਤੋਂ ਜਿੱਥੇ ਏਅਰ ਇੰਡੀਆ ਤੇ ਜੈਟ ਏਅਰਵੇਜ਼ ਸਿੱਧੀਆਂ ਅੰਤਰ-ਰਾਸ਼ਟਰੀ ਉਡਾਣਾਂ ਸ਼ੁਰੂ ਕਰਨ, ਉੱਥੇ ਵਿਦੇਸ਼ਾਂ ਦੀਆਂ ਹਵਾਈ ਕੰਪਨੀਆਂ ਜਿਵੇਂ ਐਮੀਰੇਟਸ, ਏਤੀਹਾਦ, ਫਲਾਈ ਦੁਬਈ, ਓਮਾਨ ਏਅਰ, ਟਰਕਿਸ਼ ਤੇ ਹੋਰਨਾਂ ਨੂੰ ਆਗਿਆ ਦਿੱਤੀ ਜਾਵੇ। ਪ੍ਰਵਾਸੀ ਪੰਜਾਬੀ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਵਿਦੇਸ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਫਲਾਈ ਦੁਬਈ, ਓਮਾਨ ਏਅਰ ਅਤੇ ਕਤਰ ਏਅਰਵੇਜ਼ ਨਾਲ ਗੱਲਬਾਤ ਵੀ ਕੀਤੀ ਹੈ। ਇਹਨਾਂ ਦੀਆਂ ਉਡਾਣਾਂ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਨੂੰ ਜਾਂਦੀਆਂ ਹਨ। ਇਹਨਾਂ ਹਵਾਈ ਕੰਪਨੀਆਂ ਦਾ ਕਹਿਣਾ ਹੈ ਕਿ ਉਹ ਅੰਮ੍ਰਿਤਸਰ ਨੂੰ ਉਡਾਣਾਂ ਸ਼ੁਰੂ ਕਰਨ ਵਾਸਤੇ ਤਿਆਰ ਹਨ ਪਰ ਭਾਰਤ ਨਾਲ ਹਵਾਈ ਸਮਝੋਤੇ ਤਹਿਤ ਉਹ ਦੁਬਈ ਅਤੇ ਮਸਕਟ ਤੋਂ ਅੰਮ੍ਰਿਤਸਰ ਵਾਸਤੇ ਉਡਾਣਾਂ ਨਹੀਂ ਭਰ ਸਕਦੇ।

ਦੋਹਾਂ ਮੁਲਕਾਂ ਦੇ ਸਮਝੋਤੇ ਅਨੁਸਾਰ ਉਹਨਾਂ ਦੀਆਂ ਹਰ ਹਫਤੇ ਦੀਆਂ ਸੀਟਾਂ ਵੀ ਪੂਰੀਆਂ ਹੋ ਚੁਕੀਆਂ ਹਨ ਅਤੇ ਭਾਰਤ ਸਰਕਾਰ ਯੂ.ਏ.ਈ. ਅਤੇ ਭਾਰਤ ਵਿਚਕਾਰ ਸੀਟਾਂ ਵਧਾਣ ਨੂੰ ਤਿਆਰ ਨਹੀਂ ਹੈ। ਇਹ ਸਭ ਕੁੱਝ ਭਾਰਤ ਦੀਆਂ ਹਵਾਈ ਕੰਪਨੀਆਂ ਦੇ ਦਬਾਅ ਹੇਠ ਕੀਤਾ ਜਾ ਰਿਹਾ ਹੈ। ਇਹੀ ਕਾਰਨ ਕਤਰ ਏਅਰਵੇਜ਼ ਨੇ ਦਿਤਾ ਹੈ ਜੋ ਕਿ ਇਥੋਂ ਇਕ ਹੋਰ ਉਡਾਣ ਸ਼ੁਰੂ ਕਰਨ ਨੂੰ ਤਿਆਰ ਹੈ ਪਰ ਭਾਰਤ ਸਰਕਾਰ ਉਹਨਾਂ ਨੂੰ ਇਜਾਜਤ ਨਹੀਂ ਦੇ ਰਹੀ।

ਇਸ ਸਮੇਂ ਅੰਮ੍ਰਿਤਸਰ ਤੋਂ ਤੁਰਕਮੇਨੀਸਤਾਨ, ਉਜ਼ਬੇਕੀਸਤਾਨ, ਸਕੂਟ, ਮਲਿਡੋਂ, ਸਪਾਈਸ ਜੈਟ, ਏਅਰ ਇੰਡੀਆਂ ਐਕਸਪ੍ਰੇਸ ਤੇ ਕਤਰ ਏਅਰਵੇਜ਼ ਦੀਆਂ ਸਿੱਧੀਆਂ ਉਡਾਣਾਂ ਚਲਦੀਆਂ ਹਨ ਜੋ ਕਿ ਭਰੀਆਂ ਜਾਂਦੀਆਂ ਹਨ। ਮੰਗ ਬਹੁਤ ਜਿਆਦਾ ਹੋਣ ਕਰਕੇ ਪੰਜਾਬੀਆਂ ਨੂੰ ਇਹਨਾਂ ਉਡਾਣਾਂ ਵਿਚ ਸੀਟਾਂ ਨਹੀਂ ਮਿਲਦੀਆਂ ਤੇ ਉਹਨਾਂ ਨੂੰ ਮਜਬੂਰ ਹੋ ਕੇ ਦਿਲੀ ਖੱਜਲ-ਖੁਆਰ ਹੋਣਾ ਪੈਂਦਾ ਹੈ। ਤਰਾਸਦੀ ਇਹ ਹੈ ਕਿ ਪੰਜਾਬ ਤੋਂ ਏਨੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਵੀ ਏਅਰ ਇੰਡੀਆ ਤੇ ਜੈਟ ਏਅਰਵੇਜ਼ ਇੱਥੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਨੂੰ ਤਿਆਰ ਨਹੀਂ। ਮੰਚ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿੱਧੀਆਂ ਉਡਾਣਾਂ ਵਾਸਤੇ ਪਾਈ ਲੋਕ ਹਿਤ ਪਟੀਸ਼ਨ ਦੇ ਜਵਾਬ ਵਿਚ ਉਹਨਾਂ ਨੇ ਇਥੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ।

AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਮੋਦੀ ਸਾਹਬ! ਕਿੱਥੇ ਗਈ ਪਾਰਦਰਸ਼ਤਾ?

**ਵੱਖੋ-ਵੱਖ ਧਰਮਾਂ, ਜਾਤਾਂ, ਭਾਸ਼ਾਵਾਂ ਵਾਲਾ ਬਹੁਲਤਾਵਾਦੀ, ਧਰਮ-ਨਿਰਪੱਖ ਦੇਸ਼ ਭਾਰਤ ਅੱਜ ਭ੍ਰਿਸ਼ਟਾਚਾਰ ਨਾਲ ਲੱਥਪੱਥ ਹੈ। ਇਸ ਦੇਸ਼ 'ਚ ਨਵੀਂ ਮੋਦੀ ਸਰਕਾਰ ਨੇ ਪਾਰਦਰਸ਼ਤਾ ਲਿਆਉਣ ਦਾ ਜੋ ਢੰਡੋਰਾ ਪਿੱਟਿਆ ਸੀ, ਉਹ 2014 ਤੋਂ 2017 ਦੇ ਅੱਧ ਦੇ ਬੀਤਣ ਤੋਂ ਬਾਅਦ ਬੇਪਰਦ ਹੋ ਰਿਹਾ ਹੈ। ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਤੇ ਲੱਖਾਂ ਨੌਕਰੀਆਂ ਦੇਣ ਦੇ ਵਾਅਦੇ ਮਿੱਟੀ 'ਚ ਰੁਲ ਚੁੱਕੇ ਹਨ। ਆਮ ਲੋਕਾਂ ਨੂੰ ਤਾਂ ਪਾਰਦਰਸ਼ਤਾ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਉਹਨਾਂ ਨੂੰ ਬਿਨਾਂ ਪੈਨ ਕਾਰਡ, ਆਧਾਰ ਕਾਰਡ ਦੇ ਲੈਣ-ਦੇਣ ਨਾ ਕਰਨ ਦਾ ਉਪਦੇਸ਼-ਆਦੇਸ਼ ਦਿੱਤਾ ਜਾ ਰਿਹਾ ਹੈ, ਤਾਂ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਲੜੀ ਜਾ ਸਕੇ, ਪਰ ਕੀ ਭਾਜਪਾ ਨੇ ਜਾਂ ਮੋਦੀ ਸਰਕਾਰ ਨੇ ਆਪਣੇ ਕੰਮਾਂ-ਕਾਰਾਂ 'ਚ ਪਾਰਦਰਸ਼ਤਾ ਲਿਆਉਣ ਲਈ ਕੋਈ ਉੱਦਮ ਕੀਤਾ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

2014 ਦੀਆਂ ਲੋਕ ਸਭਾ ਚੋਣਾਂ ਸਮੇਂ ਭਾਜਪਾ ਦੇ ਮੁੱਖ ਨੇਤਾਵਾਂ ਨੇ ਭ੍ਰਿਸ਼ਟਾਚਾਰ ਅਤੇ ਭੈੜੇ ਰਾਜ ਪ੍ਰਬੰਧ ਦੇ ਵਿਰੁੱਧ ਤਿੱਖੀ ਆਵਾਜ਼ ਉਠਾਈ ਸੀ। ਵੱਡੀ ਬਿਆਨਬਾਜ਼ੀ ਕੀਤੀ ਸੀ। ਕਾਂਗਰਸ-ਮੁਕਤ ਭਾਰਤ ਦਾ ਨਾਹਰਾ ਦਿੱਤਾ ਸੀ। ਭਾਜਪਾ ਨੂੰ ਬਹੁਮੱਤ ਮਿਲਿਆ। ਇਹ ਪਹਿਲਾ ਮੌਕਾ ਸੀ ਪਿਛਲੇ ਤੀਹ ਵਰ੍ਹਿਆਂ 'ਚ ਕਿ ਕਿਸੇ ਇੱਕ ਸਿਆਸੀ ਪਾਰਟੀ ਨੂੰ ਲੋਕ ਸਭਾ 'ਚ ਬਹੁਮੱਤ ਮਿਲਿਆ ਹੋਵੇ। ਭਾਜਪਾ ਦਾ ਜੇਤੂ ਰੱਥ, ਜਿਸ ਨੂੰ ਆਰ ਐੱਸ ਐੱਸ ਦੇ ਸਾਰਥੀ ਚਲਾ ਰਹੇ ਸਨ, 'ਅਬ ਕੀ ਬਾਰ, ਮੋਦੀ ਸਰਕਾਰ' ਦੇ ਨਾਹਰੇ ਨਾਲ ਦੇਸ਼ ਦਾ ਦਿਲ ਕਹੇ ਜਾਂਦੇ ਦਿੱਲੀ ਉੱਤੇ ਕਾਬਜ਼ ਹੋ ਗਿਆ। ਇੱਕ ਵਰ੍ਹਾ ਵੀ ਨਹੀਂ ਸੀ ਬੀਤਿਆ ਕਿ ਦਿੱਲੀ ਵਿੱਚ ਭਾਜਪਾ ਨੂੰ ਕੇਜਰੀਵਾਲ ਹੱਥੋਂ ਸ਼ਰਮਨਾਕ ਹਾਰ ਮਿਲੀ। ਬਿਹਾਰ ਵਿੱਚ ਵਿਰੋਧੀ ਧਿਰ ਦੇ ਮਹਾਂ-ਗੱਠਬੰਧਨ ਸਾਹਮਣੇ ਭਾਜਪਾ ਖੜ ਨਾ ਸਕੀ। ਇਹ 'ਜੋ ਗਰਜਤੇ ਹੈਂ ਵੋਹ ਬਰਸਤੇ ਨਹੀਂ' ਦੀਆਂ ਨੀਤੀਆਂ ਦਾ ਸਿੱਟਾ ਸੀ, ਕਿਉਂਕਿ ਵਾਅਦੇ ਵਫਾ ਨਾ ਕਰ ਸਕੀ ਮੋਦੀ ਸਰਕਾਰ, ਪਰ ਭਾਜਪਾ ਨੇ ਈਨ ਨਾ ਮੰਨੀ। ਇਸੇ ਲਈ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਉਸ ਵੱਲੋਂ ਕਮਰਕੱਸੇ ਕੀਤੇ ਜਾ ਰਹੇ ਹਨ। ਉਸ ਵੱਲੋਂ ਵਿਕਾਊ ਲੋਕਾਂ ਨੂੰ ਆਪਣੇ ਪਾਲੇ ਵਿੱਚ ਕਰਨ ਦੀ ਨੀਤੀ ਆਰੰਭ ਦਿੱਤੀ ਗਈ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਮਹਾਂ-ਗੱਠਬੰਧਨ ਤੋਂ ਭੰਨ-ਤੋੜ ਕੇ ਆਪਣੇ ਨਾਲ ਰਲਾ ਲਿਆ ਗਿਆ ਹੈ। 'ਆਇਆ ਰਾਮ, ਗਿਆ ਰਾਮ' ਦੀ ਸਿਆਸਤ ਦੇਸ਼ ਭਰ 'ਚ ਮੋਦੀ-ਸ਼ਾਹ ਜੋੜੀ ਵੱਲੋਂ ਪ੍ਰਫੁੱਲਤ ਕਰਨ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ।

ਨੋਟ-ਬੰਦੀ, ਜੀ ਐੱਸ ਟੀ ਜਿਹੇ ਦੇਸ਼-ਵਿਆਪੀ 'ਵੱਡੇ ਕਦਮ' ਚੁੱਕਣ ਉਪਰੰਤ ਮੋਦੀ ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਦੇਸ਼ ਵਿੱਚੋਂ ਨੋਟ-ਬੰਦੀ ਨਾਲ ਜਾਅਲੀ ਕਰੰਸੀ ਖ਼ਤਮ ਕਰ ਦਿੱਤੀ ਗਈ ਹੈ, ਅੱਤਵਾਦੀਆਂ ਕੋਲ ਜਾਂਦੇ ਪੈਸੇ ਦਾ ਰਾਹ ਬੰਦ ਕਰ ਦਿੱਤਾ ਗਿਆ ਹੈ, ਕਾਲੇ ਧਨ ਦਾ ਦੇਸ਼ ਵਿੱਚੋਂ ਨਾਮੋ-ਨਿਸ਼ਾਨ ਮਿਟਾ ਦਿੱਤਾ ਗਿਆ ਹੈ। ਕੀ ਸੱਚਮੁੱਚ ਇਵੇਂ ਹੋਇਆ ਹੈ?

ਦੇਸ਼ ਦੇ ਉਹਨਾਂ ਲੋਕਾਂ ਬਾਰੇ ਮੋਦੀ ਸਰਕਾਰ ਦਾ ਕੀ ਕਹਿਣਾ ਹੈ, ਜਿਹੜੇ ਨੋਟ-ਬੰਦੀ ਕਾਰਨ ਆਪਣਾ ਰੁਜ਼ਗਾਰ ਗੁਆ ਬੈਠੇ; ਛੋਟੇ ਕਾਰੋਬਾਰੀ, ਵਪਾਰੀ, ਉਦਯੋਗਪਤੀ ਕਰਜ਼ਾਈ ਹੋ ਗਏ; ਨਿੱਤ ਦਿਨ ਰੋਟੀ ਕਮਾ ਕੇ ਖਾਣ ਵਾਲਿਆਂ ਨੂੰ ਦੋ ਡੰਗ ਰੋਟੀ ਦੇ ਲਾਲੇ ਪੈ ਗਏ? 'ਇੱਕ ਦੇਸ਼, ਇੱਕ ਟੈਕਸ' ਦੇ ਜੀ ਐੱਸ ਟੀ ਫ਼ਾਰਮੂਲੇ ਨੂੰ ਦੇਸ਼ ਵਿੱਚ ਟੈਕਸ ਦਾਤਿਆਂ ਲਈ ਵੱਡੀ ਰਾਹਤ ਅਤੇ ਦੇਸ਼ ਹਿੱਤ 'ਚ ਪ੍ਰਚਾਰਿਆ ਜਾ ਰਿਹਾ ਹੈ। ਖੇਤੀ ਸੈਕਟਰ ਉੱਤੇ ਇਸ ਦਾ ਕੀ ਪ੍ਰਭਾਵ ਪਿਆ? ਆਮ ਛੋਟਾ ਵਪਾਰੀ ਕੀ ਇਸ ਨਾਲ ਪਿੱਸ ਤਾਂ ਨਹੀਂ ਰਿਹਾ? ਇੰਸਪੈਕਟਰਾਂ ਨੂੰ ਇਸ ਰਾਹੀਂ ਲੋਕਾਂ ਨੂੰ ਲੁੱਟਣ ਦਾ ਵੱਡਾ ਜ਼ਰੀਆ ਤਾਂ ਨਹੀਂ ਦੇ ਦਿੱਤਾ ਗਿਆ? ਕੀ ਇਸ ਬਾਰੇ ਮੋਦੀ ਸਰਕਾਰ ਕੁਝ ਕਹਿਣ ਦੇ ਯੋਗ ਵੀ ਹੈ, ਕਿਉਂਕਿ ਨੋਟ-ਬੰਦੀ ਵਾਂਗ ਜੀ ਐੱਸ ਟੀ ਨੇ ਵੀ ਦੇਸ਼ ਵਿੱਚ ਅਫਰਾ-ਤਫਰੀ ਦਾ ਮਾਹੌਲ ਪੈਦਾ ਕੀਤਾ ਹੈ, ਕਿਉਂਕਿ ਇਹ ਬਿਨਾਂ ਪੂਰੀ ਤਿਆਰੀ ਦੇ ਚੁੱਕਿਆ ਗਿਆ ਕਦਮ ਸੀ, ਜਿਸ ਦੇ ਸਾਰੇ ਪੱਖ ਪਹਿਲਾਂ ਹੀ ਵਿਚਾਰੇ ਨਾ ਗਏ? ਕਾਰਪੋਰੇਟ ਸੈਕਟਰ ਦੇ ਉਹਨਾਂ ਲੋਕਾਂ ਦੇ ਢਿੱਡ ਭਰਨ ਲਈ ਹੀ ਸ਼ਾਇਦ ਇਹ ਕਦਮ ਚੁੱਕਿਆ ਗਿਆ, ਜਿਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ 2014 'ਚ ਮੋਦੀ ਲਹਿਰ ਉਸਾਰਨ ਅਤੇ ਦੇਸ਼ ਉੱਤੇ ਮੋਦੀ ਦਾ ਕਬਜ਼ਾ ਕਰਾਉਣ ਦੀ ਯੋਜਨਾ ਨੂੰ ਵਿਧੀ-ਬੱਧ ਢੰਗ ਨਾਲ ਪ੍ਰਚਾਰਿਆ, ਧਨ ਖ਼ਰਚਿਆ ਅਤੇ ਮੌਕੇ ਦੀ ਸਰਕਾਰ ਵਿਰੁੱਧ ਇੱਕ ਲਾਬੀ ਬਣਾ ਕੇ ਕੰਮ ਕੀਤਾ, ਤਾਂ ਕਿ ਅਗਲੀ ਸਰਕਾਰ ਆਪਣੇ ਢੰਗ ਦੀ ਬਣਾ ਸਕਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਉਸ ਸਰਕਾਰ ਰਾਹੀਂ ਕਰ ਸਕਣ। ਇਹ ਲੋਕ ਦੇਸ਼ ਦੇ ਕਰ ਦਾਤਿਆਂ ਦਾ ਅਰਬਾਂ ਰੁਪਿਆ ਪਹਿਲਾਂ ਹੀ ਹੜੱਪਣ ਲਈ ਮਸ਼ਹੂਰ ਸਨ।

ਕਾਰਪੋਰੇਟ ਸੈਕਟਰ ਦੇ ਇੱਕ ਧੁਰੰਤਰ ਉਦਯੋਗਪਤੀ ਅਡਾਨੀ ਦੀ ਕੰਪਨੀ ਨੇ ਪਿਛਲੇ ਦਿਨੀਂ 1500 ਕਰੋੜ ਰੁਪਏ ਦਾ ਟੈਕਸ ਬਾਹਰਲੇ ਟੈਕਸ ਚੋਰਾਂ ਦੇ ਸਵਰਗ ਦੇਸ਼ 'ਚ ਭੇਜ ਦਿੱਤਾ, ਜਿਸ ਬਾਰੇ ਬਰਤਾਨਵੀ ਅਖ਼ਬਾਰ 'ਦਿ ਗਾਰਡੀਅਨ' ਵਿੱਚ ਰਿਪੋਰਟ ਛਪੀ ਹੈ ਅਤੇ ਇਸ ਟੈਕਸ ਚੋਰੀ ਦਾ ਵੇਰਵਾ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ ਨੇ ਇੱਕ ਰਿਪੋਰਟ ਵਿੱਚ ਕੀਤਾ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਅਡਾਨੀ ਗਰੁੱਪ ਨੇ ਮਹਾਰਾਸ਼ਟਰ ਦੇ ਇੱਕ ਬਿਜਲੀ ਪ੍ਰਾਜੈਕਟ ਲਈ ਸਿਫ਼ਰ ਜਾਂ ਬਹੁਤ ਘੱਟ ਡਿਊਟੀ ਵਾਲੇ ਸਾਮਾਨ ਦੀ ਦਰਾਮਦ ਕੀਤੀ ਅਤੇ ਉਸ ਦੀ ਕੀਮਤ ਅਸਲ ਕੀਮਤ ਤੋਂ ਕਈ ਗੁਣਾਂ ਵਧਾ ਕੇ ਦਿਖਾਈ, ਤਾਂ ਜੁ ਬੈਂਕਾਂ ਤੋਂ ਕਰਜ਼ੇ ਦੇ ਰੂਪ ਵਿੱਚ ਲਿਆ ਪੈਸਾ ਵਿਦੇਸ਼ ਭੇਜਿਆ ਜਾ ਸਕੇ। ਰਿਪੋਰਟ ਅਨੁਸਾਰ ਅਡਾਨੀ ਗਰੁੱਪ ਨੇ ਡੁਬੱਈ ਦੀ ਇੱਕ ਜਾਲ੍ਹੀ ਕੰਪਨੀ ਰਾਹੀਂ ਅਰਬਾਂ ਰੁਪਏ ਦਾ ਸਾਮਾਨ ਮਹਾਰਾਸ਼ਟਰ ਦੇ ਇੱਕ ਬਿਜਲੀ ਪ੍ਰਾਜੈਕਟ ਲਈ ਮੰਗਵਾਇਆ ਅਤੇ ਮਗਰੋਂ ਕੰਪਨੀ ਨੇ ਉਹੀ ਸਾਮਾਨ ਕਈ ਗੁਣਾਂ ਜ਼ਿਆਦਾ ਕੀਮਤ 'ਤੇ ਅਡਾਨੀ ਗਰੁੱਪ ਨੂੰ ਵੇਚ ਦਿੱਤਾ ਅਤੇ ਇਸ ਸਾਮਾਨ ਦੀ ਕੀਮਤ ਬਿੱਲ 'ਚ 4 ਗੁਣਾਂ ਜ਼ਿਆਦਾ ਦਿਖਾਈ। ਇਸੇ ਪੈਸੇ ਨੂੰ ਅਡਾਨੀ ਗਰੁੱਪ ਨੇ ਦੱਖਣੀ ਕੋਰੀਆ ਅਤੇ ਡੁਬੱਈ ਦੀਆਂ ਕੰਪਨੀਆਂ ਰਾਹੀਂ ਮਾਰੀਸ਼ਸ ਸਥਿਤ ਇੱਕ ਟਰੱਸਟ ਨੂੰ ਭੇਜਿਆ, ਜਿਸ 'ਤੇ ਅਡਾਨੀ ਗਰੁੱਪ ਦੇ ਸੀ ਈ ਓ ਗੌਤਮ ਅਡਾਨੀ ਦੇ ਵੱਡੇ ਭਰਾ ਵਿਨੋਦ ਅਡਾਨੀ ਦਾ ਕੰਟਰੋਲ ਹੈ।

ਵੱਖੋ-ਵੱਖ ਧਰਮਾਂ, ਜਾਤਾਂ, ਭਾਸ਼ਾਵਾਂ ਵਾਲਾ ਬਹੁਲਤਾਵਾਦੀ, ਧਰਮ-ਨਿਰਪੱਖ ਦੇਸ਼ ਭਾਰਤ ਅੱਜ ਭ੍ਰਿਸ਼ਟਾਚਾਰ ਨਾਲ ਲੱਥਪੱਥ ਹੈ। ਇਸ ਦੇਸ਼ 'ਚ ਨਵੀਂ ਮੋਦੀ ਸਰਕਾਰ ਨੇ ਪਾਰ-ਦਰਸ਼ਤਾ ਲਿਆਉਣ ਦਾ ਜੋ ਢੰਡੋਰਾ ਪਿੱਟਿਆ ਸੀ, ਉਹ 2014 ਤੋਂ 2017 ਦੇ ਅੱਧ ਦੇ ਬੀਤਣ ਤੋਂ ਬਾਅਦ ਬੇਪਰਦ ਹੋ ਰਿਹਾ ਹੈ। ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਤੇ ਲੱਖਾਂ ਨੌਕਰੀਆਂ ਦੇਣ ਦੇ ਵਾਅਦੇ ਮਿੱਟੀ 'ਚ ਰੁਲ ਚੁੱਕੇ ਹਨ। ਆਮ ਲੋਕਾਂ ਨੂੰ ਤਾਂ ਪਾਰਦਰਸ਼ਤਾ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਉਹਨਾਂ ਨੂੰ ਬਿਨਾਂ ਪੈਨ ਕਾਰਡ, ਆਧਾਰ ਕਾਰਡ ਦੇ ਲੈਣ-ਦੇਣ ਨਾ ਕਰਨ ਦਾ ਉਪਦੇਸ਼-ਆਦੇਸ਼ ਦਿੱਤਾ ਜਾ ਰਿਹਾ ਹੈ, ਤਾਂ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਲੜੀ ਜਾ ਸਕੇ, ਪਰ ਕੀ ਭਾਜਪਾ ਨੇ ਜਾਂ ਮੋਦੀ ਸਰਕਾਰ ਨੇ ਆਪਣੇ ਕੰਮਾਂ-ਕਾਰਾਂ 'ਚ ਪਾਰਦਰਸ਼ਤਾ ਲਿਆਉਣ ਲਈ ਕੋਈ ਉੱਦਮ ਕੀਤਾ ਹੈ? ਜਿਹੜੀ ਭਾਜਪਾ ਪਾਰਟੀ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਨੂੰ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਮੰਨਦੀ ਹੈ ਅਤੇ ਜਿਸ ਨੇ ਲੋਕਾਂ ਦੇ ਹਰ ਵਿੱਤੀ ਲੈਣ-ਦੇਣ ਨੂੰ ਪੈਨ ਅਤੇ ਆਧਾਰ ਕਾਰਡ ਦੇ ਘੇਰੇ 'ਚ ਲੈ ਆਂਦਾ ਹੈ, ਕੀ ਉਹ ਦੱਸ ਸਕਦੀ ਹੈ ਕਿ ਉਸ ਨੂੰ ਮਿਲੇ ਚੋਣਾਵੀ ਚੰਦੇ ਦੇ ਸਰੋਤ ਕੀ ਹਨ?

ਐਸੋਸੀਏਸ਼ਨ ਫ਼ਾਰ ਡੈਮੋਕਰੇਟਿਕ ਰਿਫਾਰਮਜ਼ ਨੇ ਪਿਛਲੇ ਤਿੰਨ-ਚਾਰ ਸਾਲਾਂ ਵਿੱਚ ਵੱਖੋ-ਵੱਖਰੀਆਂ ਪਾਰਟੀਆਂ ਨੂੰ ਮਿਲੇ ਚੰਦਿਆਂ ਦੇ ਵੇਰਵੇ ਜਾਰੀ ਕੀਤੇ ਹਨ। ਇਹਨਾਂ ਮੁਤਾਬਕ 2012-13 ਤੋਂ 2015-16 ਤੱਕ ਸਾਰੀਆਂ ਰਾਸ਼ਟਰੀ ਪਾਰਟੀਆਂ ਨੂੰ ਲੱਗਭੱਗ 957 ਕਰੋੜ ਰੁਪਿਆਂ ਰੁਪਏ ਦਾ ਚੋਣ ਚੰਦਾ ਮਿਲਿਆ ਹੈ, ਜਿਸ ਵਿੱਚ ਸਭ ਤੋਂ ਵੱਧ ਭਾਜਪਾ ਨੂੰ 705 ਕਰੋੜ ਰੁਪਏ ਮਿਲੇ ਹਨ। ਇਸ ਚੰਦੇ 'ਚ ਕਾਰਪੋਰੇਟ ਦਾਨ ਦੀ ਹਿੱਸੇਦਾਰੀ ਤੇਜ਼ੀ ਨਾਲ ਵਧੀ ਹੈ। ਇਸ 957 ਕਰੋੜ ਦੀ ਦਾਨ ਰਾਸ਼ੀ ਵਿੱਚੋਂ 729 ਕਰੋੜ ਰੁਪਏ ਦੀ ਅਗਿਆਤ ਰਾਸ਼ੀ ਬਿਨਾਂ ਪੈਨ ਅਤੇ ਕਿਸੇ ਪਤੇ ਦੇ ਹੈ; ਭਾਵ ਦਾਨ ਦਾਤਿਆਂ ਦੇ ਬਾਰੇ ਜਾਣਕਾਰੀ ਹੀ ਨਹੀਂ ਹੈ ਕਿ ਇਹ ਪੈਸੇ ਕਿਸ ਨੇ ਦਿੱਤੇ ਹਨ। ਇਸ ਅਗਿਆਤ ਧਨ ਦਾ 99 ਫ਼ੀਸਦੀ ਭਾਜਪਾ ਨੂੰ ਮਿਲਿਆ ਹੈ। ਕਿਸ ਕਿਸਮ ਦੀ ਪਾਰਦਰਸ਼ਤਾ ਹੈ ਇਹ? ਕੀ ਇਹ 'ਹਾਥੀ ਦੇ ਦੰਦ ਖਾਣ ਨੂੰ ਹੋਰ' ਅਤੇ ਦਿਖਾਉਣ ਨੂੰ ਹੋਰ ਵਾਲੀ ਗੱਲ ਨਹੀਂ? ਉਂਜ ਚੰਦੇ ਦੇ ਸਰੋਤ ਦੇ ਮਾਮਲੇ ਵਿੱਚ ਬਹੁਤੀਆਂ ਪਾਰਟੀਆਂ ਇੱਕੋ ਥੈਲੀ ਦੇ ਚੱਟੇ-ਵੱਟੇ ਜਾਪਦੀਆਂ ਹਨ, ਜਿਨ੍ਹਾਂ ਨੇ ਇਸ ਧਨ ਰਾਸ਼ੀ ਨੂੰ ਸੂਚਨਾ ਦੇ ਅਧਿਕਾਰ ਕਨੂੰਨ ਦੇ ਦਾਇਰੇ ਤੋਂ ਬਾਹਰ ਰੱਖਣ ਦੀ ਇੱਕਜੁੱਟਤਾ ਦਿਖਾਈ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ 20,000 ਰੁਪਏ ਤੋਂ ਵੱਧ ਚੰਦੇ ਲਈ ਦਾਨ ਦਾਤੇ ਦਾ ਪੈਨ ਕਾਰਡ ਹੋਣਾ ਜ਼ਰੂਰੀ ਹੈ, ਪਰ ਇਸ ਨਿਯਮ ਨੂੰ ਜਿਸ ਢੰਗ ਨਾਲ ਭੰਨਿਆ-ਤੋੜਿਆ ਜਾਂਦਾ ਹੈ; 20,000 ਰੁਪਏ ਤੋਂ ਘੱਟ ਦੀਆਂ ਦਾਨ ਰਸੀਦਾਂ ਵੱਖੋ-ਵੱਖਰੇ ਨਾਂਵਾਂ ਉੱਤੇ ਕੱਟ ਕੇ ਜਿਵੇਂ ਖਾਨਾ ਪੂਰਤੀ ਕੀਤੀ ਜਾਂਦੀ ਹੈ, ਇਹ ਕਿਸੇ ਤੋਂ ਲੁਕਿਆ-ਛੁਪਿਆ ਨਹੀਂ ਹੈ।

ਰਹੀ ਗੱਲ ਸਰਕਾਰ ਦੇ ਪਾਰਦਰਸ਼ਤਾ ਦੇ ਦਾਅਵੇ ਦੀ, ਸਰਕਾਰ ਨੇ ਪਿਛਲੇ ਦਿਨੀਂ ਜਿਨ੍ਹਾਂ ਇਲੈਕਟਰਾਨਿਕ ਬਾਂਡਾਂ ਦੀ ਸ਼ੁਰੂਆਤ ਕੀਤੀ ਹੈ, ਉਹ ਵੀ ਗੁੰਮਨਾਮੀ ਨੂੰ ਉਤਸ਼ਾਹਿਤ ਕਰਦੇ ਹਨ। ਜੇਕਰ ਸੱਚਮੁੱਚ ਸਰਕਾਰ ਵੱਲੋਂ ਆਮ ਲੋਕਾਂ ਲਈ ਆਧਾਰ, ਪੈਨ ਕਿਸੇ ਵੀ ਵਿੱਤੀ ਲੈਣ-ਦੇਣ ਲਈ ਜ਼ਰੂਰੀ ਹੈ, ਤਾਂ ਇਸ ਤੋਂ ਪ੍ਰਹੇਜ਼ ਚੋਣ ਚੰਦੇ ਦੇ ਮਾਮਲੇ 'ਚ ਕਿਉਂ ਕੀਤਾ ਜਾ ਰਿਹਾ ਹੈ?

ਲੋਕਾਂ ਵੱਲੋਂ ਚੋਣ ਫ਼ੰਡ 'ਚ ਪਾਰਦਰਸ਼ਤਾ ਦੀ ਮੰਗ ਲਗਾਤਾਰ ਹੁੰਦੀ ਆਈ ਹੈ। ਇਹ ਇਸ ਲਈ ਵੀ ਕਿ, ਤਾਂ ਕਿ ਚੋਣਾਂ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਹੋਣ ਦੀ ਗਾਰੰਟੀ ਹੋ ਸਕੇ। ਇਥੇ ਤਾਂ ਨਾਗਰਿਕਾਂ ਅਤੇ ਸਿਆਸੀ ਪਾਰਟੀਆਂ ਦੇ ਲਈ ਪਾਰਦਰਸ਼ਤਾ ਦੇ ਪੈਮਾਨੇ ਅਲੱਗ-ਅਲੱਗ ਹਨ।

ਅਸਲ ਵਿੱਚ ਮੌਜੂਦਾ ਸਰਕਾਰ 'ਤੇ ਕਾਬਜ਼ ਪਾਰਟੀ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਖੜੀ ਦਿੱਸਦੀ ਹੈ, ਜਿਸ ਦੀ ਜਦੋ-ਜਹਿਦ ਉਸ ਵੱਲੋਂ ਹੁਣੇ ਹੀ ਨੇਤਾਵਾਂ ਦੀ ਖ਼ਰੀਦੋ-ਫਰੋਖਤ, ਲੋਕ-ਲੁਭਾਊ ਨਾਹਰਿਆਂ, ਸਾਮ-ਦਾਮ-ਦੰਡ ਦੇ ਨੇਮਾਂ ਨੂੰ ਸਾਹਮਣੇ ਰੱਖ ਕੇ ਆਰੰਭੀ ਜਾ ਚੁੱਕੀ ਹੈ ਅਤੇ ਆਪਣੇ ਨਿਸ਼ਾਨੇ ਕਿ ਉਹ ਦੇਸ਼ ਵਿੱਚ 2019 'ਚ 360 ਸੀਟਾਂ ਉੱਤੇ ਜਿੱਤ ਪ੍ਰਾਪਤ ਕਰ ਕੇ ਮੁੜ ਰਾਜ ਗੱਦੀ ਸੰਭਾਲੇਗੀ, ਉਸ ਨੇ ਪਰਵਾਸੀ ਭਾਰਤੀਆਂ ਨੂੰ ਪ੍ਰਾਕਸੀ ਵੋਟ ਦੇਣ ਦਾ ਅਧਿਕਾਰ ਦੇਣ ਦਾ ਸਿਲਸਿਲਾ ਆਰੰਭ ਕਰ ਕੇ ਇੱਕ ਵੱਡੀ ਚਾਲ ਵੀ ਚੱਲੀ ਹੈ, ਤਾਂ ਕਿ ਉਹਨਾਂ ਲੋਕਾਂ ਤੋਂ ਧਨ, ਸਹਿਯੋਗ ਤੇ ਵੋਟ ਪ੍ਰਾਪਤ ਕੀਤਾ ਜਾ ਸਕੇ।

ਸ਼ੀਸ਼ਾ ਝੂਠ ਨਹੀਂ ਬੋਲਦਾ; ਜਦੋਂ ਭਾਜਪਾ ਦਾ ਇੱਕ ਸਾਬਕਾ ਨੇਤਾ ਚੰਦਨ ਮਿਤਰਾ ਇਹ ਕਹਿੰਦਾ ਹੈ, 'ਇੱਕ-ਪਾਸੜ ਧਰੁਵੀਕਰਨ ਲੋਕਤੰਤਰ ਲਈ ਹਾਨੀਕਾਰਕ ਹੈ'। ਉਹ ਗ਼ਲਤ ਨਹੀਂ ਕਹਿੰਦਾ। ਸਿਆਸੀ ਪਾਰਟੀ ਭਾਜਪਾ ਤੇ ਕੇਂਦਰ ਦੀ ਮੋਦੀ ਸਰਕਾਰ ਇਸੇ ਰਸਤੇ ਇਸ ਵੇਲੇ ਤੁਰ ਰਹੀ ਹੈ। ਉਹ ਭਾਰਤ ਦੀ ਭਾਸ਼ਾਈ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਢਾਹ ਲਾ ਕੇ 'ਇੱਕ ਭਾਸ਼ਾ-ਇੱਕ ਸੱਭਿਆਚਾਰ' ਦੀ ਆਪਣੀ ਨੀਤੀ ਨੂੰ ਦੇਸ਼ ਦੇ ਲੋਕਾਂ 'ਤੇ ਜ਼ਬਰਦਸਤੀ ਥੋਪਣ ਦੇ ਆਰ ਐੱਸ ਐੱਸ ਦੇ ਏਜੰਡੇ ਨੂੰ ਖੁੱਲ੍ਹੇਆਮ ਲਾਗੂ ਕਰ ਰਹੀ ਹੈ। ਵੱਖ-ਵੱਖ ਖੇਤਰੀ ਸੱਭਿਆਚਾਰਾਂ ਵਿੱਚ ਵਿਚਰਦੇ ਲੋਕਾਂ ਦੇ ਮਨਾਂ 'ਚ ਡਰ ਬਿਠਾਉਣ ਦੀਆਂ ਕਾਰਵਾਈਆਂ ਇਸ ਦਾ ਵੱਡਾ ਸਬੂਤ ਹਨ। ਕੀ ਉਹਨਾਂ ਦਾ ਇਹ ਕਹਿਣਾ ਜਾਇਜ਼ ਹੈ, 'ਜੇਕਰ ਦੇਸ਼ 'ਚ ਰਹਿਣਾ ਹੈ, ਵੰਦੇ ਮਾਤਰਮ ਕਹਿਣਾ ਹੈ'!

# ਹਰ ਘਰ ਪਖਾਨਾ ਮੁਹੱਈਆ ਕਰਵਾਉਣ ਦਾ ਟੀਚਾ 31 ਦਸੰਬਰ ਤੱਕ ਪ੍ਰਾਪਤ ਕਰ ਲਿਆ ਜਾਵੇਗਾ : ਤ੍ਰਿਪਤ ਬਾਜਵਾ

## ਪਾਣੀ ਦੀ ਦੁਰਵਰਤੋਂ ਰੋਕਣ ਲਈ ਜਲ ਸਪਲਾਈ ਵਿਭਾਗ ਨੇ ਟੋਲ ਫ੍ਰੀ ਸ਼ਿਕਾਇਤ ਨੰਬਰ ਸ਼ੁਰੂ ਕੀਤਾ

**ਕਾਦੀਆਂ/ ਬਟਾਲਾ (ਨਰਿੰਦਰ ਬਰਨਾਲ)-** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਹਰ ਘਰ ਪਖਾਨਾ ਮੁਹੱਈਆ ਕਰਵਾਉਣ ਦਾ ਟੀਚਾ ਇਸ ਸਾਲ 31 ਦਸੰਬਰ ਤੱਕ ਪ੍ਰਾਪਤ ਕਰ ਲਿਆ ਜਾਵੇਗਾ ਅਤੇ ਇਸ ਸਬੰਧੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਕੰਮ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਪ੍ਰਗਟਾਵਾ ਪੇਂਡੂ ਵਿਕਾਸ ਤੇ ਪੰਚਾਇਤ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਕਾਦੀਆਂ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ। ਉਨਾਂ ਕਿਹਾ ਕਿ ਵਿਭਾਗ ਦੇ ਅਧਿਕਾਰੀਆਂ ਨੂੰਨੂੰ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਸ ਕੰਮ ਨੂੰ 100 ਫੀਸਦੀ ਨੇਪਰੇ ਚਾੜਨ ਲਈ ਹੇਠਲੇ ਪੱਧਰ 'ਤੇ ਨਿਗਰਾਨੀ ਕੀਤੀ ਜਾਵੇ ਅਤੇ ਹਰ ਸਬੰਧਤ ਅਧਿਕਾਰੀ ਤੋਂ ਪ੍ਰਗਤੀ ਰਿਪੋਰਟ ਲਈ ਜਾਵੇ।



ਕੈਬਨਿਟ ਮੰਤਰੀ ਸ. ਬਾਜਵਾ ਨੇ ਕਿਹਾ ਕਿ ਸਰਕਾਰ ਵੱਲੋਂ ਇਹ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਰਕਾਰੀ ਪੈਸੇKਗ੍ਰਾਂਟਾ ਦੀ ਪਾਰਦਰਸ਼ੀ ਢੰਗ ਨਾਲ ਵਰਤੋਂ ਕੀਤੀ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਪੈਸੇ ਦੀ ਦੁਰਵਰਤੋਂ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨਾਂ ਕਿਹਾ ਕਿ ਕੰਮ ਦੀ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਅਤੇ ਕੁਤਾਹੀ ਕਰਨ ਵਾਲਿਆਂ ਦੇ ਖਿਲਾਫ ਪੂਰੀ ਸਖਤੀ ਵਰਤੀ ਜਾਵੇਗੀ। ਸ. ਬਾਜਵਾ ਨੇ ਕਿਹਾ ਕਿ ਬੰਦ ਪਏ ਪਏ ਆਰ.ਓ ਸਿਸਟਮਾਂ ਨੂੰ ਠੀਕ ਕਰਵਾ ਕੇ ਚਾਲੂ ਕਰਨ ਦੀ ਹਦਾਇਤਾਂ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ ਤਾਂ ਜੋ ਲੋਕਾਂਨੂੰਨੂੰ ਸਾਫ ਪੀਣ ਵਾਲਾ ਪਾਣੀ ਮਿਲ ਸਕੇ। ਸ. ਬਾਜਵਾ ਨੇ ਕਿਹਾ ਕਿ ਪਾਣੀ ਵਾਲੀਆਂ ਟੈਂਕੀਆਂ ਦੇ ਪੰਪਾਂ ਨੂੰ ਚਲਾਉਣ ਲਈ ਕੀਤੀ ਜਾਂਦੀ ਕੁਲੈਕਸ਼ਨ ਦੀ ਰਸੀਦ ਪੈਸੇ ਦੇਣ ਵਾਲੇ ਨੂੰ ਦੇਣੀ ਯਕੀਨੀ ਬਣਾਉਣ ਦੀਆਂ ਹਦਾਇਤਾਂ ਦੇਣ ਦੇ ਨਾਲ ਇਕੱਤਰ ਕੀਤੇ ਗਏ ਪੈਸੇ ਨੂੰ ਪਾਰਦਰਸ਼ੀ ਢੰਗ ਨਾਲ ਖਰਚਣ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ।

ਸ. ਬਾਜਵਾ ਨੇ ਸੂਬਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਪਾਣੀ ਬਹੁਤ ਹੀ ਅਨਮੋਲ ਦਾਤ ਹੈ ਅਤੇ ਇਸਦਾ ਸੋਮਾ ਸੀਮਤ ਹੈ, ਇਸ ਲਈ ਪਾਣੀ ਦੀ ਵਰਤੋਂ ਬਹੁਤ ਸੰਜਮ ਨਾਲ ਕੀਤੀ ਜਾਵੇ। ਉਨਾਂ ਕਿਹਾ ਕਿ ਜਲ ਸਪਲਾਈ ਵਿਭਾਗ ਨੇ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਇੱਕ ਸ਼ਿਕਾਇਤ ਨਿਵਾਰਨ ਕੇਂਦਰ ਸਥਾਪਤ ਕੀਤਾ ਹੈ ਜਿਸਦਾ ਟੋਲ ਫ੍ਰੀ ਨੰਬਰ 18001802468 ਹੈ। ਉਨਾਂ ਕਿਹਾ ਕਿ ਪਾਣੀ ਦੀ ਦੁਰਵਰਤੋਂ ਕਰਨ ਵਾਲਿਆਂ ਦੀ ਸ਼ਿਕਾਇਤ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਸ਼ਿਕਾਇਤ ਵਿਭਾਗ ਦੇ ਟੋਲ ਫ੍ਰੀ ਨੰਬਰ 'ਤੇ ਕੀਤੀ ਜਾ ਸਕਦੀ ਹੈ। ਇਸ ਮੌਕੇ ਉਨਾਂ ਨਾਲ ਸ. ਰਵੀਨੰਦਰ ਸਿੰਘ ਬਾਜਵਾ, ਸੁਖਦੇਵ ਸਿੰਘ ਘਸੀਟਪੁਰ, ਬਲਵਿੰਦਰ ਸਿੰਘ ਭਾਲੋਵਾਲੀ, ਸਰਪੰਚ ਬਖਤਾਵਰ ਸਿੰਘ, ਬਲਜੀਤ ਸਿੰਘ ਦਮੋਦਰ ਵੀ ਹਾਜ਼ਰ ਸਨ।

# ਮਾਨਸਿਕ ਗੁਲਾਮ ਕੋਈ ਵੀ ਫੈਸਲਾ ਤਰਕ ਦੇ ਅਧਾਰ ਤੇ ਨਹੀਂ ਕਰਦੇ ਇਸ ਲਈ ਉਹ ਕਦੇ ਵਿਰੋਧ ਨੀ ਕਰ ਸਕਦੇ

ਇਕ ਵਾਰ ਭਾਰਤੀ ਬ੍ਰਾਹਮਣ ਵਿਦੇਸ਼ ਯਾਤਰਾ ਤੇ ਵਿਦੇਸ਼ ਗਿਆ ਤੇ ਓਥੋਂ ਦੇ ਇੱਕ ਪੱਤਰਕਾਰ ਨੇ ਉਸਨੂੰ ਪੁੱਛਿਆ ਤੁਸੀ 15% ਲੋਕ ਭਾਰਤ ਦੇ 85% ਮੁਲਨਿਵਾਸੀ ਲੋਕਾਂ ਤੇ ਰਾਜ ਕਰ ਰਹੇ ਹੋ। ਹੁਣ ਭਾਰਤੀ ਮੁਲਨਿਵਾਸੀ ਲੋਕ ਪੜ ਲਿਖ ਗਏ ਹਨ, ਚੰਗੇ ਚੰਗੇ ਅਹੁਦਿਆਂ ਤੇ ਲੱਗ ਗਏ ਹਨ, ਸਮਝਦਾਰ ਹੋ ਗਏ ਹਨ ਕੀ ਤੁਹਾਨੂੰ ਨੀ ਲਗਦਾ ਕਿ ਉਹ ਕਦੇ ਤੁਹਾਡਾ ਵਿਰੋਧ ਕਰਨਗੇ?

ਬ੍ਰਾਹਮਣ ਕੁਝ ਨਾ ਬੋਲਿਆ ।

ਪੱਤਰਕਾਰ ਨੇ ਫਿਰ ਦੁਬਾਰਾ ਜ਼ੋਰ ਪਾਕੇ ਪੁੱਛਿਆ।

ਫਿਰ ਉਹ ਬੋਲਿਆ," ਨਹੀਂ ਸਾਨੂੰ ਨਈ ਲਗਦਾ ਕਿ ਭਾਰਤੀ 85% SC, BC ਤੇ ST ਲੋਕ ਸਾਡਾ ਵਿਰੋਧ ਕਰਨਗੇ।

ਪੱਤਰਕਾਰ ਨੇ ਫਿਰ ਅਗਲਾ ਸਵਾਲ ਪੁੱਛਿਆ ਕਿ ਤੁਹਾਨੂੰ ਕਿਉਂ ਲੱਗਦਾ ਹੈ ਕਿ ਉਹ ਤੁਹਾਡਾ ਵਿਰੋਧ ਨਹੀ ਕਰਨਗੇ?

ਬ੍ਰਾਹਮਣ ਨੇ ਜਵਾਬ ਦੇ ਰੂਪ ਵਿੱਚ ਕੁਝ ਉਦਾਹਰਣਾਂ ਦਿੱਤੀਆਂ ਜੋ ਇਸ ਤਰਾਂ ਹਨ :-

ਜਿਹੜੇ ਲੋਕ P.hd ਤੇ M.B.B.S. ਬਣਕੇ ਵੀ ਆਪਣੇ ਵਿਆਹ ਦੀ ਤਰੀਕ ਦਾ ਮਹੂਰਤ ਸਾਡੇ ਤੋਂ ਕਢਵਾ ਦੇ ਨੇ, ਕੀ ਉਹ ਸਾਡਾ ਵਿਰੋਧ ਕਰਨਗੇ?

ਜਿਹੜੇ ਐਨਾ ਪੜ ਲਿਖ ਕੇ ਵੀ ਆਪਣੇ ਬੱਚਿਆਂ ਦਾ ਨਾਮ ਨੀ ਰੱਖ ਸਕਦੇ ਉਹ ਵੀ ਸਾਡੇ ਤੋਂ ਰਖਾਉਂਦੇ ਨੇ, ਕੀ ਉਹ ਸਾਡਾ ਵਿਰੋਧ ਕਰਨਗੇ?

ਜਿਹੜੇ ਨਵੇਂ ਘਰ ਵਿੱਚ ਪ੍ਰਵੇਸ ਕਰਨ ਲਈ ਪਹਿਲਾਂ ਸਾਡੇ ਤੋਂ ਪੁੱਛਿਆ ਲੈਂਦੇ ਨੇ, ਮਹੂਰਤ ਕਢਾਉਂਦੇ ਨੇ, ਕੀ ਉਹ ਸਾਡਾ ਵਿਰੋਧ ਕਰਨਗੇ?

ਜਿਹੜੇ ਸਾਡੇ ਤਿਓਹਾਰਾਂ ਤੇ ਆਪਣੇ ਪੈਸੇ ਉਡਾਂਦੇ ਨੇ ਬਿਨਾ ਸੋਚੇ ਸਮਝੇ, ਕੀ ਉਹ ਸਾਡਾ ਵਿਰੋਧ ਕਰਨਗੇ?

ਜਿਹੜੇ ਹਜੇ ਵੀ ਸਾਡੇ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਚ ਲੱਗੇ ਹੋਏ ਹਨ, ਕੀ ਉਹ ਸਾਡਾ ਵਿਰੋਧ ਕਰਨਗੇ?

ਬੇਸ਼ੱਕ ਉਹ ਪੜ ਲਿਖ ਗਏ ਹੋਣ, ਪਰ ਉਹ ਹਜੇ ਵੀ ਮਾਨਸਿਕ ਗੁਲਾਮ ਹਨ, ਉਹ ਕੋਈ ਵੀ ਫੈਸਲਾ ਤਰਕ ਦੇ ਅਧਾਰ ਤੇ ਨਹੀਂ ਕਰਦੇ ਇਸ ਲਈ ਉਹ ਕਦੇ ਸਾਡਾ ਵਿਰੋਧ ਨੀ ਕਰ ਸਕਦੇ।

**-ਦਲੀਪ ਕੁਮਾਰ**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com


# A candlelight vigil for Pastor Sultan Masih

## "Fight your apathy with deep and intense love for others, no matter their social standing, skin color or last name," Tyler Dumont
















All Pictures by Prem Kumar Chumber (Ambedkar Times and Desh Doaba)

Approximately 40 people gathered in downtown Roseville, CA on August 28 to commemorate Pastor Masih, who was gunned down outside his Ludhiana, Punjab church on July 16. His son reported that the Christian pastor was previously threatened by members of the RSS, who ordered him to stop sharing his faith and threatened him with death.

"I wanted to hold this vigil, tonight, in the town where I live and worship, because Pastor Sultan was killed in the town where he lived and worshipped," said Father Joshua Lickter of Incarnation Anglican Church. "I wanted to hold this vigil in the town where I encourage people to care for the poor and needy, because Pastor Sultan was killed in the town where he encouraged people to care for the poor and needy."

Lickter and Dumont were joined by members of the Indian diaspora community and other local Christians who demanded justice for the murder of Masih. Among them was Bhajan Singh, the founding director of Organization for Minorities of India. "Pastor Masih was assassinated by members of a movement who want to create a Hindu State which denies all breathing room to anyone who wants to live in a free society," said Singh.

Pieter Friedrich, a South Asian Affairs analyst, compared the killing to the recent violence in Charlottesville, VA. "We've all heard about Charlottesville," said Friedrich. "It was an attempt to reawaken a dead ideology. To reinvigorate a Nazi movement.To unfurl the Swastika banner. But we know it was an aberration. What if I told you there's a place where a movement like this is not fringe?""The date of August 28 may be familiar to many of you. It is the night we are gathered. It is also the 9th anniversary of the conclusion of a three day pogrom against Christians in Kandhamal, Odisha."

"India it touts itself as a democracy," said Fr. Lickter. Yet, explained, "There is a growing movement to enforce anti-conversion laws that limit freedom of speech and religion. There is an increased persecution, nationwide, of any religious minorities, be they Christian, Muslim, Sikh, or even Atheist. Attacks on non-Hindu religious leaders, like Pastor Sultan, are becoming more and more common."

At the conclusion of the event, Sikhs and Christians gathered together to sing and light candles. They paused for a moment of silence to remember the death of Pastor Masih and others who have recently suffered in India.

As Dumont stated: "This is not an insignificant death on foreign soil, but an example of the systematic oppression of humans in India. This is not just a problem of warring ideologies, but a fight for something that is so basic and fundamental to human existence: human worth."

***Pieter Friedrich (916) 605-6764***
***pietersingh@icloud.com***


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕ
13ਵਾਂ ਵਿਸ਼ਵ ਕਬੱਡੀ ਕੱਪ
ਮਿਤੀ 17 ਸਤੰਬਰ 2017 ਦਿਨ ਐਤਵਾਰ ਨੂੰ (ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587)
ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਅਮੋਲਕ ਸਿੰਘ ਗਾਖਲ
ਸਰਪ੍ਰਸਤ ਯੂਨਾਈਟਡ ਸਪੋਰਟਸ ਕਲੱਬ
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ
ਪਹੁੰਚ ਰਹੇ ਵਿਸ਼ੇਸ਼ ਮਹਿਮਾਨ
ਮੁੱਖ ਮਹਿਮਾਨ
ਉਦਘਾਟਨ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਡਾਇਮੰਡ ਟਰੱਕਿੰਗ ਸਟਾਕਟਨ ਦੇ
ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
ਮੱਖਣ ਸਿੰਘ ਬੈਂਸ ਚੇਅਰਮੈਨ
ਇਕਬਾਲ ਸਿੰਘ ਗਾਖਲ ਉਪ ਚੇਅਰਮੈਨ
ਬਲਵੀਰ ਸਿੰਘ ਭਾਟੀਆ ਪ੍ਰਧਾਨ
ਪਲਵਿੰਦਰ ਸਿੰਘ ਗਾਖਲ ਡਾਇਰੈਕਟਰ
ਜੁਗਰਾਜ ਸਿੰਘ ਸਹੋਤਾ ਉਪ ਪ੍ਰਧਾਨ
ਗੁਰਦਾਵਰ ਸਿੰਘ ਮਹੇੜੂ ਜਨਰਲ ਸਕੱਤਰ
ਐੱਸ ਅਸ਼ੋਕ ਭੌਰਾ ਜਨਰਲ ਸਕੱਤਰ 'ਤੇ ਮੀਡੀਆ ਇੰਚਾਰਜ
ਪਿੰਕੀ ਅਟਵਾਲ
ਸਾਧੂ ਸਿੰਘ
ਨਰਿੰਦਰ ਸਿੰਘ
ਦਲਵਿੰਦਰ ਪੱਡਾ
ਨੱਥਾ ਸਿੰਘ ਗਾਖਲ
ਦੇਬੀ ਸੋਹਲ
ਬਖਤਾਵਰ ਸਿੰਘ ਗਾਖਲ
ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵਲੋਂ
ਬੈਸਟ ਰੇਡਰ ਅਤੇ ਬੈਸਟ ਸਟਾਪਰ
ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਸਮੂਹ ਖੇਡ ਪ੍ਰੇਮੀਆਂ ਨੂੰ
ਖੇਡ ਮੇਲੇ ਵਿਚ ਪਹੁੰਚਣ ਦਾ
ਖੁੱਲ੍ਹਾ ਸੱਦਾ
ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਸਟਾਰ
ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕ
13ਵਾਂ ਵਿਸ਼ਵ ਕਬੱਡੀ ਕੱਪ
ਮਿਤੀ 17 ਸਤੰਬਰ 2017 ਦਿਨ ਐਤਵਾਰ ਨੂੰ (ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587)
ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਅਮੋਲਕ ਸਿੰਘ ਗਾਖਲ
ਸਰਪ੍ਰਸਤ ਯੂਨਾਈਟਡ ਸਪੋਰਟਸ ਕਲੱਬ
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ
ਪਹੁੰਚ ਰਹੇ ਵਿਸ਼ੇਸ਼ ਮਹਿਮਾਨ
ਮੁੱਖ ਮਹਿਮਾਨ
ਮੱਖਣ ਸਿੰਘ ਧਾਲੀਵਾਲ
ਉਦਘਾਟਨ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਡਾਇਮੰਡ ਟਰੱਕਿੰਗ ਸਟਾਕਟਨ ਦੇ
ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
ਮੱਖਣ ਸਿੰਘ ਬੈਂਸ ਚੇਅਰਮੈਨ
ਇਕਬਾਲ ਸਿੰਘ ਗਾਖਲ ਉਪ ਚੇਅਰਮੈਨ
ਬਲਵੀਰ ਸਿੰਘ ਭਾਟੀਆ ਪ੍ਰਧਾਨ
ਪਲਵਿੰਦਰ ਸਿੰਘ ਗਾਖਲ ਡਾਇਰੈਕਟਰ
ਜੁਗਰਾਜ ਸਿੰਘ ਸਹੋਤਾ ਉਪ ਪ੍ਰਧਾਨ
ਗੁਰਦਾਵਰ ਸਿੰਘ ਮਹੇੜੂ ਜਨਰਲ ਸਕੱਤਰ
ਐਸ ਅਸ਼ੋਕ ਭੌਰਾ ਜਨਰਲ ਸਕੱਤਰ 'ਤੇ ਮੀਡੀਆ ਇੰਚਾਰਜ
ਪਿੰਕੀ ਅਟਵਾਲ ਡਾਇਰੈਕਟਰ
ਸਾਧੂ ਸਿੰਘ
ਨਰਿੰਦਰ ਸਿੰਘ
ਦਲਵਿੰਦਰ ਪੱਡਾ
ਨੱਥਾ ਸਿੰਘ ਗਾਖਲ
ਦੇਬੀ ਸੋਹਲ ਸਿੱਧਵਾਂ ਦੋਨਾ
ਬਖਤਾਵਰ ਸਿੰਘ ਗਾਖਲ
ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵਲੋਂ
ਬੈਸਟ ਰੇਡਰ ਅਤੇ ਬੈਸਟ ਸਟਾਪਰ
ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਸਮੂਹ ਖੇਡ ਪ੍ਰੇਮੀਆਂ ਨੂੰ
ਖੇਡ ਮੇਲੇ ਵਿਚ ਪਹੁੰਚਣ ਦਾ
ਖੁੱਲ੍ਹਾ ਸੱਦਾ
ਰਾਜ ਗਰੇਵਾਲ (ਮੈਂਬਰ ਪਾਰਲੀਮੈਂਟ ਕਨੇਡਾ)
ਪੰਮਾ ਦਿਓਲ ਤੇ ਸਰਜੀਤ ਦਿਓਲ
ਜਗੀਰ ਸਿੰਘ ਨਿਊਯਾਰਕ
ਹਰਜਿੰਦਰ ਮਹਿਰਾ
ਨਿੱਕ ਗਾਖਲ
ਹੈਪੀ ਹੀਰ
ਜਸਪ੍ਰੀਤ
ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਸਟਾਰ
ਮੰਗੀ ਬੱਗਾ ਪਿੰਡ
ਪਾਲਾ ਜਲਾਲਪੁਰ
ਸੰਦੀਪ ਲੁੱਧੜ
ਸੁੱਖ ਭੰਡਾਲ
ਦੁੱਲਾ ਬੱਗਾ ਪਿੰਡ
ਖੁਸ਼ੀ ਦੁੱਗਾਂ
ਰੂਬੀ ਹਰਖੋਵਾਲ
ਹੈਰੀ
ਅਰਸ਼ ਚੋਹਲਾ
ਅਰਸ਼ੀ ਪ੍ਰੀਤਮ
ਗੁਰਲਾਲ ਘਨੌਰ
ਸੁਲਤਾਨ
ਗਗਨ ਜੋਗੇਵਾਲ
ਬਾਨਾ ਧਾਲੀਵਾਲ
ਸੱਤੂ ਖੜ੍ਹਰ ਸਾਹਿਬ
ਹਸੂਸ
ਸੰਦੀਪ ਨੰਗਲ ਅੰਬੀਆਂ
ਮਨੀ ਸੰਧੂ
ਗੁਰਪ੍ਰੀਤ
ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ
ਇਹ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ






**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 27 ਅਗਸਤ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਸ ਵਿਚ 27 ਅਗਸਤ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਬੀਬੀ ਅਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਦੇ ਜਥੇ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।






ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੇ ਫਾਊਂਡਰ ਰਛਪਾਲ ਫਰਵਾਲਾ ਅਤੇ ਉਹਨਾਂ ਦੀ ਸੁਪਤਨੀ ਮਨਦੀਪ ਫਰਵਾਲਾ ਸਮੂਹ ਪਰਿਵਾਰ ਵੱਲੋਂ ਪੋਤਰੇ ਜਗਵੀਰ ਸਿੰਘ ਸੰਘੇੜਾ (ਸਪੁੱਤਰ ਵਰਿੰਦਰ ਸੰਘੇੜਾ ਅਤੇ ਜਸਮੀਨ ਸੰਘੇੜਾ) ਦਾ ਪਹਿਲਾ ਜਨਮ ਦਿਨ ਵਾਈਟ ਲੋਟਸ ਸੈਕਰਾਮੈਂਟੋ ਵਿਖੇ 19 ਅਗਸਤ ਨੂੰ ਮਨਾਇਆ ਗਿਆ। ਇਸ ਸ਼ੁਭ ਮੌਕੇ ਨਾਮਵਰ ਸ਼ਖਸੀਅਤਾਂ ਨੇ ਪਰਿਵਾਰਾਂ ਨਾਲ ਸ਼ਿਰਕਤ ਕਰਕੇ ਫਰਵਾਲਾ ਪਰਿਵਾਰ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਅਤੇ ਹੋਰ ਮਹਿਮਾਨ ਨਾਲ ਫਰਵਾਲਾ ਪਰਿਵਾਰ ਨਾਲ ਖੁਸ਼ੀਆਂ ਮਨਾਉਂਦੇ ਹੋਏ।

TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days
11 AM to 10 PM
Ph. 510-885-1212
Fax. 510-885-1532

L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।
500 N. Palora Ave. Yuba City, CA 95991

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

Baksho Kaur Bisla Hardev Singh Bisla
530-671-0439, Fax 530-822-0439 Cell- 530-844-3250

# ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ

## ਅਛੂਤ ਦਾ ਸਵਾਲ – ਸਮਾਜਿਕ ਇਨਕਲਾਬ ਲਈ ਉੱਠੋ

(ਕਾਕੀਨਾੜਾ ਵਿਖੇ 1923 ਵਿਚ ਕਾਂਗਰਸ ਦਾ ਅਜਲਾਸ ਹੋਇਆ। ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ, ਅੱਜਕਲ੍ਹ ਦੀਆਂ ਅਨੁਸੂਚਿਤ ਜਾਤੀਆਂ ਦੇ ਮੈਂਬਰ, ਜਿਹਨਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ। ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਲਈ ਤਿਆਰ ਹੋਏ ਸਨ ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ। ਇਸੇ ਤਰ੍ਹਾਂ ਮਜ਼ਹਬੀ ਤੌਰ 'ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਦਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ।

ਇਸ ਤਰ੍ਹਾਂ ਅਛੂਤਾਂ ਦੇ 'ਦੋਸਤ' ਉਹਨਾਂ ਨੂੰ ਧਰਮ ਦੇ ਨਾਂ ਤੇ ਪਾੜਨ ਦੇ ਯਤਨ ਕਰਦੇ ਸਨ। ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ 'ਅਛੂਤ ਦਾ ਸਵਾਲ' ਨਾਂ ਦਾ ਲੇਖ ਲਿਖਿਆ। ਜੋ ਇਸ ਕਿਰਤੀ ਵਰਗ ਦੀ ਤਾਕਤ ਤੇ ਕਮਜ਼ੋਰੀ ਦਾ ਜਾਇਜ਼ਾ ਲੈ ਕੇ, ਉਹਨਾਂ ਨੂੰ ਤਰੱਕੀ ਕਰਨ ਲਈ ਠੋਸ ਸੁਝਾਅ ਦਿੰਦਾ ਹੈ। ਇਹ ਲੇਖ ਜੂਨ, 1928 ਦੇ 'ਕਿਰਤੀ' 'ਚ 'ਵਿਦਰੋਹੀ' ਦੇ ਕਲਮੀ ਨਾਂ ਹੇਠ ਛਪਿਆ ਸੀ।

**– ਜਗਮੋਹਨ ਸਿੰਘ**

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਹਨਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਰਾਜ਼ ਤੇ ਨਾ ਹੋ ਜਾਣਗੇ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਹਨਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੁਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇਕਮਈ ਦਾ ਸ਼ੋਰ ਮਚਾ ਰਿਹਾ ਹੈ। ਉਹਨਾਂ ਬਰਾਬਰੀ ਦਾ ਐਲਾਨ ਅਮਰੀਕਾ ਅਤੇ ਫਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖਾਤਰ ਇਕ ਮਈ ਦੇ ਅਸੂਲ 'ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ 'ਤੇ ਜ਼ੋਰ ਨਾਲ ਬਹਿਸ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ। ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ, ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇਕ ਮੁਸਲਮਾਨ ਸੱਜਣ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਨੇ ਇਸ ਮਾਮਲੇ 'ਤੇ 1926 ਵਿਚ ਖੂਬ ਕਿਹਾ ਸੀ–

"If the Hindu Society refuses to allow other human beings, fellow creatures so that to attend public schools, and if.... the President of local board representing so many lakhs of people in this house refuses to allow his fellow and brothers the elementary human right of having water to drink, what right have they to ask for more rights from the bureaucracy? Before we accuse people coming from other lands, we should see how we ourselves bahave toward our own people... How can we ask for greather politicial rights when we ourselves deny elementary rights of human beings."

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਹਨਾਂ ਨੂੰ ਮਦਰੱਸੇ ਵਿਚ ਪੜ੍ਹਨ ਵੀ ਨਹੀਂ ਦਿੰਦੇ ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇਕ ਇਨਸਾਨ ਦੇ ਸਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿੱਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਕਿਉਂਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿਚ ਰਲਾਉਣਾ ਚਾਹੁੰਦੇ ਹਨ। ਉਹਨਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਹਨਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼੍ਹਬਾਂ ਵਿਚ ਜਾ ਸ਼ਾਮਲ ਹੋਣਗੇ। ਜਿਹਨਾਂ ਵਿਚ ਕਿ ਉਹਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ ਆਦਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫਿਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੱਡੀ ਸੱਚੀ ਗੱਲ ਹੈ ਪਰ ਇਹ ਸੁਣ ਕੇ ਸਾਰੇ ਤੜਪ ਉੱਠਦੇ ਹਨ। ਖੈਰ! ਠੀਕ ਇਸੇ ਗੱਲ ਦਾ ਫਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿਚ ਵਿਚ ਬੜੇ "ਯੁੱਗ ਪਲਟਾਊ" ਕਹਾਉਣ ਵਾਲੇ ਵੀ ਸ਼ਾਮਲ ਹੋਏ। ਪਟਨਾ ਹਿੰਦੂ ਮਹਾਂ ਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਹਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ ਬੜੇ ਸਮਾਜ ਸੁਧਾਰਕ ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮ ਹੋਰ ਵੀ ਨਾ ਜਾਣੇ ਕੀ ਕੀ ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਸਮਾਨਤਾ ਜਾਂ ਬਰਾਬਰੀ ਦੇ ਨਾਂ 'ਤੇ ਝਗੜਦੇ ਚੰਗੇ ਲੱਗਦੇ ਹਾਂ? ਫਿਰ ਸਾਡੇ ਇਸ ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਹਨਾਂ ਨੂੰ ਹੀ ਅਸੀਂ ਪਰ੍ਹੇ-ਪਰ੍ਹੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ?



ਅੱਜ ਇਸ ਸਵਾਲ 'ਤੇ ਬਹੁਤ ਸ਼ੋਰ ਹੋ ਰਿਹਾ ਹੈ: ਉਹਨਾਂ ਵਿਚਾਰਿਆਂ ਵੱਲ ਅੱਜ-ਕੱਲ੍ਹ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬ੍ਰਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਹਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫਸਾਦ ਵੀ ਹੋਏ। ਖੈਰ! ਹੌਲੀ ਹੌਲੀ ਸਿੱਖਾਂ ਵਿਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ 'ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ-ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਇਸਾਈ ਚੁੱਪ ਚਾਪ ਉਹਨਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ।

ਇੱਧਰ ਜਦ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਿਤ ਹੋਈਏ। ਇਸੇ ਖਿਆਲ ਨੂੰ ਸੁਰ ਕਰਨ ਵਿਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਕ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਦ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ ਠੀਕ ਹੱਲ ਕੀ ਹੈ? ਇਸ ਦਾ ਜਵਾਬ ਬੜਾ ਸੈਹਲ ਹੈ। ਸਭ ਤੋਂ ਪਹਿਲੋਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨਿ ਚੂੰਕਿ ਇਕ ਆਦਮੀ ਗਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ ਕਰੇਗਾ ਤੇ ਦੁਨੀਆ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲਾਸਫ਼ੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀਂ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ ਬੜਾ ਜ਼ੁਲਮ ਤੇ ਕਹਿਰ ਕਮਾਇਆ। ਖੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ।

ਇਸ ਦੇ ਨਾਲ ਹੀ ਇਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿਚ ਜ਼ਰੂਰੀ ਕੰਮਾਂ ਵਾਸਤੇ ਘ੍ਰਿਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ. ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਹਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀਂ ਅਗਾਂਹਾਂ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਸਮਝੀਏ। ਬੱਸ ਮੁਆਮਲਾ ਸਾਫ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਹਨਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ, ਉਹਨਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖਿਮਾ ਮੰਗਣੀ ਅਤੇ ਉਹਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿਚ ਖਿੱਚਾ ਧੂਹੀ ਕਰਨੀ ਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋ ਇਹ ਚੂਹੜਿਆਂ ਚੱਪੜਿਆਂ ਨੂੰ ਸਿਰ 'ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਉਂਦੇ ਹਨ। ਬੱਸ ਜੱਟ ਇੰਨੇ ਵਿਚ ਹੀ ਭੂਤ ਪਏ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉਨਾ ਚਿਰ ਨਹੀਂ ਸੁਧਰ ਸਕਦੀ, ਜਿੰਨਾ ਚਿਰ ਕਿ ਉਹ ਇਨ੍ਹਾਂ ਗਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਹੈ ਕਿ ਉਹ ਸਾਫ ਨਹੀਂ ਰਹਿੰਦੇ? ਇਸ ਦਾ ਜਵਾਬ ਸਾਫ ਹੈ, ਉਹ ਗਰੀਬ ਹਨ। ਗਰੀਬੀ ਦਾ ਇਲਾਜ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗਰੀਬ ਲੋਕੀਂ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਹਨਾਂ ਦੇ ਬਰਾਬਰ ਹੱਕ ਹਕੂਕ ਮੰਗਣਾ ਬੜੀ ਆਸ਼ਾ ਜਨਕ ਤਹਿਰੀਕ ਹੈ।

ਜਾਂ ਤੇ ਫਿਰਕਾਵਾਰਾਨਾ ਨਿਆਬ੍ਰਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਹਨਾਂ ਦੇ ਵੱਖਰੇ ਹਕੂਕ ਉਹਨਾਂ ਨੂੰ ਦੇਵੋ। ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਹਨਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਹਨਾਂ ਦੇ ਮੁੰਡਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਾਉਣ। ਪਰ ਜਿਸ ਲੈਜਿਸਲੈਟਿਵ ਵਿਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿਲ ਤੇ ਮਜ਼ਹਬ ਦੇ ਬਹਾਨੇ ਲੈ ਕੇ ਹਾਏ ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ।

ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਉਹਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉੱਠੋ ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ। ਆਪਣਾ ਇਤਿਹਾਸ ਦੇਖੋ। ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸ ਦਾ ਨਾਂ ਜਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਸਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁਖ ਵਿਚ ਵਾਧਾ ਕਰਕੇ ਅਤੇ ਜਿੰਦਗੀ ਮੁਮਕਿਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀਂ ਨਹੀਂ ਸਮਝਦੇ। (ਲੈਂਡ ਐਲੀਨੇਸ਼ਨ ਐਕਟ) ਇੰਤਕਾਲੇ ਅਰਾਜ਼ੀ ਐਕਟ ਦੇ ਮੁਤਾਬਕ ਤੁਸੀਂ ਪੈਸੇ ਇਕੱਠੇ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ 'ਤੇ ਇੰਨਾ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ ਆਪਣੀ ਤਾਕਤ ਪਛਾਣੋ।


ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਹਨਾਂ 'ਤੇ ਉਸ ਦਾ ਆਪਣਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫਿਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖਿਆਲ ਰੱਖਣਾ, ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਤੇ ਗਰੀਬੀ ਦਾ ਮੁੱਖ ਕਾਰਨ ਹੈ। ਇਸੇ ਕਰਕੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬੱਸ ਫਿਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਸੁਧਾਰ ਤੇ ਰਿਫਾਰਮ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੁਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉੱਠੋ ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਲੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ।

**–ਵਿਦਰੋਹੀ**

## ਗੁਰਦਿਆਂ ਦੀ ਬਿਮਾਰੀ ਨਾਲ਼ ਪੀੜਤ ਜ਼ਿੰਦਗੀ ਮੌਤ ਦਰਮਿਆਨ ਸੰਘਰਸ਼ ਕਰ ਰਹੇ

# ਸਤਨਾਮ ਸਿੰਘ ਵਲੋਂ ਇਲਾਜ ਲਈ ਮੱਦਦ ਵਾਸਤੇ ਅਰਜੋਈ





ਮੁਕੰਦਪੁਰ, (ਰੇਸ਼ਮ ਕਰਨਾਣਵੀ)- ਦੁੱਖ ਸੁੱਖ ਜ਼ਿੰਦਗੀ ਦੇ ਦੋ ਪਹਿਲੂ ਹਨ, ਸਿਆਣੇ ਕਹਿੰਦੇ ਹਨ,"ਦੁੱਖ ਹੋਵੇ, ਸੁੱਖ ਦਾ ਹੋਵੇ।" ਜੇ ਕਿਸੇ ਨੂੰ ਕੋਈ ਬਿਮਾਰੀ ਹੁੰਦੀ ਹੈ ਤਾਂ ਉਹ ਜਲਦੀ ਠੀਕ ਹੋਣ ਵਾਲੀ ਹੋਵੇ ਜਾਂ ਮਰੀਜ਼ ਦੀ ਬਿਮਾਰੀ ਦਾ ਇਲਾਜ ਕਰਵਾਉਣ ਦੀ ਸਮਰੱਥਾ ਹੋਵੇ। ਵਾਤਾਵਰਨ ਪ੍ਰਦੂਸ਼ਣ ਦੀਆਂ ਸਾਰੀਆਂ ਕਿਸਮਾਂ ਨਾਲ਼ ਗੰਧਲਾ ਹੁੰਦਾ ਜਾ ਰਿਹਾ ਹੈ। ਮਨੁੱਖ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਇਲਾਜ ਵੀ ਲਾ-ਇਲਾਜ ਹੁੰਦੇ ਜਾ ਰਹੇ ਹਨ। ਗਰੀਬ-ਗੁਰਬਾ ਆਪਣਾ ਇਲਾਜ ਕਰਵਾਉਣ ਦੇ ਅਸਮਰੱਥ ਹੈ। ਸਰਕਾਰੀ ਹਸਪਤਾਲ ਖੁਦ ਬਿਮਾਰ ਹਨ। ਸਮਾਂ ਹੋਰ ਭਿਆਨਕ ਹੁੰਦਾ ਜਾ ਰਿਹਾ ਹੈ। ਦੁਖੀ ਵਿਅਕਤੀ ਹੋਰ ਦੁਖੀ ਹੁੰਦਾ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਤੇ ਬੰਗਾ ਤਹਿਸੀਲ ਦੇ ਪਿੰਡ ਘੁੰਮਣ ਵਾਸੀ ਸਤਨਾਮ ਸਿੰਘ ਪੁੱਤਰ ਸ਼੍ਰੀ ਗਿੰਦੀ ਰਾਮ ਉਮਰ 35 ਸਾਲ ਦੇ 7 ਮਹੀਨੇ ਪਹਿਲਾਂ ਅਚਾਨਕ ਗੁਰਦੇ ਖਰਾਬ ਹੋ ਗਏ। ਦਿਹਾੜੀਦਾਰ ਸਤਨਾਮ ਸਿੰਘ ਜੀਵਨ ਸਾਥਣ ਅਤੇ ਆਪਣੇ ਦੋ ਮਾਸੂਮ ਬੱਚਿਆਂ ਅਰਸ਼ਦੀਪ ਉਮਰ 6 ਸਾਲ ਅਤੇ ਜਸਪ੍ਰੀਤ ਉਮਰ ਡੇਢ ਸਾਲ ਦਾ ਪਾਲਣ ਪੋਸ਼ਣ ਕਰਨ ਵਾਲਾ ਇੱਕਲਾ ਕਮਾਊ ਸੀ ਜੋ ਹੁਣ ਸਖਤ ਬਿਮਾਰ ਹੈ। ਹੁਣ ਮਜਦੂਰੀ ਕਰਨ ਤੋਂ ਵੀ ਲਾਚਾਰ ਹੈ।

ਸਤਨਾਮ ਸਿੰਘ ਪਿਛਲੇ 7 ਮਹੀਨੇ ਤੋਂ ਹੀ ਡਾਇਲਸਿਸ ਕਰਵਾ ਕੇ ਜ਼ਿੰਦਗੀ ਮੌਤ ਦਾ ਸੰਘਰਸ਼ ਕਰ ਰਿਹਾ ਹੈ। ਡਾਕਟਰਾਂ ਨੇ ਗੁਰਦੇ ਦੀ ਬਿਮਾਰੀ ਆਖਰੀ ਇਲਾਜ ਗੁਰਦਾ ਟਰਾਂਸਪਲਾਟ ਕਰਵਾਉਣਾ ਦੱਸਿਆ ਹੈ। ਜੋ ਉਸ ਦੇ ਵੱਸ ਤੋਂ ਬਾਹਰ ਦੀ ਗੱਲ ਹੈ। ਉਸ ਤੇ ਹੀ ਪਤਨੀ ਅਤੇ ਬੱਚੇ ਨਿਰਭਰ ਹਨ, ਜਿਹਨਾਂ ਵਾਸਤੇ ਉਹ ਜ਼ਿੰਦਗੀ ਜਿਉਣੀ ਚਾਹੁੰਦਾ ਹੈ।

ਸਤਨਾਮ ਸਿੰਘ ਅਤੇ ਪਰਿਵਾਰ ਵਲੋਂ ਬੇਨਤੀ ਹੈ ਕਿ ਦਾਨੀ ਸੱਜਣ ਉਸ ਦੀ ਮੱਦਦ ਲਈ ਮਾਲੀ ਸਹਿਯੋਗ ਅਤੇ ਹੌਸਲਾ ਦੇਣ ਦਾ ਉਪਰਾਲਾ ਕਰਨ ਜਿਸ ਨਾਲ਼ ਉਸ ਦਾ ਇਲਾਜ ਸੰਭਵ ਹੋ ਸਕੇ ਕਿਉਂਕਿ ਹਰ ਮਹੀਨੇ ਡਾਇਲਸਿਸ ਤੇ ਹਰ ਮਹੀਨੇ 6 ਹਜ਼ਾਰ ਰੁਪਏ ਖਰਚ ਆ ਜਾਂਦਾ ਹੈ। ਗੁਰਦਾ ਬਦਲਣ ਤੇ ਕਰੀਬ 9 ਲੱਖ ਰੁਪਏ ਖਰਚ ਆਵੇਗਾ। ਸਤਨਾਮ ਸਿੰਘ ਦੇ ਪਰਿਵਾਰ ਵਲੋਂ ਸਮਾਜਿਕ, ਧਾਰਮਿਕ ਸੰਸਥਾਵਾਂ ਅਤੇ ਸਰਕਾਰ ਨੂੰ ਅਰਜੋਈ ਹੈ ਕਿ ਉਸ ਦੀ ਜ਼ਿੰਦਗੀ ਬਚਾਉਣ ਦੀ ਮੱਦਦ ਕੀਤੀ ਜਾਵੇ ਤਾਂ ਕਿ ਉਸ ਦਾ ਇਲਾਜ ਹੋ ਸਕੇ ਅਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਦੇ ਯੋਗ ਹੋ ਸਕੇ।

ਸਤਨਾਮ ਸਿੰਘ ਨਾਲ਼ ਉਸ ਦੇ ਮੋਬਾਇਲ ਨੰਬਰ 91-70871 87254 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡੇਰਾ 'ਸੱਚਾ' ਸੌਦਾ ਹੁਣ ਤੱਕ ਦਾ ਲੇਖਾ ਜੋਖਾ!

**(ਸਫਾ 4 ਦੀ ਬਾਕੀ)**

ਸੰਪਤੀ ਤੇ ਫੈਕਟਰੀਆਂ ਵੇਚ ਕੇ ਜੋ ਪੈਸਾ ਕਮਾਇਆ ਹੈ ਉਹ ਡੇਰਾ ਸੱਚਾ ਸੌਦਾ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਫੈਕਟਰੀਆਂ 'ਚ ਨਿਵੇਸ਼ ਕਰ ਦਿੱਤਾ। ਉਨ੍ਹਾਂ ਨੂੰ ਯਾਕੀਨ ਦਿਵਾਇਆ ਗਿਆ ਸੀ ਕਿ ਉਨ੍ਹਾਂ ਨੂੰ ਮੁਨਾਫਾ ਵੀ ਦਿੱਤਾ ਜਾਵੇਗਾ। ਸਾਲ 1997 'ਚ ਉਨ੍ਹਾਂ ਦਾ ਪਰਿਵਾਰ ਡੇਰਾ ਸੱਚਾ ਸੌਦਾ 'ਚ ਸ਼ਿਫਟ ਹੋ ਗਿਆ।

ਇਸ ਪਿਛੋਂ 2002 ਵਿੱਚ ਇੱਕ ਗੁੰਮਨਾਮ ਚਿੱਠੀ ਓਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੂੰ ਮਿਲੀ ਜਿਸ ਵਿੱਚ ਡੇਰੇ ਦੀ ਇੱਕ ਸਾਧਵੀ ਨੇ ਸਾਧ ਦਾ ਕਾਲਾ ਚਿੱਠਾ ਲਪੇਟਿਆ ਹੋਇਆ ਸੀ। ਇਹਦੀ ਇੱਕ ਕਾਪੀ ਕੁਝ ਕੁ ਅਖਬਾਰਾਂ ਅਤੇ ਹਾਈ ਕੋਰਟ ਤੇ ਸੁਪਰੀਮ ਕੋਰਟ ਨੂੰ ਵੀ ਭੇਜੀ ਗਈ। ਸਭ ਤੋਂ ਪਹਿਲੀ ਖਬਰ ਸਿਰਸਾ ਨਿਵਾਸੀ ਪੱਤਰਕਾਰ ਰਾਮਚੰਦਰ ਛੱਤਰਪਤੀ ਨੇ ਆਪਣੇ ਛੋਟੇ ਜਿਹੇ ਅਖਬਾਰ "ਪੂਰਾ ਸੱਚ" ਵਿੱਚ ਪ੍ਰਕਾਸ਼ਿਤ ਕਰਕੇ ਸਭ ਨੂੰ ਸੁੰਨ ਚਾੜ ਦਿੱਤਾ ਸੀ ਅਤੇ ਇਸੇ ਖਬਰ ਦਾ ਨੋਟਿਸ ਲੈਂਦਿਆ ਸੀ ਬੀ ਆਈ ਨੂੰ ਜਾਂਚ ਸੌਂਪੀ ਗਈ। ਸਾਧਵੀ ਯੌਨ ਸ਼ੋਸ਼ਣ ਮਾਮਲੇ ਦੀ ਜਾਂਚ ਕਰਨਾ ਸੀ. ਬੀ. ਆਈ. ਲਈ ਬਹੁਤ ਹੀ ਮੁਸ਼ਕਿਲ ਕੰਮ ਸੀ, ਨਾ ਸਬੂਤ ਤੇ ਨਾ ਹੀ ਗਵਾਹ। ਸੀ. ਬੀ. ਆਈ. ਕੋਲ ਜੇਕਰ ਕੁੱਝ ਸੀ ਤਾ ਸਿਰਫ਼ ਇਕ ਗੁੰਮਨਾਮ ਚਿੱਠੀ। ਇਸੇ ਚਿੱਠੀ ਦੇ ਸਹਾਰੇ ਹੀ ਸੀ. ਬੀ. ਆਈ ਨੇ ਸਾਲ 2002 ਵਿਚ ਆਪਣੀ ਜਾਂਚ ਪ੍ਰਕਿਰਿਆ ਸ਼ੁਰੂ ਕੀਤੀ ਸੀ, ਜੋ 5 ਸਾਲ ਦੀ ਲੰਬੀ ਮੁਸ਼ੱਕਤ ਤੋਂ ਬਾਅਦ 30 ਜੁਲਾਈ, 2007 ਨੂੰ ਪੂਰੀ ਹੋ ਸਕੀ। ਸੀ. ਬੀ. ਆਈ. ਨੇ ਪੰਜ ਸਾਲਾਂ ਵਿਚ ਗਵਾਹ ਲੱਭੇ। ਜਾਂਚ ਦਾ ਜ਼ਿੰਮਾ ਸੀ. ਬੀ. ਆਈ. ਦੇ ਵੱਡੇ ਅਫ਼ਸਰ ਡੀ. ਆਈ. ਜੀ. ਐੱਮ. ਨਰਾਇਣ ਤੇ ਡੀ. ਐੱਸ. ਪੀ. ਸਤੀਸ਼ ਡਾਗਰ ਨੂੰ ਸੌਂਪਿਆ ਗਿਆ ਸੀ। ਦੋਵਾਂ ਅਫ਼ਸਰਾਂ ਨੇ 30 ਜੁਲਾਈ 2007 ਨੂੰ ਅੰਬਾਲਾ ਵਿਚ ਵਿਸ਼ੇਸ਼ ਸੀ. ਬੀ. ਆਈ. ਜੱਜ ਦੇ ਨਿਵਾਸ 'ਤੇ ਚਾਰਜਸ਼ੀਟ ਦਾਇਰ ਕੀਤੀ ਸੀ। ਅਗਲੇ ਹੀ ਸਾਲ 2008 ਵਿਚ ਅੰਬਾਲਾ ਵਿਚ ਸੀ. ਬੀ. ਆਈ. ਅਦਾਲਤ ਵਿਚ ਡੇਰਾ ਮੁਖੀ ਦੇ ਖਿਲਾਫ਼ ਦੋਸ਼ ਤੈਅ ਕੀਤਾ ਗਿਆ ਸੀ। ਉਸ ਤੋਂ ਬਾਅਦ 9 ਸਾਲ ਤੱਕ ਟ੍ਰਾਇਲ ਦੀ ਪ੍ਰਕਿਰਿਆ ਚੱਲਦੀ ਰਹੀ, 52 ਵੱਖ-ਵੱਖ ਗਵਾਹਾਂ ਨੇ ਬਿਆਨ ਦਿੱਤੇ। 15 ਪ੍ਰੋਸੀਕਿਊਸ਼ਨ ਤੇ 37 ਡਿਫੈਂਸ ਦੇ ਗਵਾਹ ਇਸ ਲਿਸਟ ਵਿਚ ਸ਼ਾਮਲ ਸਨ!

ਡੇਰਾ ਮੁਖੀ 'ਤੇ ਯੌਨ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀ ਮੁਖ ਸਾਧਵੀ ਨੇ ਅਦਾਲਤ ਵਿਚ ਅਹਿਮ ਬਿਆਨ ਦਿੱਤਾ ਹੈ। ਸੀ. ਬੀ. ਆਈ. ਦੀ ਚਾਰਜਸ਼ੀਟ ਅਨੁਸਾਰ ਮੁਖ ਸਾਧਵੀ ਕੁਰੂਕਸ਼ੇਤਰ ਤੇ ਖਾਨਪੁਰ ਕੌਲੀਆਂ ਨਿਵਾਸੀ ਰਣਜੀਤ ਸਿੰਘ ਦੀ ਭੈਣ ਹੈ। ਰਣਜੀਤ ਸਿੰਘ ਦੀ 10 ਜੁਲਾਈ, 2002 ਨੂੰ ਗੋਲੀ ਮਾਰ ਦੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ ਵੀ ਡੇਰੇ ਦੇ ਲੋਕਾਂ 'ਤੇ ਹੀ ਹੱਤਿਆ ਦਾ ਦੋਸ਼ ਲਗਦਾ ਆ ਰਿਹਾ ਹੈ। ਰਣਜੀਤ ਲੰਬੇ ਸਮੇਂ ਤੋਂ ਡੇਰੇ ਦਾ ਭਗਤ ਸੀ ਤੇ ਉਹ ਪਰਿਵਾਰ ਸਮੇਤ ਡੇਰੇ ਵਿਚ ਹੀ ਰਹਿੰਦਾ ਸੀ। ਚਾਰਜਸ਼ੀਟ ਅਨੁਸਾਰ ਰਣਜੀਤ ਸਿੰਘ ਇਕ ਸਾਲ ਪਹਿਲਾਂ ਆਪਣੀ ਸਾਧਵੀ ਭੈਣ ਤੇ ਬੇਟੀਆਂ ਨਾਲ ਡੇਰਾ ਛੱਡ ਕੇ ਜਾ ਚੁੱਕਿਆ ਸੀ। ਸਾਧਵੀ ਨੇ ਦੱਸਿਆ ਕਿ ਉਹ 1999 ਵਿਚ ਡੇਰੇ 'ਚ ਆਈ ਸੀ, ਉਹ ਨਵੇਂ ਡੇਰੇ ਵਿਚ ਰਹਿੰਦੀ ਸੀ ਤੇ ਸਾਲ 2001 ਤੱਕ ਡੇਰੇ ਵਿਚ ਰਹੀ। ਇਸੇ ਦੌਰਾਨ ਅਕਤੂਬਰ ਵਿਚ ਉਸ ਦਾ ਵਿਆਹ ਹੋ ਗਿਆ। ਸਾਧਵੀ ਨੇ ਦੱਸਿਆ ਕਿ ਪੁਰਾਣੇ ਡੇਰੇ ਵਿਚ ਜਿਥੇ ਡੇਰਾ ਮੁਖੀ ਗੁਫ਼ਾ ਵਿਚ ਰਹਿੰਦੇ ਸਨ, ਉਥੇ ਸਾਧਵੀਆਂ ਦੀ ਸੰਤਰੀ ਡਿਊਟੀ ਲੱਗਦੀ ਸੀ। ਜਦ ਉਹ ਗੁਫ਼ਾ ਦੇ ਗੇਟ 'ਤੇ ਸੰਤਰੀ ਡਿਊਟੀ 'ਤੇ ਸੀ ਤਾਂ ਉਸ ਨੇ ਦੇਖਿਆ ਕਿ ਦੋ ਸਾਧਵੀਆਂ ਦੇਰ ਰਾਤ ਡੇਰੇ ਵੱਲ ਜਾ ਰਹੀਆਂ ਸਨ। ਕੁੱਝ ਸਮੇਂ ਬਾਅਦ ਇਕ ਨੇ ਡੇਰਾ ਪ੍ਰਮੁੱਖ ਨੂੰ ਗਾਲ੍ਹਾਂ ਕੱਢਦਿਆਂ ਡੇਰਾ ਛੱਡ ਦਿੱਤਾ। ਮੁੱਖ ਸਾਧਵੀ ਨੇ ਦੱਸਿਆ ਕਿ ਉਸ ਨੇ ਇਕ ਹੋਰ ਸਾਧਵੀ ਨੂੰ ਗੁਫ਼ਾ ਤੋਂ ਬਾਹਰ ਆਉਂਦਿਆਂ ਦੇਖਿਆ ਤੇ ਉਹ ਰੋ ਰਹੀ ਸੀ। ਉਸ ਦੇ ਅਗਲੇ ਦਿਨ ਉਸ ਦੇ ਪਰਿਵਾਰ ਵਾਲੇ ਡੇਰੇ ਵਿਚ ਆਏ ਤੇ ਫਿਰ ਇਕ ਸਾਧਵੀ ਨੇ ਡੇਰਾ ਮੁਖੀ ਨੂੰ ਰਾਕਸ਼ਸ਼ ਦੱਸਦਿਆਂ ਡੇਰਾ ਛੱਡ ਦਿੱਤਾ। ਇਸੇ ਤਰ੍ਹਾਂ ਇਕ ਹੋਰ ਸਾਧਵੀ ਨੇ ਵੀ ਬਾਬਾ ਦੇ ਵਿਵਹਾਰ ਨੂੰ ਗਲਤ ਦੱਸਦਿਆਂ ਡੇਰਾ ਛੱਡ ਦਿੱਤਾ ਸੀ। ਚਾਰਜਸ਼ੀਟ ਮੁਤਾਬਿਕ ਮੁੱਖ ਸਾਧਵੀ ਨਾਲ ਦੋ ਵਾਰ ਜਬਰ-ਜ਼ਨਾਹ ਕੀਤਾ ਗਿਆ। ਉਸ ਨੇ ਦੱਸਿਆ ਕਿ ਉਹ ਆਪਣੀ ਗੱਲ ਇਸ ਲਈ ਕਿਸੇ ਨੂੰ ਨਹੀਂ ਦੱਸ ਸਕਦੀ ਸੀ, ਕਿਉਂਕਿ ਡੇਰੇ ਦਾ ਰਾਜਨੀਤੀ ਤੇ ਪ੍ਰਸ਼ਾਸਨ 'ਤੇ ਦਬਾਅ ਸੀ ਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ ਸੀ। ਰਾਮਚੰਦਰ ਛੱਤਰਪਤੀ ਯਾਦ ਹੈ ਜਿਸ ਨੇ ਸਿਰਸੇ ਵਿੱਚ ਰਹਿੰਦਿਆ ਆਪਣੇ ਛੋਟੇ ਜਿਹੇ ਅਖਬਾਰ "ਪੂਰਾ ਸੱਚ " ਰਾਹੀ ਸਾਧ ਦੀਆਂ ਕਰਤੂਤਾਂ ਨੰਗੀਆਂ ਕੀਤੀਆਂ ਸਨ। ਉਸਤੇ ਵੀ ਕਾਤਲਾਨਾਂ ਹਮਲਾ ਹੋਇਆ ਸੀ ।

ਗੋਲੀਆਂ ਲੱਗਣ ਤੋਂ ਬਾਅਦ ਵੀਹ ਦਿਨ ਜਿੰਦਾ ਰਿਹਾ ਪਰ ਮੌਕੇ ਦੀ ਚੌਟਾਲਾ ਸਰਕਾਰ ਨੇ ਉਸਦੇ ਬਿਆਨ ਤੱਕ ਲੈਣੇ ਜਰੂਰੀ ਨਹੀਂ ਸਮਝੇ..!

ਰਾਮਚੰਦਰ ਛੱਤਰਪਤੀ ਜੀ ਦੀ ਕੁਰਬਾਨੀ ਤੇ ਲੇਖ ਰਾਜ, ਅਸ਼ਵਨੀ ਬਖਸ਼ੀ,ਆਰ ਐਸ ਚੀਮਾਂ ਤੇ ਰਾਜਿੰਦਰ ਸੱਚਰ ਜੈਸੇ ਵਕੀਲਾਂ ਦੀ ਬਦੌਲਤ ਅੱਜ ਸਾਧ ਸਲਾਖਾਂ ਪਿੱਛੇ ਹੈ । ਇਹ ਉਹ ਵਕੀਲ ਹਨ ਜਿੰਨਾਂ ਨੇ ਬਿਨਾਂ ਪੈਸੇ ਲਏ ਸਾਧਵੀਆਂ ਤੇ ਰਾਮਚੰਦਰ ਛੱਤਰਪਤੀ ਦੇ ਪਰਿਵਾਰ ਦਾ ਕੇਸ ਲੜਿਆ। ਸੀਬੀਆਈ ਦੇ ਡੀ ਐਸ ਪੀ ਸ਼ਤੀਸ਼ ਡਾਂਗਰ ਜੀ ਦੀ ਬਹੁਤ ਵੱਡੀ ਦੇਣ ਹੈ। ਜਿੰਨਾਂ ਦੀ ਹੌਸਲਾ ਅਫਜਾਈ ਤੇ ਦੇਖਭਾਲ ਕਰਕੇ ਦੋ ਸਾਧਵੀਆਂ ਪੰਦਰ ਸਾਲ ਤੱਕ ਸਾਧ ਦੇ ਖਿਲਾਫ ਡਟੀਆਂ ਰਹੀਆਂ। ਉਹਨਾਂ ਦੋਵਾਂ 'ਚੋ ਇੱਕ ਦਾ ਸਹੁਰਾ ਪਰਿਵਾਰ ਸਾਧ ਦਾ ਭਗਤ ਸੀ । ਜਿਸ ਨੂੰ ਪਤਾ ਲੱਗਣ ਤੇ ਉਹਨਾਂ ਨੇ ਆਪਣੀ ਨੂੰਹ ਨੂੰ ਘਰੋਂ ਕੱਢਤਾ ਸੀ । ਮੇਰਾ ਸਲਾਮ ਹੈ ਉਹਨਾਂ ਦੋਵਾਂ ਭੈਣਾਂ ਨੂੰ..!

ਰਾਮਚੰਦਰ ਛੱਤਰਪਤੀ ਦੇ ਬੇਟੇ ਨੂੰ ਇੱਕ ਗੰਨਮੈਨ ਮਿਲਿਆ ਹੋਇਆ ਹੈ । ਆਪਣੀ ਜਾਂਨ ਦੀ ਪ੍ਰਵਾਹ ਨਾ ਕਰਦਿਆਂ ਰਾਮਚੰਦਰ ਛੱਤਰਪਤੀ ਦਾ ਪਰਿਵਾਰ ਤੇ ਦੋਵੇਂ ਭੈਣਾਂ ਇੱਕ ਗੰਨਮੈਨ ਦੇ ਨਾਲ ਪੰਚਕੂਲੇ ਕੋਰਟ ਵਿੱਚ ਤਰੀਕਾਂ ਭੁਗਤਨ ਜਾਂਦੇ ਸਨ। ਜੱਜ ਜਗਦੀਪ ਸਿੰਘ ਨੇ ਇਤਿਹਾਸਕ ਫੈਸਲਾ ਸੁਣਾਕੇ ਕਨੂੰਨ ਦੇ ਰਾਜ ਦਾ ਭਰੋਸਾ ਲੋਕਾਂ ਵਿੱਚ ਬਹਾਲ ਕੀਤਾ ਹੈ। ਸਰਕਾਰੀ ਵਕੀਲ ਐਚ ਪੀ ਐਸ ਵਰਮਾ ਨੇ ਤੱਥਾਂ ਦੇ ਅਧਾਰਤ ਕੇਸ ਦੀ ਪੈਰਵਾਈ ਕਰਕੇ ਇਸ ਕੇਸ ਨੂੰ ਮਜਬੂਤੀ ਬਖਸ਼ੀ ਤੇ ਸਾਧ ਸਲਾਖਾਂ ਪਿੱਛੇ ਗਿਆ। ਜਿਸ ਦਿਨ ਸਾਧ ਨੂੰ ਦੋਸ਼ੀ ਗਰਦਾਨਿਆਂ ਗਿਆ ਓਸ ਦਿਨ ਬਲਾਤਕਾਰੀ ਸਾਧ ਦੇ ਚੇਲਿਆ ਨੇ ਬਹੁਤ ਸੋਚੀ ਸਮਝੀ ਤੇ ਪਹਿਲਾਂ ਤੋਂ ਨਿਰਧਾਰਤ ਸਕੀਮ ਤਹਿਤ ਡੰਡੇ, ਸੋਟੇ, ਪੱਥਰ ਦੇ ਨਾਲ-ਨਾਲ ਡੀਜ਼ਲ,ਪਟਰੋਲ ਨੂੰ ਕਿਵੇ ਵਰਤਨਾ ਇਸ ਬਾਰੇ ਵੀ ਪਲਾਨ ਕੀਤਾ ਹੋਇਆ ਸੀ । ਤੇਲ ਦੀ ਵਰਤੋਂ ਕਰਨ ਵਾਸਤੇ ਚੇਲਿਆ ਨੇ ਬਰਫ ਤੋੜਨ ਵਾਲੇ ਸੂਏ ਟਾਇਪ ਹਥਿਆਰਾਂ ਦੀ ਵਰਤੋਂ ਕੀਤੀ । ਜਿਸ ਨੂੰ ਵੀਹਕਲ ਦੀ ਟੈਂਕੀ ਵਿੱਚ ਮਾਰਕੇ ਮੋਰੀ ਕਰਦੇ ਤੇ ਅੱਗ ਲਾ ਦਿੰਦੇ ਸਨ । ਹੁਣ ਸਵਾਲ ਖੜਾ ਹੁੰਦਾ ਖੱਟੜ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਤੇ ਕਿ ਉਹਨਾਂ ਕੇਹੋ ਜਿਹੀ ਤਲਾਸ਼ੀ ਲਈ ਲੋਕਾਂ ਦੀ.... ਧਾਰਾ 144 ਦੇ ਬਾਵਜੂਦ ਕਿਉਂ ਕੱਠ ਹੋ ਗਿਆ ਐਨਾ..? ਜੇ ਕੱਠ ਹੋ ਵੀ ਗਿਆ ਤਾਂ ਜਦ ਹੁੱਲੜਬਾਜੀ ਤੇ ਗੱਡੀਆਂ ਨੂੰ ਅੱਗ ਲਾਉਣ ਦੀਆਂ ਕੋਸ਼ਿਸਾਂ ਹੋ ਰਹੀਆਂ ਸਨ ਤਾਂ ਸੂਬਾ ਪੁਲਿਸ ਕਿਉਂ ਮੂਕ ਦਰਸ਼ਕ ਬਣੀ ਵੇਖ ਰਹੀ ਸੀ ...?

ਚੰਡੀਗੜ੍ਹ ਤੋਂ ਕੁਝ ਪੱਤਰਕਾਰ ਵੀਰਾਂ ਨਾਲ ਗੱਲਬਾਤ ਕਰਨ ਤੇ ਪਤਾ ਲੱਗਾ ਕਿ ਅੱਗ ਲਾਉਣ ਤੇ ਦੰਗਾਈ ਰੰਗਤ ਦੇਣ ਵਿੱਚ ਵੱਡੀ ਭੂਮਿਕਾ ਔਰਤਾਂ ਨੇ ਨਿਭਾਈ ਮੀਡੀਏ ਦੀ ਪਹਿਚਾਣ ਕਰਕੇ ਹਮਲਾ ਕੀਤਾ ਗਿਆ। ਜਿਹੜੇ ਇੰਸ਼ਾਂ ਸ਼ਬਦ ਲਾਉਦੇ ਸਨ ਆਪਣੇ ਨਾਮ ਮਗਰ ਤੇ ਦੂਸਰਿਆ ਨੂੰ ਉਪਦੇਸ਼ ਦਿੰਦੇ ਸਨ ਕੀ ਇਨਸਾਨ ਬਣੋ, ਇਨਸਾਨੀਅਤ ਹੀ ਵੱਡਾ ਧਰਮ ਹੈ ਕੁੱਝ ਸਕਿੰਟਾਂ ਵਿੱਚ ਹੀ ਹੈਵਾਨ ਬਣ ਗਏ, ਲੋਕਾਂ ਨੂੰ ਗਾਜਰ ਮੂਲੀ ਸਮਝਣ ਦੇ ਨਾਲ-ਨਾਲ ਦੇਸ਼ ਦੇ ਕਨੂੰਨ ਸੰਵੀਧਾਨ ਨੂੰ ਕਿੱਲੇ ਟੰਗ ਬਲਾਤਕਾਰੀ ਸਾਧ ਵਾਸਤੇ ਜਾਨਾਂ ਲੈਣ ਦੇਣ ਨੂੰ ਪੰਜਾਬ ਚੰਡੀਗੜ੍ਹ ਹਾਈ ਕੋਰਟ ਦਾ ਬਹੁਤ ਵੱਡਾ ਤੇ ਸਲਾਘਾ ਭਰਭੂਰ ਕਦਮ ਹੈ ਕਿ ਜੋ ਵੀ ਨੁਕਸਾਨ ਬਲਾਤਕਾਰੀ ਸਾਧ ਕਰਕੇ ਹੋਇਆ । ਉਸ ਦੀ ਭਰਪਾਈ ਡੇਰੇ ਦੀ ਚੱਲ ਅਚੱਲ ਜਮੀਨ ਜਾਇਦਾਦ ਤੋਂ ਕੀਤੀ ਜਾਵੇ । ਇਹ ਬਹੁਤ ਪਹਿਲਾਂ ਤੋਂ ਹੋਣਾ ਚਾਹੀਦਾ ਸੀ ਪਰ 'ਦੇਰ ਆਏ ਦਰੁਸਤ ਆਏ, ਜੋ ਪੰਜਾਬ ਸਿਰ ਇਹਨਾਂ ਦਿਨਾਂ ਵਿੱਚ ਕੇਂਦਰੀ ਬਲਾਂ ਕਰਕੇ ਕਰਜ਼ਾ ਬਣੇਗਾ । ਉਸਦੀ ਭਰਪਾਈ ਵੀ ਡੇਰੇ ਤੋਂ ਵਸੂਲ ਕੀਤੀ ਜਾਣੀ ਚਾਹੀਦੀ ਹੈ । ਲੋਕਾਂ ਨੂੰ ਇਸ ਗੱਲ ਤੋਂ ਸਬਕ ਲੈਣਾਂ ਚਾਹੀਦਾ ਕਿ ਕੱਲ ਤੱਕ ਜੋ ਆਪਣੇ ਆਪ ਨੂੰ ਰੱਬ ਦਾ ਦੂਤ ਦੱਸਦਾ ਸੀ ਰੋਹਤਕ ਵਿੱਚ ਜੱਜ ਜਗਦੀਪ ਸਿੰਘ ਸਾਹਮਣੇ ਆਪਣੀ ਸਜਾ ਘੱਟ ਕਰਨ ਲਈ ਹੱਥ ਜੋੜੀ ਰੋ-ਰੋਕੇ ਮੁਆਫ਼ੀ ਮੰਗਦਾ ਸਜਾ ਘੱਟ ਕਰਨ ਲਈ ਗਿੜਗੜਾ ਰਿਹਾ ਸੀ ਪਰ ਜੱਜ ਨੇ ਇੱਕ ਨਾਂ ਸੁਣੀ ਤੇ ਦਸ ਸਾਲ ਦੀ ਸਖਤ ਸਜਾ ਸੁਣਾਈ।

ਇੱਕ ਗੱਲ ਹੋਰ ਜਿਹੜੇ ਲੋਕ ਆਪਣੀਆਂ ਧੀਆਂ ਦੀ ਗੱਲ ਨਹੀਂ ਸੁਣਦੇ ਓਹਨਾਂ ਨੂੰ ਬੇਨਤੀ ਹੈ ਕਿ ਇਹਨਾਂ ਧਾਰਮਿਕ ਸਥਾਨਾਂ ਤੇ ਅਕਸਰ ਇਹ ਸਾਧ ਬੱਚੇ ਬੱਚੀਆਂ ਨਾਲ ਕੁਕਰਮ ਕਰਦੇ ਆਏ ਨੇ ਤੇ ਕਰਦੇ ਰਹਿਣਗੇ ਕਿਰਪਾ ਕਰਕੇ ਆਪਣੇ ਜ਼ਿਗਰ ਦੇ ਟੋਟਿਆ ਨੂੰ ਇਹਨਾਂ ਹਵਾਲੇ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਿਓ। ਅਗਰ ਤੁਹਾਡਾ ਬੱਚਾ ਤੁਹਾਨੂੰ ਕੁਝ ਅਜਿਹੇ ਕਾਰਿਆ ਬਾਰੇ ਦੱਸਣਾ ਚਹੁੰਦਾ ਤਾਂ ਓਹਨਾਂ ਨੂੰ ਹਲਕੇ ਵਿੱਚ ਨਾਂ ਲਵੋਂ ਸਗੋਂ ਧਿਆਨ ਨਾਲ ਸੁਣੋਂ।

ਮੈਨੂੰ ਨਹੀ ਲਗਦਾ ਕਿ ਬਾਬਾ ਹੁਣ ਜੇਲ੍ਹ ਤੋਂ ਬਾਹਰ ਆ ਸਕੇਗਾ ਕਿਉਕੇ ਸਾਧਵੀ ਬਲਾਤਕਾਰ ਕੇਸ ਦੇ ਪਿੱਛੇ ਪਿੱਛੇ ਰਣਜੀਤ ਸਿੰਘ, ਛੱਤਰਪਤੀ ਕਤਲ ਕੇਸ ਅਤੇ ਢਾਈ ਸੌ ਸਾਧੂਆਂ ਨੂੰ ਨਿਪੁਨਸਕ ਬਣਾਉਣ ਵਾਲਾ ਕੇਸ ਵੀ ਤੁਰਿਆ ਆਉਦਾ ਹੈ।

ਮੈਂ ਤਾਂ ਸਿਆਸੀ ਪਾਰਟੀਆਂ ਨੂੰ ਇਹੋ ਬੇਨਤੀ ਕਰਨੀ ਚਾਹੂੰਗਾ ਕਿ ਚੰਦ ਵੋਟਾ ਦੀ ਖਾਤਰ ਇਹੋ ਜਿਹੇ ਭੂਤਰੇ ਸਾਧਾਂ ਨੂੰ ਭੋਏਂ ਨਾਂ ਚੜਨ ਦਿਆ ਕਰੋ, ਫਿਰ ਜਦੋਂ ਇਹ ਮਸਤਦੇ ਹਨ ਜੋ ਵੀ ਖੂੰਨ ਡੁਲਦਾ ਓਹ ਇਨਸਾਨੀਅਤ ਦਾ ਹੀ ਡੁਲਦਾ ਹੈ। ਜਦੋਂ ਜਾਤੀਵਾਦ ਕਰਕੇ ਪਛੜੇ ਲੋਕਾਂ ਨੂੰ ਨੀਵਾਂ ਵਿਖਾਇਆ ਜਾਂਦਾ ਤਾਂ ਲੋਕ ਇਹੋ ਜਿਹੇ ਡੇਰਿਆਂ ਦੇ ਸਰਧਾਲੂ ਬਣਦੇ ਹਨ ਸਾਡੇ ਧਾਰਮਿਕ ਲੀਡਰ ਵੀ ਇਸ ਪਾਸੇ ਜਰੂਰ ਧਿਆਨ ਦੇਣ ਹੁਣ ਵੀ ਬਹੁਤ ਸਾਰੇ ਪ੍ਰੇਮੀ ਡੇਰੇ ਨਾਲੋਂ ਟੁਟਣਗੇ ਸਾਡਾ ਫਰਜ ਬਣਦਾ ਓਹਨਾਂ ਨੂੰ ਗਲ੍ਹ ਲਾਉਣ ਦਾ, ਅਗਰ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਮੁੜ ਆਵੇ ਓਹਨੂੰ ਭੁਲਿਆ ਨਹੀਂ ਕਹਿੰਦੇ। ਰੱਬ ਰਾਖਾ

------

# ਪਿੰਡ ਦੀਵਾਲਾ ਦਾ ਗੁੱਗਾ ਮਾੜੀ ਮੇਲਾ

**(ਸਫਾ 6 ਦੀ ਬਾਕੀ)**

ਅਜੀਬ ਕਿਸਮ ਦਾ ਦਿਲ ਮੋਹਣਾ ਸੰਗੀਤ ਸੁਣ ਰਿਹਾ ਹੁੰਦਾ ਏ, ਕਿਧਰੇ ਗੁੱਗੇ ਦੀਆ ਬਖਸ਼ਿਸ਼ਾਂ ਦਾ ਸ਼ਬਦ ਜਾਂ ਭਜਨ ਕਿਧਰੇ ਛੋਟੇ-ਵੱਡੇ ਪੰਘੂੜਿਆਂ ਦੀ ਰੀਂ-ਰੀਂ ਦੀਆਂ ਅਵਾਜ਼ਾਂ ਸੁਣਨ ਵਿਚ ਆਉਂਦੀਆ ਨੇ। ਮੇਲੇ ਵਿਚ ਗਵਈਏ, ਕਵੀਸ਼ਰ, ਢਾਡੀ, ਭਾਂਤ-ਭਾਂਤ ਦੇ ਦੁਕਾਨਦਾਰ, ਮਸ਼ੀਨੀ ਝੂਲੇ ਵਾਲੇ ਭਾਰੀ ਗਿਣਤੀ ਵਿਚ ਸ਼ਮਿਲ ਹੁੰਦੇ ਹਨ। ਦੁਕਾਨਦਾਰ ਮੇਲੇ ਵਿਚ ਦੁਕਾਨਾਂ ਲਾਉਣ ਲਈ ਮਹੀਨਾ ਪਹਿਲਾਂ ਹੀ ਥਾਂ ਮੱਲ ਲੈਂਦੇ ਹਨ। ਅਸਮਾਨ ਛੂੰਹਦੇ ਚੰਡੋਲ ਕਈ ਦਿਨ ਪਹਿਲਾਂ ਮੇਲੇ ਦਾ ਸਿੰਗਾਰ ਬਣ ਜਾਂਦੇ ਹਨ। ਮਾੜੀ ਦੇ ਆਲੇ ਦੁਆਲੇ ਮੇਲਾ ਇਕ ਜਾਦੂ ਨਗਰੀ ਜਾਪਦਾ ਹੈ।

ਇਸ ਮੇਲੇ ਦਾ ਇਕੱਠ ਆਪਣੀ ਮਿਸ਼ਾਲ ਆਪ ਹੈ। ਤਹਿਸੀਲ ਸਮਰਾਲਾ ਦਾ ਇਹ ਸਭ ਤੋਂ ਵੱਡਾ ਗੁੱਗਾ ਮਾੜੀ ਮੇਲਾ ਹੈ। ਇਸ ਮੇਲੇ ਦੀ ਵਿਲੱਖਣਤਾ ਇਹ ਹੈ ਕਿ ਇਸ ਮੇਲੇ ਵਿਚੋਂ ਛੁਪਾਰ ਦੇ ਮੇਲੇ ਦਾ ਹੂ-ਬ-ਹੂ ਰੂਪ ਦੇਖਣ ਨੂੰ ਮਿਲ ਜਾਂਦਾ ਹੈ। ਦੁਪਹਿਰ 2 ਕੁ ਵਜੇ ਤੋਂ ਬੜਾ ਭਾਰੀ ਛਿੰਝ ਮੇਲਾ ਵੀ ਬੜੀ ਸ਼ਾਨੋ ਸ਼ੋਕਤ ਨਾਲ ਕਰਵਾਇਆ ਜਾਂਦਾ ਹੈ।

ਜਿਸ 'ਚ ਪੰਜਾਬ ਅਤੇ ਨੇੜਲੇ ਸੂਬਿਆਂ ਦੇ ਨਾਮੀ-ਗਰਾਮੀ ਪਹਿਲਵਾਨ ਸਿਰਕਤ ਕਰਦੇ ਹਨ। ਇਹ ਮੇਲਾ ਵੀ ਪੰਜਾਬ ਦੇ ਮਸ਼ਹੂਰ ਮੇਲਿਆਂ ਦੀ ਕਤਾਰ 'ਚ ਸ਼ਾਮਲ ਹੋ ਗਿਆ ਹੈ। ਇਹ ਮੇਲਾ ਜਿੱਥੇ ਆਪਸੀ ਰਿਸ਼ਤਿਆਂ ਵਿਚ ਨਿੱਘ ਵਧਾਉਂਦਾ ਹੈ, ਉੱਥੇ ਸਭਿਆਚਾਰ ਦੀ ਜਿਊਂਦੀ ਜਾਗਦੀ ਤਸਵੀਰ ਵੀ ਹੈ। ਐਤਕੀ ਇਹ ਮੇਲਾ 5 ਸਤੰਬਰ 2017 ਦਿਨ ਮੰਗਲਵਾਰ ਨੂੰ ਭਰੇਗਾ। ਜਿਥੋਂ ਲੱਖਾਂ ਸ਼ਰਧਾਲੂ ਆਪਣੀਆਂ ਮੰਨਤਾਂ ਮੰਗਣ ਲਈ ਗੁੱਗਾ ਮਾੜੀ ਵਿਖੇ ਗੁੱਗੇ ਦੀ ਪੂਜਾ ਕਰਨਗੇ।

# ਦੇਸ਼ ਦੁਆਬਾ ਦੇ ਕੰਧ ਚਿੱਤਰ -4 / ਪਿੰਡ ਪੰਡੋਰੀ ਧਾਮ ਜ਼ਿਲ੍ਹਾ ਗੁਰਦਾਰਦਾਸਪੁਰ ਦੇ ਕੰਧ-ਚਿੱਤਰ



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈਂਡਜ਼ ਇੰਨਕਲੇਵ, ਹੁਸ਼ਿਆਰਪੁਰ
singhdarshan1362@gmail.com

**ਸਥਿੱਤੀ :-** ਪੁਰਾਤਨ ਅਤੇ ਨਵੀਨਤਮ ਕਲਾ ਸ਼ੈਲੀਆਂ ਨੂੰ ਪ੍ਰਗਟ ਕਰਦਾ ਇਹ ਮਹਾਨ ਭਗਤੀ ਦਰਬਾਰ ਜਜਸ ਦਾ ਨਾਮ 'ਪੰਡੋਰੀ ਧਾਮ' ਹੈ। ਇਹ ਜ਼ਿਲਾ ਗੁਰਦਾਸਪੁਰ ਵਿੱਚ ਹੈ।ਇੱਥੋਂ ਦੀਆਂ ਕੰਧਾਂ ਉੱਤੇ ਅਨੇਕਾਂ ਤਰ੍ਹਾਂ ਦੇ ਚਿੱਤਰ ਉਲੀਕੇ ਹੋਏ ਹਨ। ਕਲਾ ਦੀਆਂ ਕਈ ਸ਼ੈਲੀਆਂ ਜਿਵੇਂ ਕੰਧ ਚਿੱਤਰ ਕਲਾ, ਮੂਰਤੀ ਕਲਾ, ਇਮਾਰਤਸ-ਾਜੀ ਕਲਾ, ਲੱਕੜ ਉੱਤੇ ਮੀਨਾਕਾਰੀ ਦੀ ਕਲਾ ਆਦਿ ਦਾ ਅਨੂਠਾ ਸੰਗਮ ਇਸ ਧਾਮ ਵਿੱਚ ਦੇਖਣ ਨੂੰ ਮਿਲਦਾ ਹੈ।

**ਵਿਸ਼ੇ :-** ਜਿੱਥੋਂ ਤੱਕ ਇੱਥੋਂ ਦੇ ਕੰਧ ਚਿੱਤਰਾਂ ਦੇ ਵਿਸ਼ਿਆਂ ਦਾ ਸਵਾਲ ਹੈ, ਕਲਾਕਾਰਾਂ ਨੇ ਅਨੇਕਾਂ ਵਿਸ਼ਿਆਂ ਉੱਤੇ ਚਿੱਤਰ ਉਲੀਕੇ ਹਨ। ਇਨ੍ਹਾਂ ਵਿੱਚ ਪ੍ਰਮੁੱਖ ਵਿਸ਼ੇ ਰਮਾਇਣ, ਮਹਾਂਭਾਰਤ, ਦਰਬਾਰਾਂ, ਗੁਰੂ-ਪੀਰਾਂ, ਘਰੇਲੂ ਜੀਵਨ, ਆਖਾੜੇ, ਯੁੱਧ, ਰਾਗ-ਰਾਗਣੀਆਂ, ਪਰੀਆਂ, ਸੰਗੀਤਕਾਰਾਂ, ਕਰੁਣਾਰਸ ਆਦਿ ਵਿਸ਼ਿਆਂ ਤੋਂ ਇਲਾਵਾ, ਕਈ ਹੋਰ ਵਿਸ਼ੇ ਜਿਨ੍ਹਾਂ ਨੂੰ ਹਾਲੇ ਡੂੰਘਾਈ ਨਾ.ਲ ਸਮਝਣ ਦੀ ਲੋੜ ਹੈ, ਦੇ ਚਿੱਤਰ ਬੜੇ ਸੁਚਿੱਤਰਿਤ ਢੰਗ ਨਾਲ ਤਿਆਰ ਕੀਤੇ ਹੋਏ ਹਨ। ਕਈ ਇੱਕ ਚਿੱਤਰ ਤਾਂ ਮਿੱਟਣ ਦੀ ਕਗਾਰ 'ਤੇ ਚਲੇ ਗਏ ਹਨ ਪਰ ਇਨ੍ਹਾਂ ਦੀ ਸਾਂਭ-ਸੰਭਾ.ਲ ਲਈ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।ਇਹ ਚਿੱਤਰ ਦਰਬਾਰ ਦੀਆਂ ਕੰਧਾਂ, ਦਰਵਾਜਿਆਂ ਆਦਿ 'ਤੇ ਬਣਾਏ ਹਨ ਅਤੇ ਛੱਤਾਂ ਉੱਤੇ ਅਤੀ ਸੁੰਦਰ ਡਿਜ਼ਾਇਨ ਚਿੱਤਰਿਤ ਕੀਤੇ ਗਾਏ ਹਨ।

ਕੰਧ-ਚਿੱਤਰਾਂ ਵਿੱਚ ਕਲਾਕਾਰਾਂ ਨੇ ਕਿਸੇ ਇੱਕ ਧਰਮ ਦੇ ਪੈਰੋਕਾਰਾਂ ਨੂੰ ਲੈ ਕੇ ਚਿੱਤਰ ਨਹੀ ਚਿੱਤਰੇ ਬਲਕਿ ਸਾਰਿਆਂ ਇਤਹਾਸਕ ਅਤੇ ਮਿਥਹਾਸਕ ਧਰਮਾਂ ਦੇ ਪ੍ਰਮੁੱਖਾਂ ਤੋਂ ਲੈ ਕੇ ਆਮ ਸੇਵਾਦਾਰਾਂ ਤੱਕ ਨੂੰ ਆਪਣੇ ਢੰਗ ਨਾਲ ਚਿੱਤਰਿਆ ਹੈ। ਹਿੰਦੂ ਮਤ ਵਿੱਚ ਸ਼੍ਰੀ ਰਾਮ ਜੀ ਦੇ ਪਰਮ ਭਗਤ ਹਨੂੰਮਾਨ ਜੀ ਨੂੰ ਵੀ ਕਲਾਕਾਰਾਂ ਨੇ ਬੜੀ ਸ਼ਰਧਾ ਨਾ.ਲ ਸੁਚਿੱਤਰਿਤ ਕੀਤਾ ਹੈ। ਇਹ ਜੋ ਚਿੱਤਰ ਆਪ ਜੀ ਦੇਖ ਰਹੇ ਹੋ ਇਸ ਵਿੱਚ ਹਨੂੰਮਾਨ ਜੀ ਨੂੰ ਬੜੇ ਬਲਸ਼ਾਲੀ ਰੂਪ ਵਿੱਚ ਸ਼੍ਰੀ ਰਾਮ ਜੀ ਤੇ ਉਨ੍ਹਾਂ ਦੇ ਭਰਾਤਾ ਲੱਛਮਣ ਜੀ ਨੂੰ ਮੋਢਿਆਂ 'ਤੇ ਚੱਕ ਕੇ ਹਵਾ ਦੇ ਰਸਤੇ ਸਮੁੰਦਰ ਪਾਰ ਕਰਦੇ, ਵੱਡੀਆ ਵੱਡੀਆਂ ਉਲਾਂਗਾਂ ਭਰਦੇ ਹੋਏ ਦਿਖਾਇਆ ਗਿਆ ਹੈ ਕਿ ਜਿਵੇਂ ਉਹ ਜਮੀਨ ਉੱਤੇ ਦੌੜ ਰਹੇ ਹੋਣ ਪਰ ਚਿੱਤਰਕਾਰ ਨੇ ਪਹਿਲਾਂ ਗੂੜਾ ਨੀਲਾ ਹਰਾ ਅਤੇ ਫਿਰ ਹਲਕਾ ਸਫੈਦ ਨੀਲਾ ਰੰਗ ਵਰਤ ਕੇ ਸਮੁੰਦਰ ਬਣਾਇਆ ਅਤੇ ਹਨੂੰਮਾਨ ਜੀ ਦੇ ਪੈਰਾਂ ਨੇੜੇ ਫੁੱਲ ਚਿੱਤਰਦੇ ਹੋਏ ਹਨ ਜਿਨ੍ਹਾਂ ਨੇ ਇਸ ਨੂੰ ਜਿਆਦਾ ਕੁਦਰਤੀ ਮਨਮੋਹਕ ਅਤੇ ਸ਼ਰਧਾ ਭਾਵ ਵਾਲਾ ਚਿੱਤਰ ਬਣਾ ਦਿੱਤਾ ਹੈ।

ਲਾਲ ਤੇ ਨੀਲੇ ਰੰਗ ਦੀਆਂ ਰੇਖਾਵਾਂ ਨਾ.ਲ ਘਿਰਿਆ ਹੋਇਆ ਇਸ ਦਾ ਉੱਪਰਾ ਭਾਗ ਮਹਿਰਾਵਾਂ ਦੀ ਸ਼ਕਲ ਦੇ ਬਰਾਬਰ ਦਾ ਬਣਇਆ ਹੋਇਆ ਹੈ ਜਿਸ ਦੀ ਸਪੇਸ ਨੂੰ ਬਹੁਤ ਹੀ ਬਾਰੀਕੀ ਨਾ.ਲ ਗੂੜੀ ਸਲੇਟੀ ਰੰਗ ਦੀ ਪਿੱਠ ਭੂਮੀ ਨੂੰ ਸਫ਼ੇਦ ਫੁੱਲਾਂ ਨਾਲ ਡੀਜ਼ਾਇੰਦਾਰ ਕੀਤਾ ਗਿਆ ਹੈ। ਆਕਾਸ਼ ਸਫੇਦ ਰੰਗ ਦਾ ਬਣਾਇਆ ਹੈ।

ਪਿੱਠ ਭੂਮੀ ਵਿੱਚ ਚਿੱਤਰੇ ਦਰਖਤ ਇਸ ਨੂੰ ਹੋਰ ਵੀ ਕੁਦਰਤੀ ਰੂਪ ਪ੍ਰਦਾਨ ਕਰ ਰਹੇ ਹਨ। ਚਿੱਤਰ ਵਿੱਚ ਵਰਤੇ ਰੰਗਾਂ ਨੂੰ ਹੋਰ ਉਘਾੜਣ ਲਈ ਮੋਟੀ ਗੂੜੇ ਰੰਗ ਦੀ ਬਾਹਰੀ ਰੇਖਾ ਦਾ ਇਸਤੇਮਾਲ ਕੀਤਾ ਗਿਆ ਹੈ। ਜੋ ਫਿਗਰਾਂ ਦੀ ਪਹਿਚਾਣ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ।

ਸ਼੍ਰੀ ਰਾਮ ਜੀ ਦੇ ਸਰੀਰ ਵਿੱਚ ਨੀਲੇ ਰੰਗ, ਲਛਮਣ ਅਤੇ ਹਨੂੰਮਾਨ ਜੀ ਦੇ ਸਰੀਰਾਂ ਵਿੱਚ ਬਾਦਾਮੀ ਰੰਗ ਵਰਤੇ ਹਨ। ਕਲਾਕਾਰ ਨੇ ਸਫ਼ੇਦ ਰੰਗ ਨੂੰ ਫਿਗਰਾਂ ਵਿੱਚ ਲਾਈਟ ਵਾਸਤੇ ਵਰਤਿਆ ਹੈ ਜਦ ਕਿ ਬਾਦਾਮੀ ਰੰਗ ਵਿੱਚ ਭੂਰਾ ਰੰਗ ਮਿਲਾ ਕੇ ਉਸ ਨੂੰ ਥੋੜਾ ਗੂੜਾ ਕਰਕੇ ਸ਼ੇਡ ਵਾਸਤੇ ਵਰਤਿਆ ਹੈ। ਗੂੜੇ ਲਾਲ ਓਤੇ ਨੀਲੇ ਰੰਗ ਨੂੰ ਕੱਪੜਿਆਂ ਵਿੱਚ ਲਾਈਟ ਪਿੱਠ ਭੂਮੀ ਦੇ ਵਿਰੁੱਧ ਵਰਤਿਆ ਗਿਆ ਹੈ ਇਸ ਰੰਗਾਂ ਦੇ ਵਿਰੋਧੱਭਾਸ ਨਾ.ਲ ਇਹ ਰਚਨਾ ਜਿਊਂਦੀ ਲੱਗਦੀ ਹੈ। ਪਿਛਾਂਹ ਨੂੰ ਉਡਦੇ ਕੱਪੜੇ ਚਿੱਤਰ ਵਿੱਚ ਮੂਵਮੈਂਟ ਪ੍ਰਗਟ ਕਰਦੇ ਹਨ।

ਪਹਿਲੇ ਸਮਿਆਂ ਵਿੱਚ ਰਾਜੇ ਮਜਾਂਰਾਜੇ ਆਪਣੇ ਦਰਵਾਰਾਂ ਵਿੱਚ ਪਹਿਲਵਾਨਾਂ ਦੇ ਘੋਲ ਬੜੇ ਸ਼ੋਕ ਨਾਲ ਕਰਵਾਇਆ ਕਰਦੇ ਸਨ। ਇਸ ਵਿਸ਼ੇ 'ਤੇ ਇੱਕ ਕੰਧ ਚਿੱਤਰ ਦਰਸਾਇਆ ਜਾ ਰਿਹਾ ਹੈ। ਇਸ ਚਿੱਤਰ ਨੂੰ ਕਲਾਕਾਰ ਨੇ ਦੋ ਭਾਗਾਂ ਵਿੱਚ ਚਿੱਤਰਿਆ ਹੈ। ਮਹਿਰਾਵ ਰੂਪੀ ਬਾਰਡਰ ਵਿੱਚਲੇ ਉੱਪਰਲੇ ਹਿੱਸੇ ਵਿੱਚ ਚੌਕੀਂ ਉੱਤੇ ਬੈਠ ਹੈ ਜਿਸ ਉੱਤੇ ਇੱਕ ਵਿਆਕਤੀ ਬੈਠਾ ਹੈ।

ਉਸ ਦੇ ਦੋਨੋਂ ਪਾਸੇ ਦੋ ਇਸਤਰੀਆਂ (ਇੱਕ ਖੜੀ ਤੇ ਦੂਸਰੀ ਬੈਠੀ) ਚੰਗੀ ਡਰੈੱਸ ਵਿੱਚ ਚਿੱਤਰੀਆਂ ਹਨ। ਇਨ੍ਹਾਂ ਇਸਤਰੀਆਂ ਦੇ ਨਾਲ ਦੋਨੋਂ ਪਾਸੇ ਦੋ ਬੂਟੇ ਵੀ ਚਿੱਤਰੇ ਹਨ ਜੋ ਕੁਦਰਤ ਦਾ ਪ੍ਰਤੀਕ ਮੰਨੇ ਜਾਂਦੇ ਹਨ।ਚਿੱਤਰ ਦਾ ਇਹ ਹਿੱਸਾ ਕਲਾਕਾਰ ਨੇ ਪੀਲੇ ਸੁਨਹਿਰੀ ਰੰਗ ਵਿੱਚ ਰੰਗਿਆ ਹੈ।

ਇਸ ਚਿੱਤਰ ਦੇ ਦੂਜੇ ਹਿੱਸੇ ਵਿੱਚ ਅੱਧ ਚੱਕਰ ਰੂਪ ਵਿੱਚ ਪਹਿਲਵਾਨ ਨੂੰ ਘੁਲਦੇ ਦਿਖਾਇਆ ਹੈ ਅਤੇ ਉਸ ਦੇ ਦੁਆਲੇ ਢੋਲ ਵਜਾਇਆ ਜਾ ਰਿਹਾ ਹੈ ਅਤੇ ਦੂਸਰੇ ਫੈਸਲਾ ਕਰਨ ਵਾਲੇ ਵਿਅਕਤੀ ਵੀ ਅਖਾੜੇ ਵਿੱਚ ਚਿੱਤਰੇ ਹੋਏ ਦਿਖਾਏ ਗਏ ਹਨ। ਅੱਧ ਚੱਕਰ ਦੀ ਅਗਲੀ ਭੂਮੀ ਵਿੱਚ ਪਹਿਲਵਾਨ ਘੁਲਦੇ ਹਨ ਜਦ ਕਿ ਉਨ੍ਹਾਂ ਤੋ ਪਿੱਛੇ ਵਾਲੀ ਜੋੜੀ ਹਾਲੇ ਘੁਲਣ ਲਈ ਤਿਆਰੀ ਕਰ ਰਹੀ ਹੈ।ਇਸ ਪ੍ਰਕਾਰ ਲੋਕ ਕਲਾ ਨੂੰ ਪ੍ਰਗਟ ਕਰਦਾ ਚਿੱਤਰ ਵੀ ਬੜੇ ਦਿਲ ਖਿੱਚਵਾਂ ਹੈ।

ਦੂਸਰੇ ਚਿੱਤਰ ਨੂੰ ਧਿਆਨ ਨਾਲ ਦੇਖਿਆਂ ਜਾਵੇ ਤਾਂ ਉਸ ਸਮੇਂ ਦੀ ਮਕਾਨ ਉਸਾਰੀ, ਦਰਵਾਜਿਆਂ ਉੱਤੇ ਹੋਈ ਮੀਨਾਕਾਰੀ ਤੇ ਉਸ ਦੇ ਦੁਆਲੇ ਚੁਨੇ ਦੀ ਚਣਾਈ ਵਿੱਚ ਕੀਤੀ ਕਲਾਕਾਰੀ ਆਦਿ ਦਾ ਪਰਪੱਕ ਸਬੁਤ ਦਿਖਾਈ ਦਿੰਦਾ ਹੈ।

**ਸ਼ੈਲੀ:-** ਇੱਥੋਂ ਦੇ ਕੰਧ-ਚਿੱਤਰਾਂ ਵਿੱਚ ਮੁਗਲਰਾਜ, ਸਿੱਖ ਰਾਜ, ਪਹਾੜੀ ਰਾਜਾਂ ਦੀ ਕਲਾਂ ਸ਼ੈਲੀਆਂ ਦਾ ਸੁਮੇਲ ਦੇਖਿਆ ਜਾ ਸਕਦਾ ਹੈ। ਇੱਕ ਗੱਲਬਾਤ ਤੋਂ ਪਤਾ ਲੱਗਿਆ ਕਿ ਇੱਥੇ ਦੇ ਮੁੱਖ ਪੁਰਾਣਾ ਮੰਦਿਰ ਦੀ ਇਮਾਰਤ ਹੈ ਉਸ ਮਕਾਨ ਉਸਾਰੀ ਵਿੱਚ ਮੁਗਲ ਇਮਾਰਤ ਸ਼ੈਲੀ ਓਤੇ ਹਿੰਦੁ ਇਮਾਰਤ ਸ਼ੈਲੀ ਦੋਹਾਂ ਦਾ ਸੁਮੇਲ ਹੈ।


**ਪਹਿਰਾਵਾ :-** ਪਹਿਰਾਵੇ ਪੱਖੋ ਕਈ ਆਕਰਤਿਆਂ ਜਿਵੇ ਸਾਧੂ ਜਨ, ਭਗਤ ਜਨ ਆਦਿ ਨੂੰ ਕਲਾਕਾਰਾਂ ਨੇ ਕੇਵਲ ਇੱਕ ਹੀ ਕੱਪੜਾ (ਲੰਗੋਟ) ਆਦਿ ਹੀ ਪਹਿਨਾਇਆ ਹੈ ਬਾਕੀ ਪੂਰੇ ਸਰੀਰ ਵਿੱਚ ਗੂੜੇ ਲਾਲ, ਨੀਲੇ, ਭੂਰੇ ਆਦਿ ਰੰਗ ਵਰਤ ਕੇ ਫਿਗਰ ਪੂਰੀ ਕੀਤੀ ਹੈ। ਕਈ ਚਿੱਤਰਾਂ ਵਿੱਚ ਪਹਿਰਾਵਿਆਂ ਨੂੰ ਕੇਵਲ ਰੇਖਾਵਾਂ ਵਿੱਚ ਹੀ ਦਰਸਾਇਆ ਹੈ। ਦੁਆਰਪਾਲਾਂ ਦੇ ਸਰੀਰਾਂ ਨੂੰ ਮਜਬੂਤ ਤੇ ਬੜੇ ਨਿੱਗਰ ਦਿਖਾਇਆ ਹੈ। ਹੱਥਾਂ ਵਿੱਚ ਬੰਦੂਕਾਂ ਤੇ ਕੁਤਕੇ ਆਦਿ ਫੜਾਏ ਹੋਏ ਹਨ। ਇਨ੍ਹਾਂ ਦੇ ਲਿਬਾਸ ਲੰਬੇ ਅਤੇ ਭਾਰੇ ਮੁਗਲਈ ਢੰਗ ਦੇ ਚਿੱਤਰੇ ਹੋਏ ਹਨ।

ਪਹਿਰਾਵੇ ਦੇ ਪੱਖ ਤੋਂ ਇਹ ਕਲਾਕ੍ਰਿਤੀਆਂ ਕਿਸੇ ਇੱਕ ਖਾਸ ਦਿਖ ਨੂੰ ਪੇਸ਼ ਕਰਦੀਆਂ ਹਨ ਜਿਵੇਂ ਸਿਰ 'ਤੇ ਪਗੜੀ ਬੰਨਣ ਦਾ ਤਰੀਕਾ ਪੰਜਾਬੀ ਅਤੇ ਰਾਜਸਥਾਨੀ ਢੰਗ ਦਾ ਹੈ, ਲੰਬੀ ਨੋਕ ਵਾਲੀ ਦਾਹੜੀ, ਲੰਬਾ ਕੁੜਤਾ, ਚੂੜੀਦਾਰ ਪਜਾਮਾ ਤੇ ਪੈਰਾਂ ਵਿੱਚ ਭਾਰੀ ਪੰਜਾਬੀ ਜੁੱਤੀ ਆਦਿ ਸਪਸ਼ਟ ਤੌਰ ਤੇ ਦੇਖੇ ਜਾਂਦੇ ਹਨ। ਆਕ੍ਰੀਤੀਆਂ ਵਿੱਚ ਪੂਰੇ ਜੁਆਨ ਔਰਤਾਂ ਮਰਦ, ਸਿਅਣੇ ਵਿਆਕਤੀ ਜਿਵੇਂ ਭਗਤ ਤੇ ਸੇਵਾਦਾਰ ਆਦਿ ਕਲਾਰਾਰ ਨੇ ਬੜੀ ਮਿਹਨ ਨਾ.ਲ ਚਿੱਤਰੇ ਹਨ।

**ਰੰਗ ਯੋਜਨਾ :-** ਇਸ ਸਥਾਨ ਦੀ ਤਿੰਨ ਵਾਰ ਯਾਤਰਾ ਕੀਤੀ ਗਈ ਥਅਤੇ ਇੱਥੋਂਦੇ ਚਿੱਤਰਾਂ ਦੀ ਰੰਗ ਵਿਧੀ ਨੂੰ ਵੜੀ ਬਾਰੀਕੀ ਨਾ.ਲ ਘੋਖਣ ਦੀ ਕੋਸ਼ਿਸ਼ ਕੀਤੀ ਰੰਗਾਂ ਵਿੱਚਲਾ ਕੁਦਰਤੀਪਣ ਜੋ ਦੇਖਿਆ ਗਿਆ ਹੈ, ਉਹ ਕਲਾਕਾਰਾਂ ਨੇ ਆਪ ਤਿਆਰ ਕਰਕੇ ਇਹਾਂ ਚਿੱਤਰਾਂ ਵਿੱਚ ਵਰਤੇ ਹਨ।ਇਹ ਰੰਗ ਲਾਲ (ਹਲਕੇ ਤੇ ਗੂੜੇ) ਹਰੇ, ਨੀਲੇ,ਭੂਰੇ, ਜਾਮਣੀ ਅਤੇ ਕਈ ਹੋਰ ਸ਼ੇਡਾਂ ਦੇ ਹਨ।

ਇਹ ਰੰਗ ਪ੍ਰਾਇਮਰੀ ਰੰਗਾਂ ਵਿੱਚ ਫਿਰ ਸੈਕੰਡਰੀ ਰੰਗ ਨੂੰ ਮਿਲਾ ਕੇ ਤਿਆਰ ਕੀਤੇ ਹੋਏ ਹਨ।ਇਹ ਰੰਗ ਪੱਧਰੀ ਵਿਧੀ ਨਾ.ਲ ਭਰੇ ਹੋਏ ਹਨ। ਜਿਸ ਨਾ.ਲ ਇਨ੍ਹਾਂ ਵਿੱਚ ਦੂਰੀ ਆਦਿ ਨਹੀਂ ਪ੍ਰਗਟ ਹੂੰਦੀ। ਚਿੱਤਰਾਂ ਵਿੱਚ ਰੰਗ ਭਰਨ ਤੋਂ ਇਲਾਵਾ ਕਲਾਕਾਰਾਂ ਨੇ ਇੱਥੇ ਇਮਾਰਤ ਦੇ ਪੈਨਲਾਂ, ਛੱਤਾਂ ਉੱਤੇ ਫੁੱਲਪੱਤੀ ਦੇ ਡੀਜ਼ਾਇਨ ਵੀ ਬੜੀ ਮਿਹਨਤ ਨਾਲ ਤਿਆਰ ਕੀਤੇ ਹਨ। ਭਾਂਵੇਂ ਇਨ੍ਹਾਂ ਦੀ ਬਣਤਰ ਜਿਉਮੈਟਰੀਕਲ ਹੈ ਪਰ ਫੁੱਲ ਪੱਚੇ ਕੁਸਰਤੀ ਧੰਗ ਨਾ.ਲ ਤਿਆਰ ਕੀਤੇ ਹਨ। ਫੁੱਲਾਂ ਦੀਆਂ ਡੰਡੀਆਂ ਬੜੀਆਂ ਕੋਮਲ, ਲੱਚਕਦਾਰ ਅਤੇ ਪਤਲੀਆਂ ਚਿੱਤਰੀਆਂ ਹਨ ਜੋ ਕਲਾਕਾਰ ਦੀ ਕਲਾ ਪ੍ਰਤੀ ਸੋਝੀ ਦਾ ਇੱਕ ਅਤੀ ਸੁੰਦਰ ਨਮੂਨਾ ਹੈ। ਪੱਤੇ ਹਰੇ, ਫੁੱਲ ਭੂਰੇ, ਡੋਡੀਆਂ ਸੰਗਤਰੀ ਅਤੇ ਉਹਨਾਂ ਦੀਆਂ ਡੰਡੀਆਂ ਭੂਰੀਆਂ ਹਰੀਆਂ ਚਿੱਤਰੀਆਂ ਹੋਈਆਂ ਹਨ। ਡੀਜ਼ਾਇਨ ਵਿੱਚ ਇੱਕਸਾਰਤਾ ਦਾ ਗੁਣ ਹਰ ਥਾਂ ਦੇਖਣ ਨੂੰ ਮਿਲਦਾ ਹੈ। ਕਲਾ ਦੇ ਪੱਖੋਂ ਇਹ ਡੀਜ਼ਾਇਨਾਂ ਦੇ ਨਮੂਨੇ ਅਤੀ ਸੁੰਦਰ ਹਨ। ਚਿੱਟੀ ਪਿੱਠ ਭੂਮੀ ਉੱਤੇ ਕੋਲਮਾ ਭਰਭੂਰ ਡੰਡੀਆਂ ਇੱਕ ਦੂਜੀ ਨੂੰ ਪਾਰ ਕਰਕੇ ਦੂਸਰੇ ਫੁੱਲਾਂ ਤੱਕ ਪਹੁੰਚਦੀਆ ਦਿਖਾਈਆਂ ਹਨ। ਇਸ ਤਰ੍ਹਾਂ ਇਸ ਵਿੱਚ ਅਨੰਤਤਾ ਦਾ ਭਰਭੂਰ ਗੁਣ ਹੈ ਜੋ ਇਸ ਕਲਾ (ਡੀਜ਼ਾਇਨ) ਦੀ ਜਿੰਦ-ਜਾਨ ਅਖਵਾਉਂਦੀ ਹੈ।

**ਅੰਤ :-** ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇੱਥੇ ਬਹੁਸ਼ੈਲੀ ਕਲਾ ਦਾ ਇੱਕ ਵੱਡਾ ਅਤੇ ਵੱਡਮੁੱਲਾ ਖਜ਼ਾਨਾ ਹੈ। ਚਿੱਤਰਾਂ ਤੋਂ ਲੈ ਕੇ ਡੀਜ਼ਾਇਨਾਂ ਤੱਕ, ਕੰਧਾਂ ਤੋਂ ਲੈ ਕੇ ਉਨ੍ਹਾਂ ਉੱਪਰ ਬਣੇ ਪੈਨਲਾਂ ਅਤੇ ਛੱਤਾਂ ਤਕ, ਕਾਲਾਕਾਰਾਂ ਨੇ ਬੜੀ ਨਿਸ਼ਠਾ ਦੇ ਨਾ.ਲ ਆਪਣੀ ਕਲਾ ਪ੍ਰਤੀ ਲੱਗਨਤਾ ਦਾ ਸਬੂਤ ਪੇਸ਼ ਕੀਤਾ ਹੈ।। ਜਿਸ ਦਾ ਜਿੰਨਾ ਵੀ ਵਰਨਣ ਕੀਤਾ ਜਾਵੇ ਉਨ੍ਹਾਂ ਹੀ ਘੱਟ ਲੱਗਦਾ ਹੈ ਇੱਥ ਹਰੇਕ ਤਰ੍ਹਾਂ ਦੀ ਕਲਾ, ਇੱਕ ਉੱਤਮ ਕਲਾ ਦੀ ਜਿਉਂਦੀ-ਜਾਗਦੀ ਮਿਸਾਲ ਹੈ।




ਪੰਡੋਰੀ ਧਾਮ ਦੀ ਇਮਾਰਤ ਦਾ ਮੁੱਖ ਦਵਾਰ (ਗੁਰਦਾਸਪੁਰ)



ਪਵਨ ਪੁੱਤਰ ਹਨੂੰਮਾਨ ਜੀ (ਗੁਰਦਾਸਪੁਰ)



ਅਖਾੜੇ ਵਿੱਚ ਘੁੱਲਦੇ ਪਹਿਲਵਾਨ



ਧਾਮ ਦੇ ਇੱਕ ਦਰਵਾਜੇ ਵਿੱਚ ਲੇਖਕ ਲੇਖਕਾ ਅਤੇ ਗੁਰੂਜਨ



ਡੀਜ਼ਾਇਨਾਂ ਦੇ ਵੱਖ ਵੱਖ ਨਮੂਨੇ

# ਬਹੁ-ਭਾਸ਼ੀ ਸ਼੍ਰੋਮਣੀ ਕਵੀ ਜਨਾਬ ਆਜ਼ਾਦ ਜਾਲੰਧਰੀ ਦੀਆਂ ਤਿੰਨ ਗਜ਼ਲਾਂ

## ਗਜ਼ਲ

ਮੈਂ ਸ਼ਾਇਰ ਹਾਂ ਮੇਰੇ ਵਿਹੜੇ
ਪਿਆਰ ਮਿਲੇਗਾ
ਜੋ ਭੀ ਆਵੇਗਾ ਆਦਰ
ਸਤਿਕਾਰ ਮਿਲੇਗਾ
ਮੇਰੇ ਘਰ ਵਿਚ ਰੱਬ ਦੀ ਚਰਚਾ
ਮਿਲਦੀ ਹੈ
ਹੋਰ ਕਿਤੇ ਭੀ ਜਾਵੋਗੇ
ਸੰਸਾਰ ਮਿਲੇਗਾ
ਸੱਚੇ ਰੱਬ ਨੇ ਕਲਮ
ਇਨਾਇਤ ਕੀਤੀ ਹੈ
ਕਵਿਤਾ ਵਿਚੋਂ ਔਸੇ ਦਾ
ਦੀਦਾਰ ਮਿਲੇਗਾ
ਜਦ ਭੀ ਕਿਧਰੇ ਮੈਨੂੰ
ਪਰਖੋ ਨਿਰਖੋਗੇ
ਸ਼ੇਅਰਾਂ ਵਰਗਾ ਹੀ ਮੇਰਾ
ਕਿਰਦਾਰ ਮਿਲੇਗਾ
ਮੈਂ ਔਥ ਸੌ ਵਾਰੀ ਸੀਸ
ਨਿਵਾਵਾਂਗਾ
ਜਿੱਥੇ ਭੀ ਮਾਂ ਬੋਲੀ ਦਾ
ਪਰਚਾਰ ਮਿਲੇਗਾ
ਜੋ ਕੁਝ ਮੂੰਹੋਂ ਕਹਿੰਦਾ ਔਹੀ
ਕਰਦਾ ਏ
ਟਾਵਾਂ ਟਾਵਾਂ ਲੇਖਕ
ਵਾਇਤੇਵਾਰ ਮਿਲੇਗਾ
ਜਦ ਦਿਲ ਖੋਹਲ ਕੇ ਆਵੋਗੇ
'ਆਜ਼ਾਦ' ਕਦੇ
ਵਾਹਦਾ ਏ ਇਸ ਦਿਨ ਭੀ
ਅਧੀਕਾਰ ਮਿਲੇਗਾ।

## ਗਜ਼ਲ

ਬੁਝ ਗਏ ਦੀਵੇ ਜਦੋਂ ਵਤਨ ਵਿਚ ਆਸਾਂ ਦੇ
ਬੱਸ ਪੈ ਗਏ ਮਜਬੂਰ ਕਈ ਪਰਵਾਸਾਂ ਦੇ

ਅੱਜਕਲ੍ਹ ਸਕੇ ਭਰਾਵਾਂ ਦਾ ਇਤਬਾਰ ਨਹੀਂ
ਖਤਮ ਹੋ ਗਏ ਰਿਸ਼ਤੇ ਨਹੁੰ ਮਾਸਾਂ ਦੇ


ਨਾ ਕੋਈ ਪਿਆਰ ਮੁਹੱਬਤ ਨਾ ਕੋਈ ਹਮਦਰਦੀ
ਦੌੜੇ ਫਿਰਦੇ ਟੋਲੇ ਜਿੰਦਾ ਲਾਸ਼ਾਂ ਦੇ

ਬੀਵੀ ਕੰਮ ਤੋਂ ਆਉਂਦੀ ਸ਼ੌਹਰ ਤੁਰ ਜਾਂਦਾ
ਪਰਵਾਸਾਂ ਦੇ ਵਿਚ ਭੀ ਦਿਨ ਬਨਵਾਸਾਂ ਦੇ

ਸੁਬਹਾ ਸ਼ਾਮ ਜੋ ਦੋ ਦੋ ਸ਼ਿਫਟਾਂ ਲਾਂਦੇ ਨੇ
ਮਾਰੇ ਨੇ ਇਹ ਜ਼ਰ ਦੀਆਂ ਲੋਕ ਪਿਆਸਾਂ ਦੇ

ਤੇਰੇ ਵਰਗਾ ਯਾਰ ਅਸਾਨੂੰ ਮਿਲਿਆ ਏ
ਸਿਵੇ ਨੇ ਦਿਨ ਰਾਤ ਦੀਆਂ ਅਰਦਾਸਾਂ ਦੇ

ਸਾਡੇ ਪਿਆਰ ਤੇ ਸ਼ੱਕ ਨਾ ਕਦੇ 'ਆਜ਼ਾਦ' ਕਰੀਂ
ਬੇੜੇ ਬੰਨੇ ਲੱਗਦੇ ਨੇ ਵਿਸ਼ਵਾਸਾਂ ਦੇ।



ਆਜ਼ਾਦ ਜਾਲੰਧਰੀ

## ਗਜ਼ਲ

ਮਰਦ ਬੜੇ ਕੰਮ ਕਰ ਜਾਂਦੇ ਨੇ
ਮਰਦੇ ਮਰਦੇ।
ਬੁਜ਼ਦਿਲ ਮਰ ਜਾਂਦੇ ਨੇ ਮੌਤੋਂ
ਡਰਦੇ ਡਰਦੇ।

ਪਾਣੀ ਆਪਣੀ ਜਗ੍ਹਾ ਬਣਾ
ਲੈਂਦਾ ਹੈ ਆਪੇ
ਵਗ ਤੁਰਦੇ ਨੇ ਝਰਨੇ ਆਖਿਰ
ਝਰਦੇ ਝਰਦੇ।

ਬੁਰਿਆਂ ਕੰਮਾਂ ਦਾ ਹੁੰਦਾ ਏ
ਬੁਰਾ ਨਤੀਜਾ
ਭਰ ਜਾਂਦੇ ਨੇ ਘੜੇ ਪਾਪ ਦੇ
ਭਰਦੇ ਭਰਦੇ।

ਡੌਲੇ ਨੇ ਮਜ਼ਬੂਤ ਜਿਹਨਾਂ ਦੇ
ਹਿੰਮਤ ਵਾਲੇ
ਕਰ ਜਾਂਦੇ ਨੇ ਪਾਰ ਝਨਾਵਾਂ
ਤਰਦੇ ਤਰਦੇ।

ਸਾਨੂੰ ਤੇ ਸੱਚਖੰਡ ਦਾ ਨਾਂ ਭੀ
ਯਾਦ ਨਹੀਂ ਹੈ
ਹੋ ਆਇਆ ਕੋਈ ਸੱਚਖੰਡ
ਮੱਝੀਆਂ ਚਰਦੇ ਚਰਦੇ।

ਸੁਣਿਆਂ ਸੀਨੇ ਮਰਦਾਂ ਦੇ
ਹੁੰਦੇ ਨੇ ਚੌੜੇ
ਬਣ ਜਾਂਦੇ ਫੌਲਾਦ ਨੇ ਸੱਟਾਂ
ਜਰਦੇ ਜਰਦੇ

ਅੰਨ੍ਹਾ ਵੰਡੇ ਜਦੋਂ ਸ਼ੀਰਨੀ
ਕੌਣ ਵੇਖਦਾ
ਖਾ ਜਾਂਦੇ 'ਆਜ਼ਾਦ' ਨੇ ਸਾਰੀ
ਘਰਦੇ ਘਰਦੇ।

**3 ਸਤੰਬਰ ਤੇ ਵਿਸ਼ੇਸ਼**

# ਆਜ਼ਾਦੀ ਦੇ ਸੰਘਰਸ਼ ਵਿੱਚ ਅੱਜ ਤੱਕ ਅਣਗੌਲੇ ਫੌਜੀ ਸੂਰਬੀਰਾਂ ਦੀ ਗਾਥਾ

ਭਾਰਤ ਦੀ ਆਜਾਦੀ ਦੀ ਲੜਾਈ ਵਿੱਚ ਗਦਰ ਲਹਿਰ ਦੇ ਸੰਗਰਾਮ ਵਿੱਚ ਫੌਜੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ । ਜਿਹੜੇ ਫੌਜੀ ਇਸ ਲਹਿਰ ਵਿੱਚ ਸ਼ਾਮਲ ਹੋਏ ਉਨ੍ਹਾਂ ਵਿੱਚੋਂ ਸੈਕੜੇ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉੜਾਏ ਗਏ ਅਤੇ 60 ਨੂੰ ਫਾਂਸੀ ਦਿੱਤੀ ਗਈ । 190 ਤੋਂ ਵੱਧ ਫੌਜੀਆਂ ਨੂੰ ਉਮਰ ਕੈਦ ਜਲਾਵਤਨੀ ਤੇ ਜਾਇਦਾਦ ਜਬਤੀ ਦੀ ਸਜਾ ਦਿੱਤੀ ਗਈ ।ਕਈਆਂ ਨੂੰ ਫੌਜ ਵਿਚੋ ਕੱਢ ਦਿੱਤਾ ਗਿਆ । ਇਸ ਲੇਖ ਵਿੱਚ ਮੀਆਂ ਮੀਰ ਛਾਉਣੀ ਲਾਹੌਰ ਵਿੱਚ 23 ਰਸਾਲੇ ਦੇ ਬਹਾਦਰ ਫੌਜੀ ਯੋਧਿਆਂ ਦੀ ਵੀਰ ਗਾਥਾ ਨੂੰ ਸੰਖੇਪ ਵਿੱਚ ਬਿਆਨ ਕਰਨ ਦਾ ਜਤਨ ਕੀਤਾ ਗਿਆ ਹੈ।

1912 13 ਵਿੱਚ ਵਿਦੇਸ਼ਾ ਵਿੱਚ ਰਹਿੰਦੇ ਭਾਰਤੀਆਂ ਜਿਨ੍ਹਾਂ ਵਿੱਚ ਬਹੁ ਗਿਣਤੀ ਪੰਜਾਬੀਆਂ ਦੀ ਸੀ ਉਹਨਾਂ ਨੇ ਭਾਰਤ ਦੀ ਆਜਾਦੀ ਲਈ ਗਦਰ ਪਾਰਟੀ ਦੀ ਸਥਾਪਨਾਂ ਕੀਤੀ। ਪਹਿਲਾ ਵਿਸ਼ਵ ਯੁੱਧ ਜੁਲਾਈ 1914 ਵਿੱਚ ਸ਼ੁਰੂ ਹੋਇਆ ਤਾਂ ਗਦਰ ਪਾਰਟੀ ਦੇ ਨੇਤਾਵਾਂ ਨੇ ਇਹ ਮੌਕਾ ਭਾਰਤ ਵਿੱਚੋਂ ਅੰਗ੍ਰੇਜਾਂ ਨੂੰ ਕੱਢਣ ਲਈ ਢੁਕਵਾਂ ਜਾਣਿਆ ਕਿਉਕਿ ਅੰਗਰੇਜ ਵੀ ਇਸ ਯੁੱਧ ਵਿੱਚ ਸ਼ਾਮਲ ਸਨ । ਗਦਰ ਪਾਰਟੀ ਦੇ ਮੈਂਬਰ ਵੱਖ ਵੱਖ ਸਮੁੰਦਰੀ ਜ਼ਹਾਜ਼ਾ ਰਾਹੀ ਭਾਰਤ ਪੁਜਣੇ ਸ਼ੁਰੂ ਹੋਏ । ਜਿਨ੍ਹਾਂ ਵਿੱਚ ਪ੍ਰਮੁੱਖ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ,ਸਰਦਾਰ ਕਰਤਾਰ ਸਿੰਘ ਸਰਾਭਾ, ਬਾਬਾ ਵਸਾਖਾ ਸਿੰਘ ਦਦੇਹਰ ਸਾਹਿਬ, ਬਾਬਾ ਕੇਸਰ ਸਿੰਘ ਕਰਤਾਰ ਸਿੰਘ ਠੱਠਗੜ, ਬਾਬਾ ਜਿੰਦਰ ਸਿੰਘ ਚੌਧਰੀ ਵਾਲਾ ਆਦਿ ਸੈਕੜੇਂ ਇਨਕਲਾਬੀ ਸ਼ਾਮਲ ਸਨ। 20 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਜ਼ਹਾਜ਼ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ ਹੇਠ ਕਲਕੱਤੇ ਪੁੱਜਾ ਤਾਂ ਅੰਗਰੇਜ਼ੀ ਹਕੂਮਤ ਨੇ ਗੋਲੀ ਚਲਾ ਕੇ 18 ਮੁਸਾਫਿਰ ਮਾਰ ਦਿੱਤੇ। ਬਾਹਰੋਂ ਆਏ ਬਹੁਤ ਸਾਰੇ ਇਨਕਲਾਬੀਆਂ ਨੂੰ ਜ਼ੇਲ੍ਹਾਂ ਜਾਂ ਪਿੰਡਾਂ ਵਿੱਚ ਨਜਰਬੰਦ ਕਰ ਦਿੱਤਾ। ਬਾਕੀ ਬਚੇ ਗਦਰੀ ਯੋਧਿਆਂ ਨੇ ਲਹਿਰ ਨੂੰ ਜਥੇਬੰਦ ਕਰਕੇ ਵੱਖ ਵੱਖ ਥਾਂਵਾਂ ਤੇ ਗਦਰ ਅੱਡੇ ਸਥਾਪਿਤ ਕੀਤੇ । ਪੰਜਾਬ ਦੇ ਮਾਝਾ ਖੇਤਰ ਵਿੱਚ ਦਦੇਹਰ ਸਾਹਿਬ, ਝਾੜ ਸਾਹਿਬ, ਸਰਹਾਲੀ, ਸੁਰਸਿੰਘ ਪ੍ਰਮੁੱਖ ਗਦਰੀ ਅੱਡੇ ਸਨ।

ਇਸ ਸਮੇਂ ਦੌਰਾਨ ਲਾਹੌਰ ਦੀ ਮੀਆਂਮੀਰ ਛਾਉਣੀ ਵਿੱਚਲੀ ਰੈਜ਼ੀਮੈਂਟ ਦੇ 23ਵੇਂ ਰਸਾਲੇ ਦੇ ਫੌਜੀਆਂ ਦਾ ਸੰਪਰਕ ਗਦਰ ਪਾਰਟੀ ਨਾਲ ਬਣ ਗਿਆ ।23ਵੇ ਰਸਾਲੇ ਵਿੱਚ ਬਹੁ ਗਿਣਤੀ ਮਾਝੇ ਦੇ ਫੌਜੀ ਸਵਾਰਾਂ ਦੀ ਸੀ। ਨਵੰਬਰ 1914 ਦੇ ਸ਼ੁਰੂ ਵਿੱਚ ਇਸ ਰਸਾਲੇ ਦਾ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ ਕੁੱਝ ਦਿਨ ਦੀ ਛੁੱਟੀ ਕੱਟ ਕੇ ਵਾਪਸ ਆਇਆ ਤਾਂ ਉਸਨੇ ਸਾਥੀਆਂ ਨੂੰ ਬਾਹਰੋਂ ਆਏ ਗਦਰੀ ਇਨਕਲਾਬੀਆਂ ਦੀਆਂ ਗਤੀਵਿਧੀਆਂ ਬਾਰੇ ਦੱਸਿਆ ਕਿ ਉਹ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਦੀਆਂ ਸਕੀਮਾਂ ਬਣਾ ਰਹੇ ਹਨ। ਉਹਨਾਂ ਦੀ ਇੱਕ ਯੋਜਨਾ ਲਾਹੌਰ ਤੇ ਕਬਜ਼ਾ ਕਰਨ ਦੀ ਹੈ। ਇਸ ਕੰਮ ਲਈ ਉਹ ਸਿੱਖ ਰੈਜ਼ੀਮੈਂਟ ਦੀ ਮਦਦ ਚਾਹੁੰਦੇ ਹਨ । ਇਹ ਸੁਣਕੇ ਲਾਂਸ ਦਫੇਦਾਰ .ਲਛਮਣ ਸਿੰਘ ਚੂਸਲੇਵੜ, ਮਹਰਾਜ ਸਿੰਘ ਕਸੇਲ ਅਤੇ ਸੁਰੈਣ ਸਿੰਘ ਗਦਰੀਆਂ ਦੀ ਸਹਾਇਤਾ ਲਈ ਸਹਿਮਤ ਹੋ ਗਏ ।ਦੋ ਦਿਨਾਂ ਬਾਅਦ ਲਛਮਣ ਸਿੰਘ ਚੂਸਲੇਵੜ ਦੀ ਅਗਵਾਈ ਹੇਠ ਇਹਨਾਂ ਫੌਜੀਆਂ ਦੀ ਮੀਟਿੰਗ ਹੋਈ ਜਿਸ ਵਿਚਗ ਗੰਢਾ ਸਿੰਘ ਦਫੇਦਾਰ (ਟਰੂਪ -1) ਵੀ ਸ਼ਾਮਲ ਹੋਏ ਤੇ ਫੈਸਲਾ ਹੋਇਆ ਕਿ ਗੰਢਾ ਸਿੰਘ ਦਫੇਦਾਰ ਜੋ ਦੋ ਦਿਨ ਦੀ ਛੁੱਟੀ ਜਾ ਰਿਹਾ ਹੈ ਬਾਹਰੋਂ ਆਏ ਗਦਰੀਆਂ ਨਾਲ ਸੰਪਰਕ ਕਰਕੇ ਆਪਸੀ ਮਿਲਵਰਤਣ ਸੰਬੰਧੀ ਗੱਲਬਾਤ ਕਰਕੇ ਆਵੇਗਾ।

ਗੰਢਾ ਸਿੰਘ ਦਫੇਦਾਰ ਦੀ ਵਾਪਸੀ ਤੋਂ ਕੁੱਝ ਦਿਨਾਂ ਬਾਅਦ ਦੁਪਹਿਰ ਸਮੇਂ ਇੱਕ ਵਜੇ ਸ਼ਮਸ਼ਾਨ ਘਾਟ ਵਿੱਚ ਇਹਨਾਂ ਫੌਜੀਆਂ ਨੇ ਦੁਬਾਰਾ ਮੀਟਿੰਗ ਕੀਤੀ । ਜਿਸ ਵਿੱਚ ਕੇਸਰ ਸਿੰਘ ਅਤੇ ਇੰਦਰ ਸਿੰਘ ਸ਼ਬਾਜਪੁਰ ਵੀ ਸ਼ਾਮਲ ਹੋਏ । ਗੰਢਾ ਸਿੰਘ ਦਫੇਦਾਰ ਨੇ ਦੱਸਿਆ ਕਿ ਸਾਡੇ ਨਾਲ ਸੰਪਰਕ ਕਰਨ ਲਈ ਛੇਤੀ ਹੀ ਗਦਰ ਪਾਰਟੀ ਦਾ ਏਜੰਟ ਆਵੇਗਾ। ਸੁੱਚਾ ਸਿੰਘ ਚੋਹਲਾ ਸਾਹਿਬ ਛੁੱਟੀ ਪਿੰਡ ਗਿਆ ਤੇ ਖਬਰ ਲਿਆਇਆ ਕਿ 17 ਨਵੰਬਰ ਗਦਰ ਹੋਵੇਗਾ । ਛੇਤੀ ਹੀ ਇੱਕ ਗਦਰੀ ਪਰੇਮ ਸਿੰਘ ਸੁਰਸਿੰਘ ਛਾਉਣੀ ਆਇਆ ਅਤੇ ਇਹਨਾਂ ਇਨਕਲਾਬੀਆਂ ਨੂੰ ਦੱਸਿਆ ਕਿ ਛੇਤੀ ਬਾਹਰੋਂ ਆਏ ਬਹੁਤ ਸਾਰੇ ਗਦਰੀ ਝਾੜ ਸਾਹਿਬ ਨੇੜੇ ਸ਼ਬਾਜਪੁਰ ਇਕੱਠੇ ਹੋਣਗੇ ਅਤੇ ਦੋ ਪਾਰਟੀਆਂ ਬਣਾ ਕੇ ਲਾਹੌਰ ਤੇ ਤਰਨਤਾਰਨ ਹਮਲਾ ਕਰਨਗੇ। ਗੰਢਾ ਸਿੰਘ ਨੇ ਢੋਟੀਆਂ ਦੇ ਅਬਦੁਲਾ ਨਾਹਲਬੰਦ, ਬੁੱਧ ਸਿੰਘ, ਬਿਸ਼ਨ ਸਿੰਘ, ਨੱਥਾ ਸਿੰਘ, ਕੇਹਰ ਸਿੰਘ ਪਿੰਡ ਰੂੜੀਵਾਲਾ ਦੇ ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ ਤੇ ਦਫੇਦਾਰ ਵਧਾਵਾ ਸਿੰਘ ਆਦਿ ਨੂੰ ਵੀ ਗਦਰ ਸੰਬੰਧੀ ਸਹਿਮਤ ਕਰ ਲਿਆ। ਪ੍ਰੇਮ ਸਿੰਘ ਦੋ ਸਾਥੀਆਂ ਨਾਲ ਦੁਬਾਰਾ ਫਿਰ ਲਾਹੌਰ ਛਾਉਣੀ ਆਇਆ ਅਤੇ ਲਾਹੌਰ ਉੱਤੇ ਹਮਲੇ ਦੀ ਨਵੀਂ ਤਾਰੀਖ 23 ਨਵੰਬਰ ਦੱਸੀ । ਦਫੇਦਾਰ ਲਛਮਣ ਸਿੰਘ ਨੇ ਗਦਰ ਦੀ ਤਿਆਰੀ ਸੰਬੰਧੀ ਰਾਈਫਲ ਰੇਂਜ ਵਿੱਚ ਸਾਥੀਆਂ ਨਾਲ ਮੀਟਿੰਗ ਕਰਕੇ ਸਲਾਹ ਕੀਤੀ । 23 ਨਵੰਬਰ ਨੂੰ ਦੁਪਹਿਰ ਵੇਲੇ ਸੁੱਚਾ ਸਿੰਘ ਚੋਹਲਾ ਸਾਹਿਬ ਪਿੰਡੋਂ ਚੱਤਟੀ ਕੱਟਕੇ ਵਾਪਿਸ ਛਾਉਣੀ ਆਇਆ ਤਾਂ ਉਸ ਨੇ ਦਸਿਆ ਕਿ ਗਦਰੀ ਹਮਲੇ ਦੀ ਮਿਤੀ ਬਦਲ ਕੇ 27 ਨਵੰਬਰ ਹੋ ਗਈ ਹ । 27 ਨਵੰਬਰ 1914 ਨੂੰ ਰਾਤ 10 ਵਜ਼ੇ ਗੰਡਾ ਸਿੰਘ ਦੇ ਕੁਵਾਟਰ ਵਿਖੇ ਇਨਕਲਾਬੀ ਫੌਜ਼ੀ ਇਕੱਠੇ ਹੋਏ ਅਤੇ ਝਾੜ ਸਾਹਿਬ ਨੂੰ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ, ਅਚਾਨਕ ਮੂਲ ਸਿੰਘ ਗ੍ਰੰਥੀ ਨੇ ਆ ਕੇ ਫੌਜ਼ੀ ਸਵਾਰਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ , ਉ ਗਦਰ ਦੀ ਕਾਮਯਾਬੀ ਦੀ ਆਸ ਤਾਂ ਕੋਈ ਵੀ ਨਹੀ, ਐਂਵੇ ਬਦੋ-ਬਦੀ ਖਤਰਾ ਮੁੱਲ ਕਿਉਂ ਲੈਂਦੇ ਹੋ ।" ਪਰ ਫਿਰ ਵੀ ਸੁੱਚਾ ਸਿੰਘ , ਸੁਰੈਣ ਸਿੰਘ, ਮਹਿਰਾਜ਼ ਸਿੰਘ ਅਤੇ ਚੰਨਣ ਸਿੰਘ ਗ੍ਰੰਥੀ ਦੀ ਗੱਲ ਨੂੰ ਅਣਸੁਣੀ ਕਰਕੇ ਫੌਜ਼ੀ ਛਾਉਣੀ ਛੱਡ ਗਏ। ਉਹਨਾਂ ਨੇ ਸਰਹਾਲੀ, ਦਦੇਹਰ, ਤਰਨ ਤਾਰਨ ਆਦਿ ਗਦਰੀ ਕੇਂਦਰਾਂ 'ਤੇ ਗਦਰੀਆਂ ਦੀ ਤਲਾਸ਼ ਕੀਤੀ ਅਤੇ ਅੰਤ ਉਹ ਝਾੜ ਸਾਹਿਬ ਪੁੱਜ ਗਏ ਜਿੱਥੋਂ ਚੰਨਣ ਸਿੰਘ ਅਗਲੀ ਸਵੇਰ ਵਾਪਿਸ ਲਾਹੌਰ ਆ ਕੇ ਰਸਾਲੇ ਵਿੱਚ ਹਾਜ਼ਿਰ ਹੋ ਗਿਆ । ਬਾਕੀ ਤਿੰਨਾਂ ਨੂੰ ਇੱਕ ਦਸੰਬਰ ਨੂੰ ਗਸਤ ਕਰਦੀ ਪੁਲਿਸ ਨੇ ਫੜ ਕੇ ਫੌਜ਼ੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਉਹਨਾਂ ਦਾ ਕੋਰਟ ਮਾਰਸ਼ਲ ਕੀਤਾ ਅਤੇ ਪੁੱਛਗਿੱਛ ਕੀਤੀ ਪਰ ਉਹਨਾਂ ਨੇ ਕੁੱਝ ਵੀ ਨਹੀਂ ਦੱਸਿਆ। ਵਿਸ਼ਵ ਜੰਗ ਦੇ ਕਾਰਨ ਉਹਨਾਂ ਨੂੰ ਗੈਰਹਾਜ਼ਿਰ ਕਾਰਨ 2-2 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ।

ਦਸੰਬਰ 1914 ਤੋਂ ਲੈ ਕੇ ਅਪ੍ਰੈਲ 1915 ਤੱਕ 23ਵੇਂ ਰਸਾਲੇ ਦੇ ਇਹ ਫੌਜ਼ੀ ਗਦਰ ਸੰਬੰਧੀ ਸਲਾਹਾ ਕਰਦੇ ਰਹੇ । ਉਹਨਾਂ ਦਾ ਸੰਪਰਕ ਗਦਰ ਲੀਡਰਸ਼ਿਪ ਨਾਲ ਬਣਿਆ ਰਿਹਾ । 19 ਨਵੰਬਰ ਦੇ ਗਦਰ ਵਿੱਚ ਵੀ ਉਹਨਾਂ ਨੇ ਪੂਰੀ ਭੂਮਿਕਾ ਨਿਭਾਉਣੀ ਸੀ ਜੇਕਰ ਇਹ ਗਦਾਰਾਂ ਕਾਰਨ ਫੇਲ ਨਾ ਹੁੰਦਾ । ਪਰੇਮ ਸਿੰਘ ਸੁਰਸਿੰਘ ਦੇ ਰਾਹੀਂ ਹੀਰਾ ਸਿੰਘ ਚਰੜ ਕੋਲੋਂ ਉਹਨਾਂ ਨੇ ਦੇਸੀ ਬੰਬ ਬਣਾਉਣੇ ਸਿੱਖ ਲਏ। ਉਹਨਾਂ ਵੱਲੋਂ19ਫਰਵਰੀ ਦੇ ਗਦਰ ਨੂੰ ਫੇਲ ਕਰਨ ਵਾਲੇ ਦੋਸ਼ੀ ਗਦਾਰ ਕਿਰਪਾਲ ਸਿੰਘ ਤੇ ਬੇਲਾ ਸਿੰਘ ਜੈਲਦਾਰ ਨੂੰ ਮਾਰਨ ਦੀ ਕੋਸ਼ਿਸ ਕੀਤੀ ।ਰੈਜੀਮੈਂਟ ਦੇ ਅੰਗਰੇਜੀ ਅਫਸਰਾਂ ਨੂੰ ਬੰਬ ਨਾਲ ਉਡਾਉਣ ਦੀ ਸਕੀਮ ਬਣਾਈ ਪਰ ਉਹ ਕਾਮਯਾਬ ਨਾ ਸਕੇ। ਫਰਵਰੀ 14 ਉਹਨਾਂ ਨੇ ਟੈਲੀਗਰਾਮ ਤਾਰਾਂ ਨੂੰ ਕੱਟ ਕੇ ਅੰਗਰੇਜੀ ਸੰਚਾਰ ਪਰਬੰਧ ਨੂੰ ਰੋਕ ਦਿੱਤਾ। ਵਿਸ਼ਵ ਯੁੱਧ ਚੱਲਦਾ ਹੋਣ ਕਾਰਨ ਸਰਕਾਰ ਨੇ ਅਪ੍ਰੈਲ ਮਹੀਨੇ 23ਵੇਂ ਰਸਾਲੇ ਦੇ ਜਵਾਨਾਂ ਨੂੰ ਵੀ ਬਸਰੇ ਜੰਗ ਦੇ ਮੋਰਚੇ ਵਿੱਚ ਭੇਜ ਦਿੱਤਾ। ਡੀਪੂ ਵਿੱਚ ਪਿੱਛੇ ਰਸਾਲੇ ਦੇ ਦੋ ਸਵਾਰ ਪੂਰਨ ਸਿੰਘ ਅਤੇ ਵਸਾਵਾ ਸਿੰਘ ਹੀ ਰਹਿ ਗਏ। ਉਹਨਾਂ ਦੀ ਰੈਜੀਮੈਂਟ ਡੀਪੂ ਨੂੰ ਵੀ ਨੌਗਾਉਂ ਯੂ.ਪੀ ਛਾਉਣੀ ਬਦਲ ਦਿੱਤਾ, ਜੋ ਹਰਪਾਲਪੁਰ ਦੇ ਰੇਲਵੇ ਸ਼ਟੇਸ਼ਨ ਤੋਂ ਕੁੱਝ ਦੂਰ ਸੀ। 13 ਮਈ,1915 ਨੂੰ ਹਰਪਾਲਪੁਰ ਸ਼ਟੇਸ਼ਨ ਤੇ ਮੀਆਂ ਮੀਰ ਛਾਉਣੀ ਦੇ ਫੌਜੀਆਂ ਦਾ ਸਮਾਨ ਉਤਾਰਿਆ ਜਾ ਰਿਹਾ ਸੀ ਤਾਂ ਪੂਰਨ ਸਿੰਘ ਦੀ ਪੇਟੀ ਵਿੱਚ ਪਿਆ ਦੇਸੀ ਬੰਬ ਫਟ ਗਿਆ। ਇੰਚਾਰਜ ਜਮਾਂਦਾਰ ਨੇ ਜਦੋਂ ਬਾਕੀ ਸਮਾਨ ਦੀ ਤਲਾਸ਼ੀ ਲਈ ਤਾਂ ਪੂਰਨ ਸਿੰਘ ਦੇ ਦੂਸਰੇ ਬਕਸੇ ਚੋਂ ਇੱਕ ਹੋਰ ਬੰਬ ਨਿਕਲਿਆ। ਪੂਰਨ ਸਿੰਘ ਤੇ ਵਸਾਵਾ ਸਿੰਘ ਨੂੰ ਫੜ ਕੇ ਪੁੱਛਗਿਛ ਕੀਤੀ। ਦੋਹਾਂ ਨੇ ਆਪਣਾ ਆਪ ਬਚਾਉਣ ਲਈ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ ਤੇ ਝਾੜ ਸਹਿਬ ਤੋਂ ਫੜੇ ਤਿੰਨਾਂ ਸਵਾਰਾਂ ਬਾਰੇ ਭੇਤ ਖੋਲ ਦਿੱਤਾ ।

ਪੂਰਨ ਸਿੰਘ ਕ੍ਰਿਪਾਲ ਸਿੰਘ ਗਦਾਰ ਦਾ ਰਿਸ਼ਤੇਦਾਰ ਸੀ । ਪੁਲਿਸ ਦੇ ਡਰਾਉਣ ਧਮਾਕਾਉਣ 'ਤੇ ਇਹਨਾਂ ਨੇ ਮੂਲ ਸਿੰਘ ਗ੍ਰੰਥੀ ਅਤੇ ਗੰਡਾ ਸਿੰਘ ਦੇ ਨਾਮ ਵੀ ਲੈ ਦਿੱਤੇ ਅਤੇ ਉਹ ਵੀ ਫੜੇ ਗਏ। ਪੂਰਨ ਸਿੰਘ ਅਤੇ ਵਸਾਵਾ ਸਿੰਘ ਨੇ ਵਾਅਦਾ ਮੁਆਫ ਬਣ ਕੇ ਕਈ ਹੋਰ ਸਵਾਰਾਂ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ ਅਤੇ ਬਸਰੇ ਜਾ ਚੁੱਕੇ ਫੌਜ਼ੀਆਂ ਦੇ ਨਾਮ ਵੀ ਦੱਸ ਦਿੱਤੇ । ਸਰਕਾਰ ਵੱਲੋਂ ਬਸਰੇ ਦੇ ਫੌਜ਼ੀ ਕਮਾਂਡਰ ਨੂੰ ਉਹਨਾਂ ਦੇ ਨਾਂ ਅਤੇ ਨੰਬਰ ਲਿੱਖ ਕੇ ਭੇਜ ਦਿੱਤੇ ਗਏ । ਕਮਾਂਡਰ ਨੇ ਨਾਸਰੀ ਸ਼ਹਿਰ ਵਿੱਚ ਸਾਰੀ ਰੈਜੀਮੈਂਟ ਦੀ ਬਿਨ੍ਹਾਂ ਹਥਿਆਰਾਂ ਤੋਂ ਪਰੇਡ ਕਰਵਾ ਕੇ 19 ਫੌਜ਼ੀਆਂ ਨੂੰ ਵੱਖ ਕੱਢ ਲਿਆ ਜਿਨ੍ਹਾਂ ਦੇ ਨਾਮ ਆਏ ਸਨ। ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਇਹਨਾਂ ਨੂੰ ਜ਼ਹਾਜ ਵਿੱਚ ਚੜ੍ਹਾ ਦਿੱਤਾ ਗਿਆ। ਬੰਬਈ ਤੋਂ ਇਹਨਾਂ ਨੂੰ ਡੱਗਸ਼ਈ ਛਾਉਣੀ ਜ਼ਿਲ੍ਹਾਂ ਸ਼ਿਮਲਾ, ਹਿਮਾਚਲ ਪ੍ਰਦੇਸ਼ ਪਹੁੰਚਾ ਦਿੱਤਾ। 11 ਅਗਸਤ 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡੱਗਸ਼ਈ ਪਹੁੰਚਾਏ ਗਏ ।

15 ਅਗਸਤ 1915 ਨੂੰ ਇਹਨਾਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ ਅਤੇ 26 ਮਾਰਚ 1915 ਨੂੰ ਫੈਸਲਾ ਸੁਣਾ ਕੇ ਇਹਨਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਪਿੱਛੋਂ ਇਹਨਾਂ ਵਿੱਚੋਂ 6 ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨ ਕਰ ਦਿੱਤੀ ਗਈ।

3 ਸਤੰਬਰ 1915 ਨੂੰ ਫਾਂਸੀ ਲੱਗੇ ਫੌਜੀਆਂ ਵਿੱਚ ਦਫੇਦਾਰ ਸ਼. ਲਛਮਣ ਸਿੰਘ ਤੇ ਮੁਸਲਮਾਨ ਅਬਦੁੱਲਾ ਨਾਹਲਬੰਦ ਵੀ ਸੀ । ਲਛਮਣ ਸਿੰਘ ਦੂਰ ਦ੍ਰਿਸ਼ਟੀ ਵਾਲਾ ਸੀ ਸਿਪਾਹੀਆਂ ਉੱਪਰ ਉਸ ਦਾ ਚੰਗਾ ਪ੍ਰਭਾਵ ਸੀ । ਸਚਿੰਦਰਨਾਥ ਸਨਿਹਾਲ ਉਸ ਬਾਰੇ ਲਿੱਖਦਾ ਹੈ, ਲਛਮਣ ਸਿੰਘ ਨੇ ਰੈਜੀਮੈਂਟ ਵਿੱਚ ਇੱਕ ਇਨਕਲਾਬੀ ਗਰੁੱਪ ਬਣਾਇਆ ਹੋਇਆ ਸੀ ਜਿਸ ਵਿੱਚ ਸਿੱਖ ਧਰਮ ਸੰਬੰਧੀ ਪੁਸਤਕਾਂ ਪੜੀਆਂ ਜਾਂਦੀਆਂ ਸਨ 'ਤੇ ਉਸ ਉੱਪਰ ਵਿਚਾਰ ਚਰਚਾ ਹੁੰਦੀ ਰਹਿੰਦੀ ਸੀ । ਰੈਜੀਮੈਂਟ ਦੇ ਸਾਰੇ ਸਿਪਾਹੀ ਲਛਮਣ ਸਿੰਘ ਨੂੰ ਧਰਮਾਤਮਾ ਅਤੇ ਉੱਚਾ ਸੁੱਚਾ ਸਮਝ ਕੇ ਸਤਿਕਾਰ ਕਰਦੇ ਸਨ।"

ਫਾਂਸੀ ਦੇ ਹੁਕਮ ਓਪਰੰਤ ਉਸਦੇ ਸਾਥੀ ਅਬਦੁੱਲਾ ਨਾਹਲਬੰਧ ਨੂੰ ਜਾਨ ਬਖਸ਼ੀ ਲਈ ਲਾਲਚ ਦੇ ਕੇ ਹੋਰ ਭੇਤ ਕੱਢਣ ਵਿੱਚ ਅਧਿਕਾਰੀ ਸਫਲ ਨਾ ਹੋਏ ਤਾਂ ਇੱਕ ਦਿਨ ਸ੍ਰ: ਲਛਮਣ ਸਿੰਘ ਨੇ ਉਸ ਨੂੰ ਕਿਹਾ, "ਮੌਲਵੀ ਜੀ ਆਪਾਂ ਸਾਰਿਆਂ ਨੂੰ ਸ਼ਹੀਦ ਕੀਤਾ ਜਾਣਾ ਨਿਸ਼ਚਿਤ ਹੈ ਕਿਉਂ ਨਾ ਤੁਸੀ ਵਾਅਦਾ ਮੁਆਫ ਗਵਾਹ ਬਣ ਕੇ ਆਪਣੀ ਜਾਨ ਬਚਾ ਲਉ।"

ਅਬਦੁੱਲਾ ਨੇ ਉੱਤਰ ਦਿੱਤਾ ਕਿ ਮੈਂ ਆਪਣੇ ਧੰਨਭਾਗ ਸਮਝਦਾ ਹਾਂ ਕਿ ਉਹਨਾਂ ਕਰੋੜ ਮੁਸਲਮਾਨਾਂ ਵਿੱਚੋਂ ਮੈਂ ਇਕੱਲਾ ਹੀ ਹਾਂ 'ਤੇ ਕੁਝ ਲੱਖ ਸਿੱਖਾਂ ਵਿੱਚੋਂ ਤੁਸੀ 11 ਜਣੇ ਹੋ ਜੋ ਦੇਸ ਖਾਤਿਰ ਕੁਰਬਾਨ ਹੋਣ ਜਾ ਰਹੇ ਹੋ, ਅੱਲ੍ਹਾ ਦੀ ਰਹਿਮਤ ਨਾਲ ਮੈਂ ਤੁਹਾਨੂੰ ਸਾਰਿਆਂ ਨੂੰ ਛੱਡ ਕੇ ਆਪਣੀ ਜਾਨ ਬਚਾ ਕੇ ਕਲੰਕਿਤ ਨਹੀਂ ਹੋਣਾ ਚਾਹੁੰਦਾ।" ਉਸ ਨੇ ਫਾਂਸੀ ਦੇ ਤਖਤੇ ਉੱਪਰ ਜਾਣ ਵੇਲੇ ਜੇਲਰ ਨੂੰ ਕਿਹਾ ਕਿ, "ਸਾਡੇ ਮਰਨ ਤੋਂ ਬਾਅਦ ਸਾਨੂੰ 12 ਨੂੰ ਵੱਖ ਨਾ ਕੀਤਾ ਜਾਵੇ ਚਾਹੇ ਸਸਕਾਰ ਕਰ ਦਿੱਤਾ ਜਾਵੇ ਜਾਂ ਦਫਨਾ ਦਿੱਤਾ ਜਾਵੇ।" 100 ਸਾਲ ਬੀਤਣ ਬਾਅਦ ਵੀ ਅੱਜ ਵੀ 11 ਸਿੱਖਾਂ ਦੇ ਫੁੱਲ਼ ਅਤੇ ਅਬਦੁੱਲਾ ਜੀ ਦੀ ਦੇਹ ਅੰਬਾਲਾ ਜੇਲ ਦੇ ਇੱਕ ਕੋਨੇ ਵਿੱਚ ਦੱਬੇ ਪਏ ਹਨ।

ਹਰ ਸਾਲ 3 ਸਤੰਬਰ ਦਾ ਦਿਨ ਇਹਨਾਂ ਮਹਾਨ ਸੂਰਬੀਰ ਫੌਜ਼ੀ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ, ਜਿਹਨਾਂ ਨੇ ਦੇਸ ਦੀ ਆਜ਼ਾਦੀ ਖਾਤਿਰ ਨੌਕਰੀਆਂ, ਰੁਜਗਾਰ ਤੇ ਆਪਣੇ ਪਰਿਵਾਰਾਂ ਦੇ ਭਵਿੱਖ ਦੀ ਪਰਵਾਹ ਕੀਤੇ ਬਿਨ੍ਹਾਂ ਅੰਗਰੇਜ਼ ਹਕੂਮਤ ਦੇ ਖਾਤਮੇ ਲਈ ਸੰਘਰਸ ਕਰਦਿਆਂ ਜਾਨਾਂ ਵਾਰ ਦਿੱਤੀਆਂ।

ਸਾਡਾ ਸਿਰ ਇਹਨਾਂ ਕੌਮੀ ਸੂਰਬੀਰਾਂ ਦੀਆਂ ਕੁਰਬਾਨੀਆਂ ਅੱਗੇ ਆਪ ਮੁਹਾਰੇ ਝੁਕ ਜਾਦਾਂ ਹੈ। ਲੋੜ ਹੈ ਇਹਨਾਂ ਭੁੱਲੇ ਵਿਸਰੇ ਸ਼ਹੀਦਾਂ ਦੇ ਵਾਰਸਾਂ ਦੀ ਸਾਰ ਲੈਣ ਦੀ ਅਤੇ ਉਚਿਤ ਯਾਦਗਾਰਾਂ ਬਣਾਉਣ ਦੀ ਤਾਂ ਜੋ ਆਉਣ ਵਾਲੀਆਂ ਪੀੜੀਆਂ ਆਪਣੇ ਵਡੇਰਿਆਂ ਨੂੰ ਯਾਦ ਰੱਖ ਸਕਣ।

**30 ਅਗਸਤ 1915 ਨੂੰ ਫਾਂਸੀ ਵਾਲੇ 12 ਫੌਜ਼ੀਆਂ ਨੂੰ ਅੰਬਾਲਾ ਜੇਲ ਲਿਆਂਦਾ ਗਿਆ ਜਿੱਥੇ 3 ਸਤੰਬਰ 1915 ਨੂੰ ਉਹਨਾਂ ਸਾਰਿਆਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ, ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ:-**

| ਨਾਮ | ਪਿੰਡ | ਜ਼ਿਲ੍ਹਾ |
|---|---|---|
| 1 ਦਫੇਦਾਰ ਲਛਮਣ ਸਿੰਘ ਪੁੱਤਰ ਸ੍ਰ: ਕੱਥਾ ਸਿੰਘ ਮਾਤਾ ਈਸ਼ਰ ਕੌਰ | ਚੂਸਲੇਵੜ | ਤਰਨ ਤਾਰਨ |
| 2. ਸਵਾਰ ਬੂਟਾ ਸਿੰਘ ਪੁੱਤਰ ਸ੍ਰ: ਚੈਂਚਲ ਸਿੰਘ | ਕਸੇਲ | ਅੰਮ੍ਰਿਤਸਰ |
| 3. ਸ੍ਰ: ਬੁੱਧ ਸਿੰਘ ਪੁੱਤਰ ਸ੍ਰ: ਹੀਰਾ ਸਿੰਘ ਮਾਤਾ ਜੀਵਨ ਕੌਰ | ਢੋਟੀਆਂ | ਤਰਨ ਤਾਰਨ |
| 4. ਅਬਦੁੱਲਾ ਨਾਹਲਬੰਦ ਪੁੱਤਰ ਅਲਾਦੀਨ | ਢੋਟੀਆਂ | ਤਰਨ ਤਾਰਨ |
| 5. ਸ.ਭਾਗ ਸਿੰਘ ਪੁੱਤਰ ਸ੍ਰ: ਬੂੜ ਸਿੰਘ ਮਾਤਾ ਗੁਲਾਬ ਕੌਰ | ਰੂੜ੍ਹੀਵਾਲ | ਤਰਨ ਤਾਰਨ |
| 6. ਸ.ਮੋਤਾ ਸਿੰਘ ਪੁੱਤਰ ਸ੍ਰ: ਈਸ਼ਰ ਸਿੰਘ ਮਾਤਾ ਹੁਕਮ ਕੌਰ | ਰੂੜ੍ਹੀਵਾਲ | ਤਰਨ ਤਾਰਨ |
| 7. ਸ.ਤਾਰਾ ਸਿੰਘ ਪੁੱਤਰ ਸ੍ਰ: ਸ਼ਾਮ ਸਿੰਘ ਮਾਤਾ ਭੋਲੀ | ਰੂੜ੍ਹੀਵਾਲ | ਤਰਨ ਤਾਰਨ |
| 8. ਦਫੇਦਾਰ ਵਧਾਵਾ ਸਿੰਘ ਪੁੱਤਰ ਸ਼੍ਰ: ਸੁਰੈਣ ਸਿੰਘ ਮਾਤਾ ਘਈ ਕੌਰ | ਰੂੜ੍ਹੀਵਾਲ | ਤਰਨ ਤਾਰਨ |
| 9. ਸ.ਇੰਦਰ ਸਿੰਘ ਪੁੱਤਰ ਸ੍ਰ: ਜਵੰਦ ਸਿੰਘ ਮਾਤਾ ਖੇਮੀ ਕੌਰ | ਜੀਉਬਾਲਾ | ਤਰਨ ਤਾਰਨ |
| 10. ਸ.ਇੰਦਰ ਸਿੰਘ ਪੁੱਤਰ ਸ੍ਰ: ਭਗਤ ਸਿੰਘ ਮਾਤਾ ਭਾਗਣ ਕੌਰ | ਜੀਉਬਾਲਾ | ਤਰਨ ਤਾਰਨ |
| 11. ਸ.ਗੁੱਜਰ ਸਿੰਘ ਪੁੱਤਰ ਨਿਹਾਲ ਸਿੰਘ ਮਾਤਾ ਰਤਨ ਕੌਰ | ਲੌਹਕਾ | ਤਰਨ ਤਾਰਨ |
| 12. ਸ.ਜੇਠਾ ਸਿੰਘ ਪੁੱਤਰ ਸ੍ਰ: ਬਹਾਦਰ ਸਿੰਘ ਮਾਤਾ ਪ੍ਰੇਮ ਕੌਰ | ਲੌਹਕਾ | ਤਰਨ ਤਾਰਨ |

**ਉਮਰ ਕੈਦ ਜਲਾਵਤਨੀ ਦੀ ਸਜ਼ਾ ਵਾਲੇ ਫੌਜ਼ੀਆਂ ਦਾ ਵੇਰਵਾ :-**

| | | |
|---|---|---|
| 1. ਸ਼.ਬਿਸ਼ਨ ਸਿੰਘ ਪੁੱਤਰ ਸ੍ਰ: ਜੀਊਣ ਸਿੰਘ | ਢੋਟੀਆਂ | ਤਰਨ ਤਾਰਨ |
| 2. ਸ਼.ਬਿਸ਼ਨ ਸਿੰਘ ਪੁੱਤਰ ਸ੍ਰ: ਰਾਮ ਸਿੰਘ | ਢੋਟੀਆਂ | ਤਰਨ ਤਾਰਨ |
| 3. ਸ਼.ਨੱਥਾ ਸਿੰਘ ਪੁੱਤਰ ਸ੍ਰ: ਸਦਾ ਸਿੰਘ | ਢੋਟੀਆਂ | ਤਰਨ ਤਾਰਨ |
| 4. ਕਿਹਰ ਸਿੰਘ ਪੁੱਤਰ ਸ੍ਰ: ਕਾਹਨ ਸਿੰਘ | ਢੋਟੀਆਂ | ਤਰਨ ਤਾਰਨ |
| 5 ਸ਼.ਨੰਦ ਸਿੰਘ ਪੁੱਤਰ ਸ੍ਰ: ਪੰਜ਼ਾਬ ਸਿੰਘ | ਰਾਏ ਕਾ ਬੁਰਜ਼ | ਤਰਨ ਤਾਰਨ |
| 6 ਸ.ਚੰਨਣ ਸਿੰਘ ਪੁੱਤਰ ਨੱਥਾ ਸਿੰਘ | ਢੰਡ ਕਸੇਲ | ਅੰਮ੍ਰਿਤਸਰ |

**ਝਾੜ ਸਾਹਿਬ ਤੋਂ ਗ੍ਰਿਫਤਾਰ ਕੀਤੇ ਫੌਜ਼ੀ ਜਿਹਨਾਂ ਨੂੰ ਉਮਰ ਕੈਦ ਜਲਾਵਤਨੀ ਦੀ ਸਜ਼ਾ ਹੋਈ ਦਾ ਵੇਰਵਾ:-**

| | | |
|---|---|---|
| 1. ਭਾਈ ਮਹਿਰਾਜ ਸਿੰਘ ਪੁੱਤਰ ਨਿਹਾਲ ਸਿੰਘ | ਕਸੇਲ | ਅੰਮ੍ਰਿਤਸਰ |
| 2. ਭਾਈ ਸੁੱਚਾ ਸਿੰਘ ਪੁੱਤਰ ਗੁਰਦਿੱਤ ਸਿੰਘ | ਚੋਹਲਾ ਸਾਹਿਬ | ਤਰਨ ਤਾਰਨ |

ਕੰਵਲਬੀਰ ਸਿੰਘ ਪੰਨੂੰ
91-98766-98068

# ਕੁਮਾਰ ਵਿਸਵਾਸ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦਿਲ ਨੂੰ ਛੂਹ ਗਈ

ਕਿਸੇ ਪਸੰਦੀਦਾ ਖੂਬਸੂਰਤ ਗੀਤ ਜਿਸਦਾ ਜਾਦੂ ਸੁਣਨ ਵਾਲੇ ਦੇ ਸਿਰ ਚੜ੍ਹ ਬੋਲੇ ਦੇ ਅਹਿਸਾਸ ਵਰਗਾ ਹੀ ਕੁਝ ਕੁਝ ਮਹਿਸੂਸ ਹੋਇਆ ਡਾਕਟਰ ਕੁਮਾਰ ਵਿਸਵਾਸ ਨੂੰ ਸੁਣਨ ਵੇਲੇ। ਭਾਵੇਂ ਉਹ ਪੂਰੀ ਤਰਾਂ ਸਿਹਤਮੰਦ ਨਹੀਂ ਸੀ ਲੇਕਿਨ ਉਸ ਦੀ ਪੇਸ਼ਕਾਰੀ ਜੋ ਕਿ ਮਾਨਵਤਾ ਦੀ ਗੱਲ ਕਰਦੀ ਸੀ ਦੀ ਪੇਸ਼ਕਾਰੀ ਤੇ ਗਹਿਰਾਈ ਆਪਣੇ ਆਪ ਵਿਚ ਲਾਜਵਾਬ ਸੀ। ਮੌਕਾ ਸੀ ਯੂਨੀਵਰਸਿਟੀ ਆਫ਼ ਸਿਲੀਕਾਨ ਵੈਲੀ, ਐਂਡਰਾ, ਮਿਲੀਪੇਟਸ ਦੇ ਹਾਲ ਵਿੱਚ ਇੰਡੋ ਅਮੇਰਕਿਨ ਸੁਸਾਇਟੀ ਵੱਲੋਂ ਕਰਵਾਏ ਗਏ ਸਮਾਗਮ ਦਾ। ਇੱਥੇ ਅਜਿਹੇ ਸੈਂਕੜੇ ਲੋਕ ਸਨ ਜਿਹੜੇ ਡਾ ਕੁਮਾਰ ਵਿਸਵਾਸ ਦੀ ਆਵਾਜ਼ ਨੂੰ ਸੁਣਨ ਲਈ ਹੀ ਆਏ ਸਨ।

ਵਿਸਵਾਸ ਦਾ ਅੰਦਾਜ਼ ਤੇ ਸ਼ਬਦਾਂ ਦੀ ਗਹਿਰਾਈ ਹੀ ਅਜਿਹੀ ਸੀ ਕਿ ਮਾਨਵਤਾ ਦੇ ਹੱਕ ਵਿਚ ਉਸਦੇ ਸੰਬੋਧਨ ਨੇ ਉਥੇ ਇੱਕ ਅਜਿਹਾ ਮਹੌਲ ਸਿਰਜ ਦਿੱਤਾ ਕਿ ਉਥੇ ਮੌਜੂਦ ਹਰ ਕੋਈ ਸ਼ਖ਼ਸ਼ ਮਾਨਵਤਾ ਲਈ ਕੁਝ ਨਾ ਕੁਝ ਕਰਨ ਲਈ ਉਤਸ਼ਾਹਿਤ ਹੋ ਗਿਆ। ਵਿਸਵਾਸ ਨੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਭਾਰਤ ਤੇ ਕੁਝ ਹੱਦ ਤੱਕ ਦੁਨੀਆ ਦੀ ਸਿਆਸਤ ਦੇ ਮੌਜੂਦਾ ਮਹੌਲ ਸੰਬੰਧੀ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਇਸਦੇ ਨਾਲ ਨਾਲ ਉਸਦੇ ਸੰਬੋਧਨ ਨੇ ਹਾਜ਼ਰ ਹਰ ਕਿਸੇ ਨੂੰ ਸਮਾਜ ਲਈ ਆਪਣੇ ਤੌਰ ਤੇ ਕੁਝ ਨਾ ਕੁਝ ਕਰਨ ਲਈ ਪ੍ਰੇਰਿਤ ਕੀਤਾ।

ਡਾ ਵਿਸਵਾਸ ਨੂੰ ਸੁਣਨ ਤੋਂ ਪਹਿਲਾਂ ਦੀ ਹਲਕੀ ਜਿਹੀ ਝਿਜਕ ਦੇ ਬਾਵਜੂਦ ਵੀ ਮੈਂ ਉਸਦੀਆਂ ਗੱਲਾਂ ਨਾਲ ਧੁਰ ਅੰਦਰ ਤੱਕ ਮਾਨਵਤਾ ਲਈ ਤੜਪ ਵਾਲੇ ਵਿਚਾਰਾਂ ਲਈ ਇੱਕ ਵੱਡਾ ਹਲੂਣਾ ਮਹਿਸੂਸ ਕੀਤਾ। ਜਦੋਂ ਮੈਂ ਯੂਨਾਈਟਿਡ ਸਟੇਟਸ ਵਿੱਚ ਆਪਣਾ ਢਾਈ ਦਹਾਕੇ ਪੁਰਾਣਾ ਤੇ ਮੈਂਟਲ ਹੈਲਥ 'ਚ ਕਰੀਬ 33 ਸਾਲ ਪੁਰਾਣੇ ਸਫ਼ਰ ਤੇ ਸਰਸਰੀ ਨਜ਼ਰਸਾਨੀ ਕਰਦਾ ਹਾਂ ਬਹੁਤ ਹੀ ਨਿਮਰਤਾ ਭਰਪੂਰ ਢੰਗ ਨਾਲ ਕਹਿ ਸਕਦਾ ਹਾਂ ਕਿ ਦੁਨੀਆ ਦੀਆਂ ਸਾਰੀਆਂ ਧਾਰਮਿਕ ਕਿਤਾਬਾਂ ( ਭਗਵਤ ਗੀਤਾ, ਗੁਰੂ ਗ੍ਰੰਥ ਸਾਹਿਬ, ਬਾਈਬਲ, ਕੁਰਾਨ, ਯਹੂਦੀ, ਬੁੱਧ ਜਾਂ ਜੈਨ ) ਦੀਆਂ ਲਿਖਤਾਂ ਤੇ ਸਿੱਖਿਆਵਾਂ ਦਾ ਇੱਕੋ ਵਿਚਾਰ ਹੈ ਕਿ ਕੋਈ ਇਨਸਾਨ ਵੀ ਜਨਮ ਤੋਂ ਛੋਟਾ ਵੱਡਾ ਨਹੀਂ ਹੈ। ਕਿਸੇ ਖਾਸ ਪਰਿਵਾਰ, ਜਾਤ, ਜਾਂ ਰੰਗ ਨਸਲ ਵਿੱਚ ਵਿੱਚ ਵੀ ਨਹੀਂ।


ਡਾਕਟਰ ਕੁਮਾਰ ਵਿਸਵਾਸ ਨਾਲ ਡਾਕਟਰ ਹਰਮੇਸ਼ ਕੁਮਾਰ।

ਮੈਂ ਬਹੁਤ ਸਾਰੇ ਅਜਿਹੇ ਵੱਡੇ ਡਾਕਟਰ, ਵਿਗਿਆਨੀ ਜਾਂ ਅਮੀਰ ਬੰਦੇ ਦੇਖੇ ਹਨ ਜੋ ਕਿ ਦੁਨੀਆ ਦੀਆਂ ਸਭ ਤੋਂ ਵਧੀਆ ਸਿਹਤ ਸੇਵਾਵਾਂ ਲੈ ਸਕਦੇ ਹਨ। ਲੇਕਿਨ ਉਹਨਾਂ ਦੇ ਬੱਚੇ ਜਾਂ ਤਾਂ ਗੰਭੀਰ ਦਿਮਾਗੀ ਕਮਜੋਰੀਆਂ ਵਾਲੇ ਹਨ ਤੇ ਆਧੁਨਿਕ ਕੋਈ ਵੀ ਤਕਨੀਕ ਉਹਨਾਂ ਬੱਚਿਆਂ ਦਾ ਇਲਾਜ਼ ਨਹੀਂ ਕਰ ਸਕਦੀ।

ਇਸਦੇ ਉਲਟ ਮੈਂ ਕੁਝ ਅਜਿਹੇ ਹੁਸ਼ਿਆਰ ਤੇ ਵਿਲੱਖਣ ਪ੍ਰਤਿਭਾ ਦੇ ਬੱਚੇ ਦੇਖੇ ਹਨ ਜੋ ਕਿ ਕਥਿਤ ਤੌਰ ਤੇ ਛੋਟੀ ਸਮਾਜਿਕ ਜਾਂ ਆਰਥਿਕ ਪੱਧਰ ਤੇ ਛੋਟੀਆਂ ਜਾਤਾਂ ਜਾਂ ਨਸਲਾਂ ਨਾਲ ਸੰਬੰਧਿਤ ਹਨ।

ਪਿਛਲੇ ਦਿਨੀਂ ਮੈਂ ਇੱਕ ਫਿਲਮ ਹਿਡਨ ਫਿੰਗਰਜ਼ ਦੇਖੀ ਜਿਸ ਵਿੱਚ ਇੱਕ ਸਿਆਹ ਔਰਤ ਜੋ ਕਿ ਅਮਰੀਕਾ ਵਿੱਚ ਨਸਲਵਾਦ ਤੇ ਗੁਲਾਮੀ ਨਾਲ ਸਬੰਧਿਤ ਸੀ ਲੇਕਿਨ ਇੰਨੀ ਜ਼ਿਆਦਾ ਹੋਣਹਾਰ ਸੀ ਕਿ ਨਾਸਾ ਦੇ ਬ੍ਰਹਿਮੰਡ ਦੇ ਗਿਆਨ ਦੇ ਵਾਧੇ ਸਬੰਧੀ ਵਿਸ਼ੇਸ਼ ਯੋਗਦਾਨ ਦਿੱਤਾ।

ਇਸ ਲਈ ਹਰੇਕ ਇਨਸਾਨ ਦਾ ਕਰਮ ਹੀ ਹੈ ਜੋ ਉਸ ਨੂੰ ਉਸ ਨਾਲੋਂ ਬਿਹਤਰ ਬਣਾਉਂਦਾ ਹੈ ਜੋ ਕਿ ਉੱਚੀ ਜਾਂ ਨੀਵੀਂ ਜਾਤੀ ਜਾਂ ਨਸਲ ਵਿੱਚ ਜਨਮਿਆ ਹੋਵੇ। ਮੈਂ ਰਾਜ ਘਨੋਟ ਤੇ ਇੰਡੋ ਅਮੇਰਿਕਨ ਸੁਸਾਇਟੀ ਬੇ ਏਰੀਆ ਨੂੰ ਇਸ ਸਤਰੰਗੀ ਸ਼ਾਮ ਨੂੰ ਹੋਰ ਵੀ ਸੁਹਾਵਣਾ ਬਣਾਉਣ ਲਈ ਵਧਾਈ ਦਿੰਦਾ ਹਾਂ। ਭਾਵੇਂ ਕਿ ਆਪਣੇ ਸਥਾਨਿਕ ਕਵੀਆਂ ਨੂੰ ਸੁਣਨਾ ਹਮੇਸ਼ਾ ਹੀ ਇੱਕ ਖੁਸ਼ਨੁਮਾ ਮਹੌਲ ਦੀ ਸਿਰਜਣਾ ਹੁੰਦਾ ਹੈ। ਅਰਚਨਾ ਪਾਂਡੇ ਵਿੱਚ ਇਹ ਯੋਗਤਾ ਸੀ ਕਿ ਉਸਨੇ ਇਸ ਸ਼ਾਮ ਨੂੰ ਹੋਰ ਵੀ ਸਾਕਾਰਾਤਮਕ ਬਣਾ ਦਿੱਤਾ।

ਕੁੱਲ ਮਿਲਾ ਕਿ ਇਹ ਇੱਕ ਬਹੁਤ ਹੀ ਵਿਸ਼ੇਸ਼ ਦਿਨ ਸੀ ਜੋ ਡਾਕਟਰ ਕੁਮਾਰ ਵਿਸਵਾਸ ਨਾਲ ਬਤੀਤ ਕੀਤਾ। ਇਸਤੋਂ ਵੀ ਖਾਸ ਕੁਮਾਰ ਵਿਸਵਾਸ ਵੱਲੋਂ ਆਪਣੀ ਮਾਂ ਭੂਮੀ ਤੇ ਨਾਲ ਹੀ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦਿਲ ਨੂੰ ਛੂਹ ਗਈ। ਮੇਰਾ ਮੰਨਣਾ ਹੈ ਕਿ ਇਹੋ ਜਿਹੀਆਂ ਰੂਹਾਂ ਭਾਰਤ ਹੀ ਲਈ ਨਹੀਂ ਸਗੋਂ ਪੂਰੀ ਦੁਨੀਆ ਦੀ ਮਾਨਵਤਾ ਲਈ ਹਨ। ਮੈਂ ਆਸ ਕਰਦਾ ਹਾਂ ਕਿ ਆਉਂਦੇ ਸਮੇਂ ਦੌਰਾਨ ਵੀ ਡਾਕਟਰ ਕੁਮਾਰ ਵਿਸਵਾਸ ਮਾਨਵਤਾ ਨਾਲ ਭਰਪੂਰ ਆਪਣੀ ਗਹਿਰਾਈ ਤੇ ਰੂਹਾਨੀਅਤ ਭਰਪੂਰ ਸ਼ਾਇਰੀ ਨਾਲ ਨਿਵਾਜਦੇ ਰਹਿਣਗੇ।

-ਡਾ ਹਰਮੇਸ਼ ਕੁਮਾਰ

# "ਮੈਂ ਚਾਦਰ ਕੱਢਦੀ ਨੀ" ਪ੍ਰੀਤ ਮਹਿੰਦਰ ਤਿਵਾੜੀ


ਗੁਰਮੀਤ ਕੜਿਆਲਵੀ

ਜਿੰਨਾਂ ਦਿਨਾਂ ਵਿੱਚ "ਪ੍ਰੀਤ ਮਹਿੰਦਰ ਤਿਵਾੜੀ " ਨਾਲ ਮੇਲ ਹੋਇਆ ਉਹਨੀਂ ਦਿਨੀਂ ਉਹ ਸ਼ੋਹਰਤ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਸੀ। ਸਰਦੂਲ ਸਿਕੰਦਰ ਦੀ ਆਵਾਜ਼ ਵਿੱਚ ਮਹਿੰਦਰ ਦਾ ਲਿਖਿਆ ਗੀਤ 'ਪੱਟੇ ਗਏ ਨੀ, ਮੁੰਡੇ ਤੇਰੇ ਨੀ ਪਿਆਰ ਦੇ "ਹਿੱਟ ਹੋ ਗਿਆ ਸੀ। ਫੇਰ "ਫੁੱਲਾਂ ਦੀਏ ਕੱਚੀਏ ਵਪਾਰਨੇ ਕੰਡਿਆਂ ਦੇ ਭਾਅ 'ਚ ਸਾਨੂੰ ਤੋਲ ਨਾ" ਨੇ ਤਾਂ ਅਗਲੇ-ਪਿੱਛਲੇ ਸਾਰੇ ਰਿਕਾਰਡ ਹੀ ਤੋੜ ਦਿੱਤੇ ਸਨ। ਹਰ ਹੱਟੀ -ਭੱਠੀ ਤੇ ਬੱਸਾਂ- ਗੱਡੀਆਂ ਵਿੱਚ ਇਹੀ ਗੀਤ ਖੜਕਾਟ ਪਾਈ ਫਿਰਦਾ ਸੀ । ਗੀਤਕਾਰੀ ਵਿੱਚ ਤਿਵਾੜੀ ਦੀ ਝੰਡੀ ਹੋਈ ਪਈ ਸੀ। ਹੰਸ ਰਾਜ ਹੰਸ ਦੀਆਂ ਸਟੇਜਾਂ ਉੱਪਰ ਵੀ ਪ੍ਰੀਤ ਮਹਿੰਦਰ ਦਾ ਲਿਖਿਆ ਗੀਤ "ਨੀ ਤੂੰ ਮੱਸਿਆ ਨੂੰ ਪੁੰਨਿਆਂ ਬਣਾਈ ਫਿਰਦੀ, ਵਣਜਾਰਣ ਕੁੜੀਏ" ਲੋਕਾਂ ਵਲੋਂ ਵਾਰ -ਵਾਰ ਸੁਣਿਆ ਜਾ ਰਿਹਾ ਸੀ। ਉਸ ਵੇਲੇ ਦੇ ਹੋਰ ਚਰਚਿਤ ਗਾਇਕ ਜਿਵੇਂ ਸੁਰਿੰਦਰ ਛਿੰਦਾ, ਹਰਭਜਨ ਮਾਨ, ਆਪਣੇ ਗੀਤਾਂ ਵਿੱਚ ਵੈਣ ਜਿਹੇ ਪਾਉਣ ਵਾਲਾ ਮੇਜਰ ਰਾਜਸਥਾਨੀ, ਮੋਹਾਲੀ ਵਾਲਾ ਹਰਦੀਪ, ਸਕੂਲਾਂ ਦੇ ਚੌਥੀ-ਪੰਜਵੀਂ ਜਮਾਤੇ ਪੜਦੇ ਜੁਆਕਾਂ ਨੂੰ ਵੀ ਗੀਤਾਂ ਰਾਹੀਂ ਆਸ਼ਕੀ ਵਿੱਚ ਘੜੀਸ ਲੈਣ ਵਾਲਾ ਰਣਜੀਤ ਮਨੀ, ਤੇ ਨਿੱਕੇ -ਵੱਡੇ ਲਗਭਗ ਸਾਰੇ ਹੀ ਗਾਇਕ; ਪ੍ਰੀਤ ਮਹਿੰਦਰ ਤਿਵਾੜੀ ਦੇ ਲਿਖੇ ਗੀਤ ਗਾਉਂਦੇ ਸਨ। ਬੱਲੂਆਣਾ (ਬਠਿੰਡਾ) ਵਿਚ ਪਿਤਾ ਪੰਡਤ ਪਰਸ ਰਾਮ ਦੇ ਘਰ ਮਾਤਾ ਸ੍ਰੀਮਤੀ ਗੁਰਨਾਮ ਕੌਰ ਦੀ ਕੁੱਖੋਂ ਜਨਮੇ ਇਸ ਗੀਤਕਾਰ ਦੇ ਗੀਤਾਂ ਦੀ ਡਾਹਢੀ ਮੰਗ ਸੀ। ਪ੍ਰੀਤ ਮਹਿੰਦਰ ਤਿਵਾੜੀ ਦੇ ਘਰ ਗਾਇਕਾਂ ਦਾ ਮੇਲਾ ਭਰਿਆ ਰਹਿੰਦਾ । ਤਿਵਾੜੀ ਦਾ ਉਹਨੀਂ ਦਿਨੀ ਦੁੱਧ ਹੀ ਨਹੀਂ ਪਾਣੀ ਵੀ ਵਿੱਕ ਰਿਹਾ ਸੀ।

ਤਿਵਾੜੀ ਨੇ ਸਰਕਾਰੀ ਕਾਲਜ ਰੋਡੇ ਬੀ ਏ ਵਿੱਚ ਪੜ੍ਹਦਿਆਂ ਹੀ ਕਵਿਤਾ ਨਾਲ ਮੋਹ ਪਾਲ ਲਿਆ ਸੀ । ਉਸਦੀ ਪਹਿਲੀ ਪੁਸਤਕ "ਪ੍ਰੀਤ ਬੁਰੀ ਮੇਰੀ ਮਾਏ " ਵੀ ਕਾਲਜ ਪੜ੍ਹਦਿਆਂ ਹੀ ਛਪ ਗਈ ਸੀ। ਤਿਵਾੜੀ ਦੇ ਦੱਸਣ ਮੁਤਾਬਕ ਇਸ ਦਾ ਮੁੱਖ -ਬੰਦ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਸੀ। ਇਹ ਬੜੀ ਵੱਡੀ ਗੱਲ ਸੀ। "ਜਦੋਂ ਚੁੱਪ ਬੋਲਦੀ ਹੈ " ਦੂਸਰੀ ਪੁਸਤਕ ਵੀ ਕਵਿਤਾਵਾਂ ਦੀ ਹੀ ਸੀ। "ਲੁੱਟ ਲਈ ਮੈਂ ਸਰਦਾਰਾਂ" ਤੇ "ਅੰਨਾ ਇਸ਼ਕ " ਨਾਵਲਾਂ ਬਾਰੇ ਵੀ ਉਹ ਜ਼ਿਕਰ ਕਰਦਾ। ਨਕਸਲਬਾੜੀ ਲਹਿਰ ਦੇ ਵੱਡੇ ਯੋਧੇ "ਬੰਤ ਰਾਜੇਆਣੀਏ " ਬਾਰੇ ਲਿਖੇ ਨਾਵਲ- "ਰੂਹ ਅੰਬਰਾਂ ਤਕ ਰੋਈ " ਦੀ ਉਸ ਕੋਲ ਫਟੀ ਪੁਰਾਣੀ ਇਕ ਹੀ ਕਾਪੀ ਸੀ ਜਿਸਦਾ ਪਹਿਲਾ ਪੰਨਾ ਵੀ ਕਿਧਰੇ ਗਾਇਬ ਹੋ ਗਿਆ ਸੀ। ਬੰਤ ਇਸ ਨਾਵਲ ਦਾ ਨਾਇਕ ਸੀ।

ਤਿਵਾੜੀ ਬੜਾ ਖੁਸ਼ਦਿਲ ਇਨਸਾਨ ਸੀ ,ਉਸਨੇ ਆਖਣਾ, "ਮੈਂ 1947 ਵਿੱਚ ਜੰਮਿਆ ਸੀ, 1984 ਵਿੱਚ ਮੇਰਾ ਵਿਆਹ ਹੋਇਆ ਸੀ ਅਤੇ ਹੁਣ ਤੀਸਰੀ ਸੰਸਾਰ ਜੰਗ ਵੇਲੇ ਮਰਨ ਦੀ ਸਕੀਮ ਐ। " ਕਿੰਨੀ ਸੱਚੀ ਗੱਲ ਆਖਦਾ ਸੀ; ਹੁਣ ਜਦੋਂ ਸਮੁੱਚੀ ਦੁਨੀਆਂ ਜੰਗ ਦੇ ਮੁਹਾਣੇ 'ਤੇ ਖੜੀ ਹੈ, ਤਿਵਾੜੀ ਆਪਣੇ ਚਾਹੁਣ ਵਾਲਿਆਂ ਪ੍ਰਸੰਸਕਾਂ , ਮਿਤਰਾਂ ਅਤੇ ਪੁੱਤਰਾਂ ਵਰਗੇ ਪਿਆਰੇ ਦਰਜਨਾਂ ਸਦਾਬਹਾਰ ਗੀਤਾਂ ਨੂੰ ਛੱਡ ਕੇ ਚਲਾ ਗਿਆ ਹੈ।

ਪ੍ਰੀਤ ਮਹਿੰਦਰ ਤਿਵਾੜੀ ਨੇ ਜ਼ਿੰਦਗੀ ਵਿੱਚ ਸ਼ੋਹਰਤ ਸੌਖਿਆਂ ਹੀ ਹਾਸਲ ਨਹੀਂ ਸੀ ਕੀਤੀ। ਇਸ ਲਈ ਉਸਨੇ ਲਗਾਤਾਰ ਚਾਰ ਦਹਾਕੇ ਸੰਘਰਸ਼ ਕੀਤਾ ਸੀ। ਕਿਸੇ ਵੇਲੇ ਉਸ ਉਪਰ ਵੀ ਫਿਲਮੀ ਐਕਟਰ ਬਨਣ ਦਾ ਭੂਤ ਸਵਾਰ ਹੋ ਗਿਆ ਸੀ ਤੇ ਉਹ ਸਭ ਕੁੱਝ ਛੱਡ-ਛੁਡਾ ਉਦੋਂ ਦੀ ਬੰਬਈ ਤੇ ਹੁਣ ਵਾਲੀ ਮੁੰਬਈ ਚਲਾ ਗਿਆ ਸੀ। ਪੰਜਾਬੀ ਸਾਹਿਤ ਦੀ ਐਮ ਏ , ਇਤਿਹਾਸ ਦੀ ਐਮ ਏ ਤੇ ਬਨਾਰਸ ਤੋਂ ਵੋਕਲ ਸੰਗੀਤ ਦੀ ਮਾਸਟਰ ਡਿਗਰੀ ਪੱਲੇ 'ਚ ਪਾ ਕੇ ਉਹ ਪ੍ਰੋਡਿਊਸਰਾਂ, ਡਾਇਰੈਕਟਰਾਂ ਕੋਲ ਗੇੜੇ ਮਾਰਦਾ ਰਿਹਾ। ਰਫੀ ਸਾਹਿਬ ਦੇ ਚਰਨੀਂ ਮੱਥਾ ਟੇਕਿਆ ਜਿੰਨਾਂ ਨੇ ਉਸਨੂੰ ਪ੍ਰਸਿੱਧ ਸੰਗੀਤਕਾਰ ਮਦਨ ਮੋਹਨ ਹੁਰਾਂ ਨਾਲ ਸਹਾਇਕ ਲਗਵਾ ਦਿੱਤਾ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸ਼ੁਦਾਈ ਬਲਰਾਜ ਸਾਹਨੀ ਨੇ ਵੀ ਬਥੇਰੀ ਮੱਦਦ ਕੀਤੀ , ਜਿਸ ਨੂੰ ਤਿਵਾੜੀ ਬੜੀ ਸ਼ਿੱਦਤ ਅਤੇ ਇਹਤਰਾਮ ਨਾਲ ਯਾਦ ਕਰਦਾ। ਫੇਰ ਸ਼ਿਵ ਚਲਾ ਗਿਆ, ਬਲਰਾਜ ਸਾਹਨੀ ਚਲਾ ਗਿਆ, ਮਦਨ ਮੋਹਨ ਸਾਹਿਬ ਚਲੇ ਗਏ ਤੇ ਆਖਰ ਰਫੀ ਸਾਹਿਬ ਕੂਚ ਕਰ ਗਏ; ਹੁਣ ਮਾਇਆ ਨਗਰੀ ਵਿਚ ਤਿਵਾੜੀ ਨੂੰ ਭਲਾ ਕੌਣ ਪੁੱਛਦਾ ? ਉਹ ਬੇਰੰਗ ਲਿਫਾਫੇ ਵਾਂਗ ਬਠਿੰਡੇ ਦੇ ਰੇਤਲੇ ਟਿੱਬਿਆ 'ਚ ਆ ਵਸਿਆ।

ਬਠਿੰਡੇ ਆਕੇ ਉਸਨੇ ਪ੍ਰੀਤ ਨਗਰ ਆਰਟਸ ਥਿਏਟਰ ਬਣਾਇਆ। ਰੋਟੀ ਪਾਣੀ ਦਾ ਜੁਗਾੜ ਚੱਲਣ ਲੱਗਾ ਸੀ। ਦੂਰਦਰਸ਼ਨ ਜਲੰਧਰ ਵਾਲੇ ਹਰਜੀਤ ਭਾਜੀ ਨੇ ਕਵੀ ਦਰਬਾਰਾਂ ਤੇ ਬੁਲਾਇਆ, ਕਈ ਗੀਤ ਵੀ ਗਾ ਦਿਤੇ । "ਝੂਠੇ ਸ਼ਾਹ", ਦੋ ਮੁੱਠੀ ਰਾਖ" ਤੇ ਚੇਤਨਾ ਆਦਿ ਨਾਟਕ ਵੀ ਦੂਰਦਰਸ਼ਨ ਤੋਂ ਪੇਸ਼ ਕੀਤੇ। ਸਮੇਂ ਦੀ ਧੂੜ ਵਿੱਚ ਗੁਆਚ ਗਈਆਂ ਇਕ ਦੋ ਫਿਲਮਾਂ ਦੇ ਡਾਇਲਾਗ ਵੀ ਲਿਖੇ ਪਰ ਇਹ ਸਾਰਾ ਕੁੱਝ ਰੋਟੀ ਕਿੱਥੇ ਦਿੰਦਾ ਸੀ । ਕਈ ਥਾਈਂ ਅੱਕੀਂ-ਪਲਾਹੀਂ ਹੱਥ ਮਾਰਨੇ ਪੈਂਦੇ। ਕਦੇ -ਕਦੇ ਨਿਰਾਸ਼ਾ ਵੀ ਘੇਰਾ ਘੱਤ ਲੈਂਦੀ।

ਫਿਰ ਚਾਣਚੱਕ ਦਿਨ ਫਿਰਨ ਲੱਗੇ। ਤਿਵਾੜੀ ਦੀ ਕਲਮ ਤੋਂ ਨਿੱਕਲਿਆ ਗੀਤ " ਪੱਟੇ ਗਏ ਮੁੰਡੇ ਤੇਰੇ ਨੀ ਪਿਆਰ ਦੇ, ਹੀਰ ਨੂੰ ਲੈਗੇ ਖੇੜੇ ਰਾਂਝੇ ਰਹਿ ਗਏ ਮੱਝਾਂ ਚਾਰਦੇ" ਸਰਦੂਲ ਸਿਕੰਦਰ ਦੇ ਗਲੇ ਦੀਆਂ ਮੁਰਕੀਆਂ ਰਾਹੀਂ ਸੱਜਧੱਜ ਕੇ ਪੰਜਾਬ ਦੀ ਸੰਗੀਤਕ ਫਿਜ਼ਾ ਵਿੱਚ ਗੂੰਜਣ ਲੱਗਾ। ਇਸ ਗੀਤ ਨੇ ਚਿਰਾਂ ਦੇ ਭਟਕਦੇ ਫਿਰਦੇ ਪ੍ਰੀਤ ਮਹਿੰਦਰ ਤਿਵਾੜੀ ਦੇ ਪੈਰ ਲਵਾ ਦਿੱਤੇ। ਹੁਣ ਉਹ ਲੋਕਾਂ ਦਾ ਵੀ ਤੇ ਗਾਇਕਾਂ ਦਾ ਵੀ ਮਨਪਸੰਦ ਗੀਤਕਾਰ ਬਣ ਚੁੱਕਾ ਸੀ । ਜੱਸੋਵਾਲ ਵਾਲੇ ਮੇਲਿਆਂ ਵਿਚ ਤਿਵਾੜੀ ਨੂੰ ਮਾਣ-ਸਨਮਾਨ ਮਿਲਣ ਲਗੇ। ਘਰ ਦਾ ਤੋਰੀ ਫੁਲਕਾ ਵੀ ਸੋਹਣਾ ਚੱਲਣ ਲੱਗ ਪਿਆ ਸੀ । ਤਿਵਾੜੀ ਦੇ ਚਿਹਰੇ ਤੇ ਖੁਸ਼ੀ ਆ ਡੇਰੇ ਲਾਏ ਸਨ।

ਬਠਿੰਡੇ ਵਾਲਾ ਪ੍ਰੀਤ ਮਹਿੰਦਰ ਤਿਵਾੜੀ ਹੁਣ ਰੁੱਝਿਆ ਹੋਇਆ ਸੀ। ਉਸਦੇ ਗੀਤ ਮਹਿੰਦਰ ਕਪੂਰ, ਦਿਲਸ਼ਾਦ, ਆਸ਼ਾ ਭੌਸਲੇ, ਸੁਰੇਸ਼ ਵਾਡੇਕਰ, ਦਿਲਰਾਜ ਕੌਰ, ਸ਼ਬੀਰ ਕੁਮਾਰ, ਮੁਹੰਮਦ ਅਜੀਜ ਵਰਗੇ ਬਾਲੀਵੁੱਡ ਗਾਇਕ-ਗਾਇਕਾਵਾਂ ਨੇ ਗਾਏ ।ਗੁਰਦਾਸ ਮਾਨ ਨੇ ਵੀ ਉਸਦੇ "ਬਟੂਆ" ਗੀਤ ਨੂੰ ਆਪਣੀ ਆਵਾਜ਼ ਦੇ ਦਿੱਤੀ ਸੀ । ਚਾਰ ਚੁਫੇਰੇ ਤਿਵਾੜੀ ਦੀ ਗੀਤਕਾਰੀ ਸੀ- ਇਹ ਉਹ ਦੌਰ ਸੀ ਜਿਸ ਨੂੰ ਉਡੀਕਦਿਆਂ ਉਸਨੇ ਉਮਰ ਦੇ ਬਹੁਮੁੱਲੇ ਪੰਜ ਦਹਾਕੇ ਖਰਚ ਦਿੱਤੇ ਸਨ।

ਤਿਵਾੜੀ ਅਜਿਹਾ ਮਾਣਮੱਤਾ ਗੀਤਕਾਰ ਹੈ ਜਿਸਨੂੰ ਮਾਣ ਸੀ (ਬੜਾ ਔਖਾ ਹੈ ਸੀ ਲਿਖਣਾ) ਕਿ ਉਸਦੇ ਲਿਖੇ ਗੀਤ "ਫੁੱਲਾਂ ਦੀਏ ਕਚੀਏ ਵਪਾਰਨੇ ਕੰਡਿਆਂ ਦੇ ਭਾਅ 'ਚ ਸਾਨੂੰ ਤੋਲ ਨਾ" ਉਪਰ ਪੈਰੋਡੀ ਲਿਖਕੇ ਹੀ "ਭਗਵੰਤ ਮਾਨ" ਸਟਾਰ ਕਾਮੇਡੀਅਨ ਬਣਿਆ ਤੇ ਇਹੀ ਕਾਮੇਡੀ ਮਾਨ ਨੂੰ ਪਾਰਲੀਮੈਂਟ ਤੱਕ ਲੈਕੇ ਗਈ ਹੈ। ਤਿਵਾੜੀ ਦੇ ਇਸ ਤੇ ਜਗਰਾਤਿਆਂ ਵਿੱਚ ਭੇਟਾਂ ਗੂੰਜਦੀਆਂ ਆ ਰਹੀਆਂ ਤੇ ਕਿੰਨੇ ਹੀ ਭਜਨ ਗਾਇਕਾਂ ਨੂੰ ਰੋਟੀ ਦਿੰਦੀਆਂ ਰਹੀਆਂ ਨੇ। ਬੈਂਡ ਵਾਜਿਆਂ ਵਾਲਿਆਂ ਨੇ ਵੀ ਕਸਰ ਨਹੀਂ ਛੱਡੀ; ਇਸ ਉਦਾਸ ਗੀਤ 'ਤੇ ਵੀ ਬਰਾਤੀ ਨੱਚਦੇ-ਟੱਪਦੇ ਰਹੇ ।

ਤਿਵਾੜੀ ਨੂੰ ਇੱਕ ਅਫਸੋਸ ਤਾਅ ਉਮਰ ਰਿਹਾ। ਉਸ ਮੁਤਾਬਕ, "ਇੱਕ ਵੀਰ ਦੇਈਂ ਵੇ ਰੱਬਾ ਸਹੁੰ ਖਾਣ ਨੂੰ ਬੜਾ ਹੀ ਚਿੱਤ ਕਰਦਾ" ਉਸਨੇ ਲਿਖਿਆ ਸੀ ਪਰ ਧੀਆਂ-ਭੈਣਾਂ ਦੇ ਗਾਇਕ-ਗੀਤਕਾਰ ਵਜੋਂ ਸਥਾਪਤ ਭੱਦਰ ਪੁਰਸ਼ ਨੇ ਚੋਰੀ ਕਰ ਲਿਆ। ਤਿਵਾੜੀ ਦੇ ਦੱਸਣ ਅਨੁਸਾਰ ਉਹ ਇਸ ਸੰਬੰਧੀ ਜੱਸੋਵਾਲ ਨੂੰ ਵੀ ਮਿਲਿਆ ਤੇ ਮਾਣਕ ਨੂੰ ਵੀ ਪਰ ਉਹਨਾਂ ਇਹ ਕਹਿਕੇ ਚੁੱਪ ਕਰਾ ਦਿੱਤਾ ਕਿ ਹੁਣ ਰਿਕਾਰਡ ਹੋ ਗਿਆ ਹੈ ਸੋ ਰੌਲਾ ਨਾ ਪਾਵੇ ਨਹੀਂ ਤਾਂ ਇਹ ਗੀਤ ਮਾਰਕੀਟ ਵਿੱਚ ਨਹੀਂ ਆ ਸਕੇਗਾ। ਸੱਚ ਪਤਾ ਨਹੀਂ ਕੀ ਸੀ ਤੇ ਹੈ । ਇਹ ਤਾਂ ਜਾਂ ਤਿਵਾੜੀ ਨੂੰ ਪਤਾ ਸੀ ਜਾਂ ਉਸ ਗਾਇਕ-ਗੀਤਕਾਰ ਨੂੰ; ਪਰ ਤਿਵਾੜੀ ਇਹ ਦੱਸਦਿਆਂ ਉਦਾਸ ਹੁੰਦਾ ਸੀ। ਉਹ ਦਾਅਵਾ ਕਰਦਾ ਸੀ ਕਿ ਪਬਲਿਕ ਰਿਲੇਸ਼ਨ ਵਿਭਾਗ ਦੇ ਵਿੱਚ ਕੰਮ ਕਰਦੇ ਗਾਇਕ ਸੁਰਿੰਦਰ ਸ਼ਿੰਦੀ ਦੀ ਆਵਾਜ਼ ਵਿੱਚ ਕੀਤੀ ਰਿਕਾਰਡਿੰਗ ਉਸ ਕੋਲ ਸਬੂਤ ਹੈ।

ਇਹ ਵੀ ਸਮੇਂ ਦਾ ਹੀ ਹੇਰ-ਫੇਰ ਹੁੰਦਾ ਕਿ "ਫੁੱਲਾਂ ਦੀਏ-" ਵਾਲੀ ਕੈਸੇਟ ਤੇ ਗੀਤਕਾਰ ਵਜੋਂ ਨਾਂ ਭਾਵੇਂ ਉਸਦਾ ਸੀ ਪਰ ਗੀਤਕਾਰਾਂ ਵਿੱਚ ਉਹਦੀ ਫੋਟੋ ਨਹੀਂ ਸੀ ਦਿੱਤੀ ਗਈ । ਉਦੋਂ ਗਾਇਕ ਤੇ ਕੰਪਨੀ ਨੂੰ ਕੀ ਪਤਾ ਸੀ ਕਿ ਇਹ ਗੀਤ ਸਰਦੂਲ-ਤਿਵਾੜੀ ਤੇ ਕੈਸੇਟ ਕੰਪਨੀ ਦੀ ਸਥਾਪਤੀ ਦਾ ਸਬੱਬ ਬਨਣ ਜਾ ਰਿਹਾ। ਕਿ ਸਾਰੀ ਕੈਸੇਟ ਹੀ ਇਸ ਗੀਤ ਕਰਕੇ ਵਿੱਕ ਜਾਣੀ ਹੈ।

ਤਿਵਾੜੀ ਦੇ ਗੀਤਾਂ ਵਿੱਚਲੀ ਸਾਹਿਤਕਤਾ ਮੈਨੂੰ ਬੇਹੱਦ ਚੰਗੀ ਲੱਗਦੀ ਸੀ।ਇਹ ਕਿਸੇ ਵੀ ਭਾਸ਼ਾ ਦੇ ਗੀਤਾਂ ਨੂੰ ਚਿਰ ਸਥਾਈ ਬਣਾਉਂਦੀ ਹੈ । ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਮਹਿੰਦਰ ਤਿਵਾੜੀ ਦਾ ਲਿਖਿਆ ਗੀਤ "ਮੈਂ ਚਾਦਰ ਕੱਢਦੀ ਨੀ ਗਿਣ ਤੋਪੇ ਪਾਵਾਂ" ਸਾਹਿਤਕ ਗੀਤਕਾਰੀ ਦਾ ਉੱਤਮ ਨਮੂਨਾ ਹੈ:-

ਮੈਂ ਚਾਦਰ ਕੱਢਦੀ ਨੀ, ਗਿਣ ਤੋਪੇ ਪਾਵਾਂ
ਜਾਮਣ ਦੀ ਛਾਂ ਥੱਲੇ, ਨੀ ਮੈਂ ਪੀਹੜਾ ਡਾਹਵਾਂ।
ਚਿੜੀਆਂ ਦੀ ਚੀਂ ਚੀਂ ਨੀ, ਤੋਤਿਆਂ ਦੀ ਟੁਕਣੀ,
ਦਿਲ ਭਰਕੇ ਸੋਚਾਂ ਨੀ, ਨਾਲੇ ਸ਼ਰਮਾਵਾਂ
ਮੈਂ ਚਾਦਰ ਕੱਢਦੀ ਨੀ---

ਮੈਂ ਚਾਦਰ ਕੱਢਦੀ ਨੀ ਉੱਤੇ ਤੋਪੇ ਪਾਵਾਂ
ਚੰਨ ਹੁਸਨ ਜਵਾਨੀ ਨੀ, ਮਾਵਾਂ ਠੰਢੀਆਂ ਛਾਵਾਂ
ਫਿਕਰਾਂ ਵਿੱਚ ਡੁੱਬਿਆ ਨੀ, ਮੇਰਾ ਬਾਬਲ ਭੋਲਾ
ਉਹਦੀ ਚਿੱਟੀ ਪਗੜੀ ਨੂੰ, ਕਦੇ ਦਾਗ ਨਾ ਲਾਵਾਂ
ਮੈਂ ਚਾਦਰ ਕੱਢਦੀ ਨੀ-----

ਮੈਂ ਚਾਦਰ ਕੱਢਦੀ ਨੀ ਉੱਤੇ ਪਾਵਾਂ ਵੇਲਾਂ
ਸਾਡੇ ਪਿੰਡ ਦੇ ਟੇਸ਼ਣ 'ਤੇ, ਨਾ ਰੁਕਦੀਆਂ ਰੇਲਾਂ
ਮੇਰਾ ਧਰਮੀ ਬਾਬਲ ਨੀ ਦੇਸ਼ਾਂ ਦਾ ਰਾਜਾ
ਮੈਂ ਆਖ ਕੇ ਬਾਬਲ ਨੂੰ ਰੇਲਾਂ ਰੁਕਾਵਟਾਂ
ਮੈਂ ਚਾਦਰ ਕੱਢਦੀ ਨੀ ---

ਮੈਂ ਚਾਦਰ ਕੱਢਦੀ ਨੀ ਉੱਤੇ ਪਾਵਾਂ ਚਿੜੀਆਂ
ਮੇਰੇ ਤੁਰ ਜਾਣ ਦੀਆਂ, ਘਰ ਗਲਾਂ ਛਿੜੀਆਂ
ਬਾਬਲ ਪਿਆ ਸੋਚੀਂ ਨੀ ਤੇ ਵਰਦੀਆਂ ਅੱਖਾਂ
ਅੰਮੜੀ ਵੀ ਲਕੋਵੇ ਨੀ ਮੈਥੋਂ ਹਾਉਕੇ ਹਵਾਵਾਂ
ਮੈਂ ਚਾਦਰ ਕੱਢਦੀ ਨੀ -------

ਇਹ ਅਜਿਹਾ ਅਮਰ ਗੀਤ ਹੈ ਜਿਸਨੂੰ ਸਰਹੱਦ ਦੇ ਦੋਵੇਂ ਪਾਸਿਆਂ ਦੇ ਪੰਜਾਬੀ ਬੜੇ ਮੋਹ ਨਾਲ ਸੁਣਦੇ ਨੇ। ਇਸ ਵਿਚ ਮਾਣਕ ਦੀ ਲਰਜ਼ਦੀ ਆਵਾਜ਼ ਦੀ ਭਰਵੀਂ ਹੂਕ ਵੀ ਹੈ ਤੇ ਪ੍ਰੀਤ ਮਹਿੰਦਰ ਤਿਵਾੜੀ ਦੀ ਕਲਮ ਦੀ ਸੰਵੇਦਨਾ ਵੀ ।

ਐਹੋ ਜਿਹੇ ਪਿਆਰੇ ਗੀਤਾਂ ਦਾ ਸਿਰਜਕ ਤਿਵਾੜੀ ਬੇਸ਼ਕ ਦੁਨੀਆਂ ਦਾ ਭਰਿਆ ਮੇਲਾ ਛੱਡ ਕੇ ਚਲਾ ਗਿਆ ਪਰ ਆਪਣੇ ਪਿੱਛੇ ਬਹੁਤ ਕੁੱਝ ਅਜਿਹਾ ਛੱਡ ਗਿਆ ਜੋ ਪੰਜਾਬੀ ਭਾਸ਼ਾ ਦੇ ਜਿਉਂਦੇ ਰਹਿਣ ਤੱਕ ਜਿਉਂਦਾ ਰਹੇਗਾ

ਅਲਵਿਦਾ ਮਿੱਤਰ ਪਿਆਰਿਆ!!


**--ਗੁਰਮੀਤ ਕੜਿਆਲਵੀ**

ਤਿਵਾੜੀ ਬੜਾ ਖੁਸ਼ਦਿਲ ਇਨਸਾਨ ਸੀ ,ਉਸਨੇ ਆਖਣਾ, "ਮੈਂ 1947 ਵਿੱਚ ਜੰਮਿਆ ਸੀ, 1984 ਵਿੱਚ ਮੇਰਾ ਵਿਆਹ ਹੋਇਆ ਸੀ ਅਤੇ ਹੁਣ ਤੀਸਰੀ ਸੰਸਾਰ ਜੰਗ ਵੇਲੇ ਮਰਨ ਦੀ ਸਕੀਮ ਐ। " ਕਿੰਨੀ ਸੱਚੀ ਗੱਲ ਆਖਦਾ ਸੀ; ਹੁਣ ਜਦੋਂ ਸਮੁੱਚੀ ਦੁਨੀਆਂ ਜੰਗ ਦੇ ਮੁਹਾਣੇ 'ਤੇ ਖੜੀ ਹੈ, ਤਿਵਾੜੀ ਆਪਣੇ ਚਾਹੁਣ ਵਾਲਿਆਂ ਪ੍ਰਸੰਸਕਾਂ , ਮਿਤਰਾਂ ਅਤੇ ਪੁੱਤਰਾਂ ਵਰਗੇ ਪਿਆਰੇ ਦਰਜਨਾਂ ਸਦਾਬਹਾਰ ਗੀਤਾਂ ਨੂੰ ਛੱਡ ਕੇ ਚਲਾ ਗਿਆ ਹੈ। ਪ੍ਰੀਤ ਮਹਿੰਦਰ ਤਿਵਾੜੀ ਨੇ ਜ਼ਿੰਦਗੀ ਵਿੱਚ ਸ਼ੋਹਰਤ ਸੌਖਿਆਂ ਹੀ ਹਾਸਲ ਨਹੀਂ ਸੀ ਕੀਤੀ। ਇਸ ਲਈ ਉਸਨੇ ਲਗਾਤਾਰ ਚਾਰ ਦਹਾਕੇ ਸੰਘਰਸ਼ ਕੀਤਾ ਸੀ। ਕਿਸੇ ਵੇਲੇ ਉਸ ਉਪਰ ਵੀ ਫਿਲਮੀ ਐਕਟਰ ਬਨਣ ਦਾ ਭੂਤ ਸਵਾਰ ਹੋ ਗਿਆ ਸੀ ਤੇ ਉਹ ਸਭ ਕੁੱਝ ਛੱਡ-ਛੁਡਾ ਉਦੋਂ ਦੀ ਬੰਬਈ ਤੇ ਹੁਣ ਵਾਲੀ ਮੁੰਬਈ ਚਲਾ ਗਿਆ ਸੀ। ਪੰਜਾਬੀ ਸਾਹਿਤ ਦੀ ਐਮ ਏ , ਇਤਿਹਾਸ ਦੀ ਐਮ ਏ ਤੇ ਬਨਾਰਸ ਤੋਂ ਵੋਕਲ ਸੰਗੀਤ ਦੀ ਮਾਸਟਰ ਡਿਗਰੀ ਪੱਲੇ 'ਚ ਪਾ ਕੇ ਉਹ ਪ੍ਰੋਡਿਊਸਰਾਂ, ਡਾਇਰੈਕਟਰਾਂ ਕੋਲ ਗੇੜੇ ਮਾਰਦਾ ਰਿਹਾ।



## ਪੁਸਤਕ ਸਮੀਖਿਆ

ਪੁਸਤਕ : ਘੀਚੇ ਦੀ ਕੁੜਮਾਈ
ਲੇਖਕ : ਪ੍ਰੀਤਮ ਲੁਧਿਆਣਵੀ
ਪੰਨੇ : 92
ਕੀਮਤ :100
ਪੇਸ਼ਕਸ਼ : ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ (ਰਜਿ :)




ਕੀਚੇ ਦੀ ਕੁੜਮਾਈ ਪੁਸਤਕ ਨਾਮਵਰ ਲੇਖਕ ਪ੍ਰੀਤਮ ਲੁਧਿਆਣਵੀ ਵਲੋਂ ਰਚਿਤ 12ਵੀਂ ਪੁਸਤਕ ਹੈ। ਇਹ ਕਾਵਿ -ਸੰਗ੍ਰਹਿ ਲੇਖਕ ਦੀ ਵਿਲੱਖਣਤਾ ਭਰੀ ਹਾਸ ਰਸ ਕਿਰਤ ਹੈ। ਇਸ ਪੁਸਤਕ ਵਿੱਚ ਉਸਤਾਦ ਸ਼ਾਇਰ ਲਾਲ ਸਿੰਘ ਲਾਲੀ, ਬਲਵੰਤ ਸਲਹਣ ਅਤੇ ਕੁਲਵਿੰਦਰ ਕੌਰ ਮਹਿਕ ਨੇ ਮੁੱਖ- ਬੰਦ ਵਿੱਚ ਕਵਿਤਾਵਾਂ ਦੇ ਆਪਣੇ ਕੀਮਤੀ ਭਾਵ ਕਲਮਬੱਧ ਕੀਤੇ ਹਨ।ਇਸ ਪੁਸਤਕ ਦਾ ਖਿੱਚ ਭਰਪੂਰ ਟਾਈਟਲ ਉਭਰਦੀ ਸ਼ਾਇਰਾ ਵਰਿੰਦਰ ਕੌਰ ਰੰਧਾਵਾ ਨੇ ਡੀਜ਼ਾਈਨ ਕੀਤਾ ਹੈ। ਸਮੁੱਚੀਆਂ ਰਚਨਾਵਾਂ ਮਨੁੱਖ ਨੂੰ ਦੌੜ ਅਤੇ ਤਨਾਅ ਭਰੇ ਮਾਹੌਲ 'ਚੋਂ ਬਾਹਰ ਕਢਣ 'ਚ ਸਹਾਇਤਾ ਕਰਦੀਆਂ ਹਨ।

ਜਿਵੇਂ :-
ਪੰਚ ਬੋਲਿਆ, ' ਗਧੇ ਬਿਠਾਉਣਾ ਪਊ,
ਭਾਰ ਘੀਚੇ ਦਾ, ਘੋੜੀ ਨਹੀਂ ਯਰਨ ਲੱਗੀ ।'

ਕਵੀ ਹਾਸਰਸ ਵਿਅੰਗ ਦੇ ਨਾਲ ਸਮਾਜਿਕ ਤੌਰ 'ਤੇ ਸੁਚੇਤ ਹੋਣ ਦੀ ਸਾਂਝ ਇਸ ਤਰ੍ਹਾਂ ਪਾਉਂਦਾ ਹੈ:-

'ਭਰਿਸ਼ਟਾਚਾਰ ਅਸਾਂ ਨੀ ਰਹਿਣ ਦੇਣਾ ਵਿੱਚ ਦੇਸ਼ ਦੇ,
ਚੈਲਿੰਜ ਕਰ ਦੇਈਂ ਸਭ ਨੂੰ ਕੱਢ ਕੇ ਬਾਂਹ ਉਲਾਰੀਂ।'

ਹਾਸਰਸ ਦੇ ਸੰਦਰਭ ਵਿੱਚ ਇਹ ਰਚਨਾਵਾਂ ਸ਼ਗੁਨ, ਸਿਹਰੇ, ਸਿਖਿਆ ਅਤੇ ਸ਼ਿਠਣੀਆਂ ਦੇਣ ਵਰਗੇ ਰੁਝਾਨ ਵੱਲ ਕੇਂਦਰਿਤ ਹੋ ਕੇ ਢਿੱਡੀਂ ਪੀੜਾਂ ਪਵਾਉਂਦੀਆਂ ਹੋਈਆਂ ਆਪਣੇ ਕਲਾਵੇ ਵਿੱਚ ਲੈ ਲੈਣ ਦਾ ਮੱਸ ਰਖਦੀਆਂ ਹਨ। ਇਹਨਾਂ ਰਚਨਾਵਾਂ ਦਾ ਪਾਠ ਕਰਦੇ ਹੋਏ ਸਮੁਚਾ ਪਾਠਕ ਵਰਗ ਉਕਤਾਉਂਦਾ ਨਜ਼ਰ ਨਹੀਂ ਆਉਂਦਾ ਸਗੋਂ ਸਹਿਜ ਹੀ ਰਚਨਾਵਾਂ ਦੀ ਵਿਸ਼ਾਲਤਾ ਵਿੱਚ ਲੁਪਤ ਹੋ ਜਾਂਦਾ ਹੈ।

ਵਿਆਹ ਵਿੱਚ ਲਿਮਕਾ ਵਾਰਣ ਵਰਗੀ ਰਸਮ ਨਿਵੇਕਲੀ ਹੈ ਜੋ ਕਿ ਸਿਰਫ਼ ਤੇ ਸਿਰਫ਼ ਹਾਸਰਸ ਕਵੀ ਪ੍ਰੀਤਮ ਲੁਧਿਆਣਵੀ ਹੀ ਅਜਿਹੇ ਸ਼ਬਦਾਂ ਦੇ ਨਿਵੇਕਲੇ ਪ੍ਰਯੋਗ ਦੀ ਹਾਮੀ ਭਰਦਾ ਹੈ। ਇਹ ਕਹਿਣਾ ਲਾਜਮੀਂ ਬਣਦਾ ਹੈ ਕਿ ਇਹ ਪੁਸਤਕ ਇਕ ਪਰਿਵਾਰਕ ਪੁਸਤਕ ਹੈ ਜੋ ਬਿਨਾਂ ਕਿਸੇ ਸੰਕੋਚ ਦੇ ਪੜ੍ਹਨ ਦੇ ਕਾਬਲ ਹੈ। ਉਮੀਦ ਹੈ ਕਿ ਪਾਠਕ ਇਸ ਹਾਸਰਸ ਕਾਵਿ- ਵਿਅੰਗ ਨੂੰ ਪੜ੍ਹ ਕੇ ਰੁਝੇਵਿਆਂ ਭਰੀ ਜ਼ਿੰਦਗੀ ਦੀ ਤਲਖ ਤੋਂ ਮੁਕਤ ਹੋ ਕੇ ਹਾਸਿਆਂ ਦੀ ਫ਼ੁਹਾਰ ਵਿੱਚ ਪ੍ਰਵੇਸ਼ ਕਰੇਗਾ ।



**– ਕਸ਼ਮੀਰ ਘੇਸਲ** (91-94636 56047)

## ਪਿਆਰ ਕਰੋ ਮਨੁੱਖਤਾ ਨੂੰ

ਪਿਆਰ ਸਿਰਫ਼ ਹੁਸਨ ਇਸ਼ਕ ਦੀਆਂ
ਬਾਤਾਂ ਪਾਉਣਾ ਹੀ ਨਹੀਂ ਹੁੰਦਾ
ਪਿਆਰ ਮਨੁੱਖਤਾ ਨੂੰ ਵੀ ਕੀਤਾ ਜਾਂਦਾ ਹੈ।
ਛੱਡ ਰਾਗ ਅਲਾਪਣਾ ਈਰਖਾ ਦਾ
ਨਗਮੇ ਪ੍ਰੀਤ ਪਿਆਰ ਦੇ ਗਾਓ ਵੀਰੋ।
ਖੁਦ ਵੀ ਜੀਵੋ ਤੇ ਹੋਰਨਾਂ ਨੂੰ ਵੀ ਜਿਊਣ ਦੇਵੋ
ਰਲਕੇ ਕਹੋ ਤੇ ਪਿਆਰ ਵਧਾਓ ਵੀਰੋ।
ਛਲ ਕਪਟ ਇਨਸਾਨ ਨੂੰ ਡੋਬ ਦਿੰਦਾ
ਹੱਕ ਸੱਚ ਦਾ ਵਣਜ ਹੀ ਤਾਰਦਾ ਹੈ
ਧਾਰਨੀ ਬਣੋਂ ਗੁਰੂ ਜੀ ਦੀ ਸਿੱਖਿਆ ਦਾ
ਤੇ ਪਿਆਰ ਕਰੋ ਮਨੁੱਖਤਾ ਨੂੰ
ਤਿਆਗ ਕਰੋ ਕਾਮ,
ਕ੍ਰੋਧ, ਲੋਭ, ਅਹੰਕਾਰ ਦਾ
ਮਿਲ ਬੈਠੋ ਪਿਆਰ ਸਤਿਕਾਰ ਨਾਲ
ਤੇ ਪਿਆਰ ਕਰੋ ਮਨੁੱਖਤਾ ਨੂੰ
ਛੱਡੋ ਤੇਰੀ ਮੇਰੀ ਦਾ ਖਿਆਲ
ਪੈਦਾ ਕਰੋ ਆਪਣੇ ਅੰਦਰ ਜਜ਼ਬਾ
ਸਾਂਝੀਵਾਲਤਾ, ਭਾਈਚਾਰਕ ਸਾਂਝ
ਤੇ ਬਰਾਬਰਤਾ ਦਾ ਤੇ
ਪਿਆਰ ਕਰੋ ਮਨੁੱਖਤਾ ਨੂੰ ਛੱਡੋ ਉਚ ਨੀਚ,
ਜਾਤ ਪਾਤ, ਵਿਤਕਰੇ ਤੇ ਪੱਖਪਾਤ ਨੂੰ
ਧਾਰਨੀ ਬਣੋ ਗੁਰੂ ਜੀ ਦੀ ਸਿੱਖਿਆ ਦੇ
ਤੇ ਪਿਆਰ ਕਰੋ ਮਨੁੱਖਤਾ ਨੂੰ
ਤਾਂ ਜੋ ਸਿਰਜਣਾ ਹੋ ਸਕੇ
ਅਜਿਹੇ ਸਮਾਜ ਦੀ ਜਿਸ ਵਿਚ
ਹਰ ਇਕ ਨੂੰ ਕੁੱਲੀ, ਗੁੱਲੀ, ਜੁੱਲੀ
ਆਜ਼ਾਦੀ ਤੇ ਇਨਸਾਫ ਪ੍ਰਾਪਤ ਹੋਵੇ।

**- ਮਾਸਟਰ ਨਿਰਮਲ ਸਿੰਘ ਲਾਲੀ**



# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਜਗਤਾਰ ਸਿੰਘ




(ਡਾ. ਜਗਤਾਰ ਪੰਜਾਬੀ ਕਵਿਤਾ ਵਿਚ ਮੋਹਰਲੀ ਕਤਾਰ ਦੇ ਕਵੀਆਂ ਵਿਚ ਸ਼ਾਮਿਲ ਹੈ। ਉਹ ਇਕ ਕਵੀ ਤੋਂ ਇਲਾਵਾ ਲਿਪੀ-ਅੰਤਰਕਾਰ, ਅਨੁਵਾਦਕ, ਸੰਪਾਦਕ ਅਤੇ ਖੋਜੀ ਵੀ ਸੀ। ਉਸਨੇ ਬਾਰਾਂ ਕਾਵਿ ਸੰਗ੍ਰਹਿ ਪੰਜਾਬੀ ਵਿਚ ਪ੍ਰਕਾਸ਼ਿਤ ਕਰਵਾਏ, ਤਿੰਨ ਪੁਸਤਕਾਂ ਲਿਪਰਅੰਅਰ ਕੀਤੀਆਂ, ਸੱਤ ਪੁਸਤਕਾਂ ਸੰਪਾਦਿਤ ਕੀਤੀਆਂ ਅਤੇ ਹੀਰ ਦਮੋਦਰ ਉੱਪਰ ਖੋਜ ਕਾਰਜ ਕੀਤਾ। ਉਸਦੀਆਂ ਕਵਿਤਾਵਾਂ ਅੰਗਰੇਜ਼ੀ ਵਿਚ ਵੀ ਛਪੀਆਂ। ਮੁਗਲ ਕਾਲ ਦੇ ਸਿੱਕਿਆਂ, ਭਾਰਤ ਦੇ ਕਿਲਿਆਂ ਉਪਰ ਵੀ ਉਸਦਾ ਖੋਜ ਕਾਰਜ ਮਹੱਤਵਪੂਰਣ ਹੈ। ਸ਼ਾਹਿਦ ਜਾਫ਼ਰੀ ਜਗਤਾਰ ਬਾਰੇ ਲਿਖਦਾ ਹੈ ਕਿ, "ਜਗਤਾਰ ਜਾਮਦ ਪੱਥਰਾਂ 'ਚੋਂ ਵੰਨ ਸੁਵੰਨੇ ਬੁੱਤ ਕੱਢਕੇ ਉਨ੍ਹਾਂ ਦੇ ਫਾਲਤੂ ਖਿੰਗਰ ਝਾੜ ਕੇ ਪਾਠਕ ਦੇ ਸਾਹਮਣੇ ਖਿਲਾਰ ਦਿੰਦਾ ਹੈ ਤੇ ਬੰਦਾ ਉਸਨੂੰ ਅੱਖੀਆਂ ਪਾੜ ਪਾੜ ਕੇ ਵੇਖਦਾ ਹੀ ਰਹਿ ਜਾਂਦਾ ਹੈ।" ਜਗਤਾਰ ਪ੍ਰਮੁੱਖ ਤੌਰ ਤੇ ਗ਼ਜ਼ਲਗੋ ਦੇ ਤੌਰ ਤੇ ਜਾਣਿਆਂ ਜਾਂਦਾ ਹੈ ਪਰ ਉਸਦੀ ਖੁਲ੍ਹੀ ਕਵਿਤਾ ਵੀ ਗ਼ਜ਼ਲ ਵਰਗੀ ਹੀ ਜਾਨਦਾਰ ਹੈ। ਇੱਥੇ ਅਸੀਂ ਉਸਦੀਆਂ ਕੁਝ ਚੋਣਵੀਆਂ ਗ਼ਜ਼ਲਾਂ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।

**-ਡਾ. ਕਰਮਜੀਤ ਸਿੰਘ)**

ਰਾਤ ਦੇ ਚਿਹਰੇ 'ਤੇ ਕਿਸਦੇ ਖ਼ੂਨ ਦੀ ਇਹ ਲੀਕ ਹੈ।
ਜਿਸਦੇ ਵਿਚ ਸ਼ਾਮਿਲ ਕਿਸੇ ਦੀ ਦਰਦ ਭਿੱਜੀ ਚੀਕ ਹੈ।

ਖ਼ੂਨ ਦੀ ਇਸ ਲੀਕ ਅੰਦਰ ਕਿਸ ਦਾ ਚਿਹਰਾ ਹੈ ਪਛਾਣ?
ਮੈਂ ਮੁਨਾਖਾ ਹੀ ਸਹੀ ਤੇਰੀ ਨਜ਼ਰ ਤਾਂ ਠੀਕ ਹੈ।

ਕਤਲਘਰ ਵਿਚ ਕੌਣ ਆਇਆ ਸੀ ਭਲਾ ਏਡਾ ਬਲੀ,
ਖ਼ੌਫ਼ ਖਾ ਕੇ ਜਿਸ ਤੋਂ ਸੂਲੀ ਕੰਬਦੀ ਹੁਣ ਤੀਕ ਹੈ।

ਰਾਹ ਦੀ ਦੀਵਾਰ ਬਾਰੇ ਸੋਚੀਏ ਤਾਂ ਦੂਰ ਹੈ,
ਵਰਨਾ ਦੋਹਾਂ ਦੇ ਲਈ ਪੈਂਡਾ ਬਹੁਤ ਨਜ਼ਦੀਕ ਹੈ।

ਤੂੰ ਹਕੂਮਤ ਦੀ ਏਂ ਕਲਪੁਤਲੀ ਕੀ ਤੇਰਾ ਅਖਤਿਆਰ,
ਫ਼ੈਸਲਾ ਤੇਰਾ ਕਦੇ ਨਾ ਠੀਕ ਸੀ ਨਾ ਠੀਕ ਹੈ।

ਮੈਂ ਅਜੇ ਜ਼ਿੰਦਾ ਹਾਂ ਮੇਰਾ ਹੌਸਲਾ ਮਰਿਆ ਨਹੀਂ,
ਵੇਖਣਾ ਪਰ ਕਾਤਲਾਂ ਦਾ ਸਿਤਮ ਕਿੱਥੋਂ ਤੀਕ ਹੈ।

ਪਲ 'ਚ ਦੂਰੀ ਪਲ 'ਚ ਏਨਾ ਨੇੜ ਦਿਖਲਾਇਆ ਨਾ ਕਰ।
'ਨ੍ਹੇਰ ਤੇ ਚਾਨਣ ਦੀਆਂ ਲੀਕਾਂ ਨੂੰ ਉਲਝਾਇਆ ਨਾ ਕਰ।

ਨੰਗੀਆਂ ਟਾਹਣਾਂ ਦੇ ਅੰਦਰ ਤੂੰ ਨਜ਼ਰ ਆਇਆ ਨਾ ਕਰ,
ਇਸ ਤਰ੍ਹਾਂ ਸ਼ਕਲਾਂ ਬਦਲ ਕੇ ਸਬਰ ਅਜ਼ਮਾਇਆ ਨਾ ਕਰ।

ਤੂੰ ਕਿਸੇ ਦਿਨ ਕੋਸ਼ ਵਿਚੋਂ ਸਮਝ ਮਜਬੂਰੀ ਦਾ ਅਰਥ,
ਨਿੱਕੀਆਂ ਨਿੱਕੀਆਂ ਗਲਤੀਆਂ ਤੋਂ ਦੂਰੀਆਂ ਪਾਇਆ ਨਾ ਕਰ।

ਮੁੱਦਤਾਂ ਤੋਂ ਘਰ 'ਚ ਪਹਿਲਾਂ ਹੀ ਖ਼ਿਜ਼ਾ ਹੈ ਹਰ ਤਰਫ਼,
ਤੂੰ ਖ਼ੁਦਾ ਰਾ! ਰੰਗ ਪੀਲਾ ਪਹਿਨ ਕੇ ਆਇਆ ਨਾ ਕਰ।

ਭੁੱਲ ਨਾ ਜਾਵਾਂ ਖ਼ੁਸ਼ੀ ਵਿਚ ਨਾਮ ਤੇ ਅਪਣਾ ਪਤਾ,
ਯਾਦ ਆਇਆ ਕਰ ਮਗਰ ਏਨਾ ਵੀ ਯਾਦ ਆਇਆ ਨਾ ਕਰ।

ਮਾਂਗਵੀ ਕੋਈ ਵੀ ਸ਼ੈ ਮੈਂ ਨਹੀਂ ਕਰਦਾ ਕਬੂਲ,
ਮੇਰੇ ਸਿਰ 'ਤੇ ਤੇਜ਼ ਸੂਰਜ ਰਹਿਣ ਦੇ ਸਾਇਆ ਨਾ ਕਰ।

ਦਰਦ ਦੇ ਪਹਿਲੂ 'ਚ ਦਿਲ 'ਤੇ ਦਿਲ ਦੇ ਪਹਿਲ ਵਿਚ ਤੜਪ,
ਰਹਿਣ ਦੇ ਪਰਚਾ ਕੇ ਐਵੇਂ ਹੋਰ ਭੜਕਾਇਆ ਨਾ ਕਰ।

ਵਜੂਦ ਜਦ ਤਕ ਜ਼ਮੀਨ ਦਾ ਹੈ,
ਤੂੰ ਅਸਮਾਨਾਂ ਦੀ ਫ਼ਿਕਰ ਨਾ ਕਰ।
ਤੂੰ ਫੇਰ ਸ਼ੇਹਾਂ 'ਤ ਕਰ ਉਸਾਰੀ,
ਗਿਰੇ ਮਕਾਨਾਂ ਦੀ ਫ਼ਿਕਰ ਨਾ ਕਰ।

ਨਮਾਜ਼, ਕਲਮੇਂ, ਸੁਆਰਿਆ ਕੀ,
ਗ੍ਰੰਥ ਗੀਤਾ ਨਤਾਰਿਆ ਕੀ,
ਤੂੰ ਓਟ ਰਖ ਬਸ ਜ਼ਮੀਨ 'ਤੇ ਹੀ,
ਤੇ ਆਸਮਾਨਾਂ ਦੀ ਫ਼ਿਕਰ ਨਾ ਕਰ।

ਜੋ ਰੋਕ ਬਣੀਆਂ ਹਟਾ ਚਟਾਨਾਂ,
ਤੇ ਮੀਲ ਪੱਥਰ ਬਣਾ ਇਨ੍ਹਾਂ ਦੇ,
ਜੋ ਭਟਕ ਚੁੱਕੇ ਨੇ ਆ ਮਿਲਣਗੇ,
ਤੂੰ ਕਾਰਵਾਨਾਂ ਦੀ ਫ਼ਿਕਰ ਨਾ ਕਰ।

ਹਵਾ ਦੇ ਤੇਵਰ ਦਾ ਧਿਆਨ ਰਖ ਤੂੰ,
ਤੇ ਹਰ ਦਿਸ਼ਾ ਦਾ ਗਿਆਨ ਰਖ ਤੂੰ,
ਲਿਬਾਸ ਜਦ ਤਕ ਸਬੂਤ ਤਨ 'ਤੇ,
ਤੂੰ ਬਾਦਬਾਨਾਂ ਦੀ ਫ਼ਿਕਰ ਨਾ ਕਰ।

ਜੋ ਝੁੰਡ ਉਡਦੇ ਨੇ ਜੁਗਨੂੰਆਂ ਦੇ,
ਤਮਾਮ ਟੁਕੜੇ ਨੇ ਸੂਰਜਾਂ ਦੇ,
ਹਨੇਰਿਆਂ ਦਾ ਤੂੰ ਰੁਖ ਬਦਲ ਦੇ,
ਤੇ ਸ਼ੰਮਦਾਨਾਂ ਦੀ ਫ਼ਿਕਰ ਨਾ ਕਰ।

ਜੋ ਕੁਦਾਨਾਂ 'ਚੋਂ ਰਿਜ਼ਕ ਭਾਲਣ,
ਜੋ ਬੇਘਰੇ ਹੀ ਹਿਯਾਤ ਜਾਲਣ
ਲੜਾਈ ਲੜ ਤੂੰ ਉਨ੍ਹਾਂ ਦੀ ਖ਼ਾਤਰ,
ਤੇ ਹੁਕਮਰਾਨਾਂ ਦੀ ਫ਼ਿਕਰ ਨਾ ਕਰ।

ਜਨਮ ਤੋਂ ਹੀ ਜਾਂ ਮੇਰਾ ਘਰ ਨਹੀਂ ਹੈ।
ਜਲਾਵਤਨੀ ਦਾ ਮੈਨੂੰ ਡਰ ਨਹੀਂ ਹੈ।

ਭੁਲੇਖੇ ਹੋਂਦ ਉਸਦੀ ਦੇ ਨੇ ਕੈਸੇ,
ਉਹ ਏਥੇ ਜਾਪਦਾ ਹੈ ਪਰ ਨਹੀਂ ਹੈ।

ਦੁਆਵਾਂ ਦੇ ਰਹੇ ਨੇ ਸਭ ਘਰਾਂ ਨੂੰ,
ਜਿਨ੍ਹਾਂ ਲੋਕਾਂ ਦਾ ਕੋਈ ਘਰ ਨਹੀਂ ਹੈ।

ਹੈ ਅਸਲੀ ਬਾਤ ਸਾਰੇ ਹਾਸ਼ੀਏ ਵਿਚ,
ਕਿਤੇ ਜੋ ਉਸਦ ਖ਼ਤ ਅੰਦਰ ਨਹੀਂ ਹੈ।

ਤੁਹਾਡੇ ਬੀਜ ਵਿਚ ਈ ਨੁਕਸ ਲਗਦੈ,
ਨਹੀਂ ਤਾਂ ਇਹ ਜ਼ਮੀਂ ਬੰਜਰ ਨਹੀਂ ਹੈ।

ਨਹੀਂ ਕੀਤਾ ਤਿਰੀ ਮੂਰਤ ਜੋ ਪਾਗਲ,
ਨਗਰ ਵਿਚ ਕੋਈ ਸ਼ੀਸ਼ਾਗਰ ਨਹੀਂ ਹੈ।

ਰਿਹਾ ਸੀ ਜ਼ਿੰਦਗੀ ਸਾਰੀ ਹੀ ਜਿਸਦਾ ਪੈਰਹਨ ਮੈਲਾ।
ਹੈ ਮਿਲਿਆ ਮੌਤ ਦੇ ਪਿੱਛੋਂ ਵੀ ਉਸ ਤਾਈਂ ਕਫ਼ਨ ਮੈਲਾ।

ਹੁਣੇ ਆਇਐਂ ਹੁਣੇ ਚਲਿਐਂ ਇਹ ਮਿਲਨਾ ਵੀ ਕੀ ਮਿਲਨਾ ਹੈ,
ਅਜੇ ਤਾਂ ਰਾਹ ਵੀ ਹੋਇਆ ਨਹੀਂ ਤੇਰਾ ਸੱਜਣ ਮੈਲਾ।

ਨਦੀ ਤਾਂ ਮੈਲ ਧੋ ਕੇ ਵੀ ਸਖੀ ਉਜਲੀ ਸਦਾ ਰਹਿੰਦੀ,
ਨਾ ਡਰ ਮੈਥੋਂ ਨਾ ਮੇਰਾ ਜਿਸਮ ਮੈਲਾ ਹੈ ਨਾ ਮਨ ਮੈਲਾ।

ਕਥੀ ਨਾ ਜਾ ਸਕੇ ਜਿਹੜੀ ਉਹ ਏਨੀ ਖ਼ੂਬਸੂਰਤ ਹੈ,
ਹਵਾ ਵੀ ਛਹੁ ਲਵੇ ਤਾਂ ਉਸਦਾ ਹੋ ਜਾਵੇ ਬਦਨ ਮੈਲਾ।

ਉਹ ਮਜਬੂਰੀ 'ਚ ਹਰ ਇਕ ਸ਼ਾਮ ਪਹਿਰਾਵਾ ਨਵਾ ਬਦਲੇ,
ਤੁਹਾਨੂੰ ਕੀ ਪਤਾ ਪਰ ਰੋਜ਼ ਉਹ ਪਹਿਨੇ ਬਦਨ ਮੈਲਾ।

ਨਾ ਪਹਿਰਾਵੇ ਤੋਂ ਜਾ ਉਨਵਾਨ ਦਰਵੇਸ਼ਾਂ ਦੇ ਬਾਤਨ ਦਾ,
ਇਹ ਪਹਿਰਾਵਾ ਸਦਾ ਰਖਦੇ ਨੇ ਅਪਣਾ ਆਦਤਨ ਮੈਲਾ।

ਨਗਰ ਸਾਰਾ ਹੀ ਦਰਬਾਨਾਂ ਦਾ ਹੈ ਜਾਂ ਹੁਕਮਰਾਨਾਂ ਦਾ।
ਭਰੋਸਾ ਕਿਸਨੇ ਕਰਨਾ ਹੈ ਭਲਾ ਮੇਰੇ ਬਿਆਨਾਂ ਦਾ।

ਅਦਾਲਤ ਨੇ ਸਜ਼ਾ ਦੇਣੀ ਯਕੀਨਨ ਮੌਤ ਦੀ ਮੈਨੂੰ,
ਮੈਂ ਪਰਦਾ ਫਾਸ਼ ਕਰ ਬੈਠਾ ਹਾਂ ਕੁਝ ਇਕ ਹੁਕਮਰਾਨਾਂ ਦਾ।

ਖ਼ਿਜ਼ਾ ਤੋਂ ਵੀ ਜ਼ਿਆਦਾ ਇਹ ਨੇ ਫੁੱਲਾਂ ਨੂੰ ਨਿਗਲ ਜਾਂਦੇ,
ਪਤਾ ਲੱਗਾ ਨਹੀਂ ਤੈਨੂੰ ਅਜੋਕੇ ਫੁਲਦਾਨਾਂ ਦਾ?

ਨਾ ਕੋਈ ਉਡ ਕੇ ਮਿਲਦਾ ਹੈ ਨਾ ਕੋਈ ਸਾਂਝ, ਹਮਦਰਦੀ,
ਬੜਾ ਭਰਵਾਂ ਹੈ ਮੇਲਾ ਸ਼ਹਿਰ ਵਿਚ ਭਾਵੇਂ ਮਕਾਨਾਂ ਦਾ।

ਦੁਆ ਬਾਰਸ਼ ਲਈ ਮੰਗਾਂ ਜਾਂ ਮਿੱਟੀ ਦੇ ਘਰਾਂ ਖ਼ਾਤਰ,
ਖੜ੍ਹਾ ਦਰਗਾਹ ਵਿਚ ਸੋਚਾਂ ਹੈ ਮਸਲਾ ਦੋ ਜਹਾਨਾਂ ਦਾ।

ਇਕਾਗਰ ਮਨ ਕਿਵੇਂ ਹੋਵੇ, ਘਰਾਂ ਅੰਦਰ ਤਣਾ ਰਹਿੰਦੈ,
ਹੈ ਬਾਹਰ ਸ਼ੋਰ ਸੰਖਾਂ ਦਾ ਕਿਤੇ ਰੌਲਾ ਅਜ਼ਾਨਾਂ ਦਾ।

ਜੇ ਪੁੱਜੇ ਵੀ ਕਿਸੇ ਸਾਹਿਲ 'ਤੇ ਉਹ ਦੁਸ਼ਮਣ ਦਾ ਹੋਵੇਗਾ,
ਭਰੋਸਾ ਜਦ ਹਵਾਵਾਂ ਦਾ ਰਿਹਾ ਨਾ ਬਾਦਬਾਨਾਂ ਦਾ।

ਜਾਣਦਾ ਵੀ ਹੈ ਕੀ ਕੀ ਦੇਸ਼ ਅੰਦਰ ਬਣ ਰਿਹੈ।
ਫਿਰ ਵੀ ਚੜ੍ਹ ਕੇ ਕਾਠ ਦੇ ਘੋੜੇ ਸਿਕੰਦਰ ਬਣ ਰਿਹੈ।

ਆਪ ਹੀ ਚੁਣਿਆ ਹੈ ਲੰਬਾ ਜੰਗਲਾਂ ਦਾ ਮੈਂ ਸਫ਼ਰ,
ਵੇਖ ਹਰ ਮੰਜ਼ਰ ਦੇ ਪਿੱਛੇ ਕੀ ਕੀ ਮੰਜ਼ਰ ਬਣ ਰਿਹੈ।

ਕਰ ਰਹ ਹਿਜਰਤ ਪਰਿੰਦੇ ਬਸਤੀਆਂ 'ਚੋਂ ਰੋਜ਼ ਹੀ,
ਵੇਖਿਐ ਉਹਨਾਂ ਜਦੋਂ ਦਾ ਜਾਲ ਘਰ ਘਰ ਬਣ ਰਿਹੈ।

ਰੋਜ਼ ਪੁੱਛਦੀ ਹੈ ਮਿਰੀ ਪਤਨੀ ਉਦਾਸੀ ਦਾ ਸਬਬ,
ਕੀ ਕਹਾਂ ਕਿ ਪਾਸ ਹੀ ਇਕ ਹੋਰ ਮੰਦਰ ਬਣ ਰਿਹੈ।

ਵੇਖਦਾ ਫਿਰਦਾ ਏਂ ਕੀ 'ਜਗਤਾਰ' ਖੰਡਰ ਥਾਂ ਥਥਾਂ,
ਵੇਖ ਜਾ ਕੇ ਤੇਰਾ ਅਪਣਾ ਘਰ ਹੀ ਖੰਡਰ ਬਣ ਰਿਹੈ।

ਮੈਂ ਕਿਸੇ ਹਾਲਤ 'ਚ ਹੁਣ ਰੋਂਦਾ ਨਹੀਂ ਹੱਸਦਾ ਨਹੀਂ।
ਮੇਰੀਆਂ ਅੱਖਾਂ 'ਚ ਹੁਣ ਸੁਪਨੇ ਨਹੀਂ, ਦਰਿਆ ਨਹੀਂ।

ਇਸ ਕਦਰ ਬੰਜਰ ਹੈ ਅੰਬਰ, ਜੋ ਵੀ ਆਉਂਦਾ ਹੈ ਨਜ਼ਰ,
ਗਰਦ ਜਾਂ ਪੱਤੇ ਨੇ ਕੋਈ ਮੇਘ ਦਾ ਟੁਕੜਾ ਨਹੀਂ।

ਮੇਰੇ ਉਜੜੇ ਘਰ 'ਚ ਸ਼ੀਸ਼ਾ ਹੈ ਗਵਾਚਾ ਗਰਦ ਵਿਚ,
ਜਾਪਦੈ ਦੀਵਾਰ ਦਾ ਹਿੱਸਾ ਹੈ ਇਹ ਸ਼ੀਸ਼ਾ ਨਹੀਂ।

ਸ਼ਾਮ ਵੇਲੇ ਸੰਖ ਚੀਕੇ ਇਹ ਜਲਾਵਤਨੀ ਹੈ ਕਿਉਂ,
ਹੈ ਸਮੁੰਦਰ ਮੇਰਾ ਘਰ ਮੰਦਰ ਨਹੀਂ ਗਿਰਜਾ ਨਹੀਂ।

ਬਿਰਛ ਦੇ ਸਾਂਗੇ 'ਚ ਕਿਹੜਾ ਧਰ ਗਿਆ ਬਲਦਾ ਚਰਾਗ,
ਬਿਰਛ ਸਾੜਨ ਦੀ ਹੀ ਸਾਜ਼ਿਸ਼ ਦਾ ਕੀ ਇਹ ਹਿੱਸਾ ਨਹੀਂ।

ਅਜੀਬ ਨਕਸ਼ਾ ਅਜੀਬ ਮੰਜ਼ਰ ਸੀ।
ਕਿ ਮੋਰ ਉਤੇ ਸਵਾਰ ਫਕੀਅਰ ਸੀ।

ਕੀ ਦਰਦ ਉਸਦੇ ਦੀ ਹਾਥ ਮੈਂ ਪਾਉਂਦਾ,
ਕਿ ਹੇਠ ਖੰਡਰ ਦੇ ਹੋਰ ਖੰਡਰ ਸੀ।

ਸੀ ਕੋਲ ਮੇਰੇ ਵੀ ਜ਼ਬਤ ਕਾ ਬਕਤਰ,
ਜੇ ਕੋਲ ਉਸਦੇ ਅਦਾ ਦਾ ਖੰਜ਼ਰ ਸੀ।

ਫਜ਼ੂਲ ਲੜਿਆ ਮੈਂ ਨਾਲ ਹੋਰਾਂ ਦੇ,
ਜਦੋਂ ਕਿ ਦੁਸ਼ਮਣ ਤਾਂ ਮੇਰੇ ਅੰਦਰ ਸੀ।

ਕੀ ਉਸਦੇ ਚਿਹਰੇ ਦਾ ਅਕਸ ਸੀ ਦਿਸਣਾ,
ਜਾਂ ਕੈਦ ਸ਼ੀਸ਼ਾ ਹੀ ਅਕਸ ਅੰਦਰ ਸੀ।

ਹਕੂਮਤ ਦੀ ਫਸਾਦਾਂ 'ਤੇ ਖੜ੍ਹੀ ਬੁਨਿਆਦ ਹੈ ਅੱਜਕਲ।
ਕਿਤੇ ਸੁਣਦਾ ਹੈ ਕੋਈ ਦਾਦ ਨਾ ਫਰਿਆਦ ਹੈ ਅੱਜਕਲ।

ਵਣ 'ਚ ਨਿੰਮ ਦਾ ਬਿਰਛ ਵੀ ਹੌਕੇ ਭਰੇ ਝੋਰਾ ਕਰੇ,
ਬਸਤੀਆਂ ਦੀ 'ਵਾ ਕੁਸੈਲੀ ਕਿਸ ਕਦਰ ਹੈ ਹੋ ਗਈ।

ਜੇ ਤੂੰ ਠਹਿਰੇ, ਸਮਾਂ ਵੀ, ਉਮਰ ਵੀ ਮੌਸਮ ਵੀ ਰੁਕ ਜਾਵੇ,
ਜੇ ਤੂੰ ਨਾ ਠਹਿਰਿਆ ਤਾਂ ਦਿਲ ਯਕੀਨਨ ਠਹਿਰ ਜਾਵੇਗਾ।

ਸਭ ਸ਼ੀਸ਼ਿਆਂ 'ਤ ਜਮ ਗਈ ਕਾਈ ਤਿਰੇ ਬਗੈਰ,
ਹਰ ਪਲ ਰਹੀ ਨਮੀ ਮਿਰੇ ਚਿਹਰੇ ਦੇ ਆਸ ਪਾਸ।

ਪਹਿਚਾਣ ਰਿਸ਼ਤਿਆਂ ਦੀ ਜੇ ਸ਼ਹਿਰਾਂ 'ਚ ਮਰ ਗਈ,
ਪਿੰਡਾਂ 'ਚ ਵੀ ਨਹੀਂ ਰਹੇ ਉਹ ਰੰਗ ਢੰਗ, ਬਾਸ।

ਨਾ ਖੰਜ਼ਰ ਪਿੱਠ 'ਚ ਨਾ ਅੱਖਾਂ 'ਚ ਹੀ ਮੇਰੇ ਗਿਲਾ ਹੁੰਦਾ।
ਜ਼ਰਾ ਵੀ ਤੇਰੀ ਗੁੱਝੀ ਦੁਸ਼ਮਣੀ ਦਾ ਜੇ ਪਤਾ ਹੁੰਦਾ।

ਜੇ ਕੋਰਾ ਮੈਂ ਸਦਾ ਰਹਿੰਦਾ ਤਾਂ ਸੁਪਨੇ ਭਾਲਦੇ ਮੈਨੂੰ,
ਇਬਾਰਤ ਮੇਰੀਆਂ ਅੱਖਾਂ ਦ ਵਿਚ ਨਾ ਰਤਜਗਾ ਹੁੰਦਾ।

ਬਦਨ ਤੇਰੇ ਦੀ ਹਰ ਭਾਸ਼ਾ ਸਮਝਦਾ, ਜਾਣਦਾ ਹਾਂ।
ਅਦਾ ਤੇਰੀ ਦੇ ਹਰ ਸੰਕੇਤ ਨੂੰ ਪਹਿਚਾਣਦਾ ਹਾਂ।

ਕੋਈ ਹਸਰਤ ਨਹੀਂ ਸ਼ੀਸ਼ੇ 'ਚ ਚਿਹਰਾ ਵੇਖਣ ਦੀ,
ਜ਼ਰਾ ਚਿਹਰੇ 'ਤੇ ਬੈਠੇ ਹਾਦਸੇ ਪਹਿਚਾਣਦਾ ਹਾਂ।

ਡਬੋਕੇ ਆਪ ਵੀ ਜਿਹੜੀ ਹੈ ਡੁੱਬ ਜਾਂਦੀ ਹਮੇਸ਼ਾ,
ਜਨਮ ਤੋਂ ਹੀ ਮੈਂ ਇਕ ਐਸੀ ਨਦੀ ਨੂੰ ਜਾਣਦਾ ਹਾਂ।

ਨਦੀ ਵਿਚ ਅਕਸ ਹੋਵੇਗਾ, ਹਵਾ ਵਿਚ ਮਹਿਕ ਤੇਰੀ,
ਹਵਾ ਨੂੰ ਇਸ ਲਈ ਪੁਣਦਾਂ, ਨਦੀ ਨੂੰ ਛਾਣਦਾ ਹਾਂ।

ਨਾ ਕੋਈ ਰੰਗ, ਸੁਰ, ਨਾ ਸਾਜ਼ ਹੁਣ ਪੋਂਹਦਾ ਹੈ ਮੈਨੂੰ,
ਬਸ ਅਪਣੇ ਜਿਸਮ ਦਾ ਸੰਗੀਤ ਹੀ ਹੁਣ ਮਾਣਦਾ ਹਾਂ।

ਗੁਜ਼ਰ ਚੁੱਕਾ ਹਾਂ ਏਨਾ ਜ਼ਿੰਦਗੀ ਦੇ ਝੂਠ ਵਿਚੋਂ,
ਕਿ ਹਰ ਇਕ ਝੂਠ ਨੂੰ ਹੁਣ ਸੱਚ ਹੀ ਮੈਂ ਜਾਣਦਾ ਹਾਂ।

ਮੈਂ ਥਲ ਨੂੰ ਨਾਲ ਲੈ ਕੇ ਬਸ ਗੁਜ਼ਰਨਾ ਈਂ ਗੁਜ਼ਰਨਾ,
ਸਮੁੰਦਰ ਕਿੰਨੇ ਕੁ ਪਾਣੀ 'ਚ ਹੈ ਮੈਂ ਜਾਣਦਾ ਹਾਂ।

ਰਾਤ ਢਹਿਲੀ ਪੈ ਲਵੇ, ਚੰਨ ਹੋਰ ਥੱਲੇ ਬਹਿ ਲਵੇ।
ਪਰਤ ਜਾਵੀਂ, ਹੋਰ ਕੁਝ ਹਸਰਤ ਦਿਲਾਂ ਦੀ ਲਹਿ ਲਵੇ।

ਅਪਣੇ ਡੁੱਬਣ ਦੀ ਕਹਾਣੀ ਵੀ ਕਹਾਂਗਾ ਮੈਂ ਜ਼ਰੂਰ,
ਤੇਰਿਆਂ ਨੈਣਾਂ 'ਚੋਂ ਪਰ ਦਰਿਆ ਤਾਂ ਥੱਲੇ ਲਹਿ ਲਵੇ।

ਮੈਂ ਕਿਤੇ ਰੁਕਣਾ ਨਹੀਂ, ਛਾਵਾਂ, ਸਰਾਵਾਂ ਵਿਚ ਕਦੇ,
ਹਮਸਫ਼ਰ ਰਸਤੇ 'ਚ ਕੋਈ ਰਹਿ ਲਵੇ ਨਾ ਰਹਿ ਲਵੇ।

ਸਭ ਨਬੇੜੇ ਮੈਂ ਕਰਾਂਗਾ ਬੈਠ ਕੇ ਸੂਰਜ ਦੇ ਨਾਲ,
ਛਾਂ ਤਿਰੀ ਦੀਵਾਰ ਦੀ ਕੁਝ ਹੋਰ ਥੱਲੇ ਲਹਿ ਲਵੇ।

ਮੇਰਾ ਦਿਲ ਦਰਿਆ ਹੈ, ਫੁੱਲਾਂ ਦੇ ਨਾ ਮੌਸਮ ਤੋਂ ਡਰੇ,
ਮੇਰੇ ਘਰ ਅੰਦਰ ਖ਼ਿਜ਼ਾ, ਬੇਖ਼ੌਫ਼ ਹੋ ਕੇ ਰਹਿ ਲਵੇ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਅਵਤਾਰ ਸਿੰਘ ਸੰਧੂ



ਅਵਤਾਰ ਸਿੰਘ ਸੰਧੂ 91- 99151-82971

ਅਵਤਾਰ ਸਿੰਘ ਸੰਧੂ ਬਾਲ ਸਾਹਿਤਕਾਰ ਹੈ । ਹੁਣ ਤੱਕ ਉਸਦੀਆਂ 50 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਪਰ ਜਦੋਂ ਉਹ ਆਪਣੇ ਖ਼ਾਸ ਅੰਦਾਜ ਰਾਹੀਂ ਕਵੀ ਦਰਬਾਰਾਂ ਵਿੱਚ ਆਪਣੇ ਗੀਤ ਅਤੇ ਗਜ਼ਲਾਂ ਪੇਸ਼ ਕਰਦਾ ਹੈ ਤਾਂ ਮਹਿਫਿਲ ਹੀ ਲੁੱਟ ਲੈਂਦਾ ਹੈ । ਉਹ ਆਮ ਲੋਕਾਂ ,ਕਿਰਤੀ ਕਿਸਾਨਾਂ ਅਤੇ ਮਜਦੂਰਾਂ ਦਾ ਦਰਦ ਬਿਆਨ ਕਰਦਾ ਹੈ । ਚਾਰ ਸਾਲ ਪਹਿਲਾਂ ਉਸਦਾ ਕਾਵਿ ਸੰਗ੍ਰਹਿ 'ਪੀੜਾਂ ਦੀ ਪੈੜ' ਆਇਆ ਸੀ ,ਹੁਣ ਤੱਕ ਇਸਦੇ 9 ਐਡੀਸ਼ਨ ਆ ਚੁੱਕੇ ਹਨ ।ਇਸ ਤੋਂ ਪਤਾ ਲਗਦਾ ਹੈ ਕਿ ਉਹ ਪਾਠਕਾਂ ਤੇ ਸਰੋਤਿਆਂ ਵਿੱਚ ਕਿੰਨਾ ਹਰਮਨ ਪਿਆਰਾ ਹੈ । ਉਸਦੀਆਂ ਰਚਨਾਵਾਂ ਦੀ ਇੱਕ ਖ਼ੂਬੀ ਇਹ ਵੀ ਹੈ ਕਿ ਉਹ ਬੜੀ ਹੀ ਸਰਲ ਭਾਸ਼ਾ ਵਰਤਦਾ ਹੈ । ਉਸਦਾ ਪਿਛੋਕੜ ਪੇਂਡੂ ਹੈ ,ਇਸ ਲਈ ਉਸਦੇ ਗੀਤਾਂ ਵਿੱਚ ਪੇਂਡੂ ਮੁਹਾਵਰੇ ਆਮ ਦੇਖਣ ਨੂੰ ਮਿਲਦੇ ਹਨ । ਉਸਦੇ ਗੀਤ ਪੰਜਾਬੀ ਸੱਭਿਆਚਾਰ ਦੀਆਂ ਬਾਤਾਂ ਪਾਉਦੇ ਹਨ । ਉਸਦੀਆਂ ਗਜ਼ਲਾਂ ਵਿੱਚ ਇਸ਼ਕ ਮੁਸ਼ਕ ਦੀ ਕਹਾਣੀ ਨਹੀਂ ਹੁੰਦੀ ਬਲਕਿ ਲੋਕਾਂ ਦੇ ਦਰਦ ਅਤੇ ਚਾਲਬਾਜ਼ ਲੀਡਰਾਂ ਦੀ ਚਲਾਕੀ ਹੁੰਦੀ ਹੈ। ਉਹ ਸਮੇ ਦੇ ਨਾਲ ਤੁਰਦਾ ਹੈ । ਉਹ ਪਾਖੰਡੀਆਂ ਸਾਧਾਂ ਤੇ ਸਮਾਜ ਦੇ ਠੇਕੇਦਾਰਾਂ ਨੂੰ ਵੀ ਨਹੀਂ ਬਖ਼ਸ਼ਦਾ । ਜਦੋਂ ਦੇ ਪੰਜਾਬੀ ਗੱਭਰੂ ਨਸ਼ਿਆਂ ਵਿੱਚ ਗਰਕ ਹੋਏ ਨੇ ਉਸਦੀਆਂ ਰਚਨਾਵਾਂ ਦਾ ਰੰਗ ਹੀ ਬਦਲ ਗਿਆ । ਉਸਨੇ ਮਾਦਾ ਭਰੂਣ ਦਾ ਡਟਕੇ ਵਿਰੋਧ ਕੀਤਾ । ਉਸਨੂੰ ਪੰਜਾਬ ,ਪੰਜਾਬੀ ਅਤੇ ਪੰਜਾਬੀਅਤ ਦਾ ਫਿਕਰ ਹੈ। ਉਸਦੇ ਗੀਤਾਂ ਵਿੱਚ ਵਿਛੋੜੇ ਦਾ ਦਰਦ ਹੈ । ਉਸਦੇ ਕਾਫੀ ਗੀਤ ਪ੍ਰਸਿੱਧ ਗਾਇਕਾਂ ਦੀ ਅਵਾਜ ਵਿੱਚ ਰਿਕਾਰਡ ਵੀ ਹੋ ਚੁੱਕੇ ਹਨ । ਰੱਬ ਕਰੇ !ਅਵਤਾਰ ਸਿੰਘ ਸੰਧੂ ਦੀ ਕਲਮ ਇੰਝ ਹੀ ਸਮਾਜਿਕ ਬੁਰਾਈਆਂ ਦਾ ਵਿਰੋਧ ਕਰਦੀ ਰਹੇ ।ਇੱਕ ਦਿਨ ਉਸਦੇ ਸੁਪਨਿਆਂ ਦਾ ਸੋਹਣਾ ਤੇ ਸੁੱਚਜਾ ਸਮਾਜ ਉਸਰ ਜਾਵੇ ।

**– ਪ੍ਰੋ ਸੰਧੂ ਵਰਿਆਣਵੀ (ਗੜਸ਼ੰਕਰ)**

## ਗੀਤ

ਨਾ ਪੰਛੀ ਸਰਹੱਦਾਂ ਮੰਨਦੇ ਨਾ ਪੋਣਾਂ ਨੇ ਬਦਲੇ ਰਾਹ ।
ਨਾ ਦਰਿਆ ਦੇ ਪਾਣੀ ਰੁਕਦੇ ਨਾ ਬੱਦਲਾਂ ਨੂੰ ਭੁੱਲੇ ਰਾਹ ।
ਨਾ ਪੰਛੀ ........................
ਇੱਕੋ ਰੰਗ ਹੈ ਹਾਸੇ ਦਾ ਤੇ ਇੱਕੋ ਦਰਦ ਜੁਦਾਈ ਦਾ ।
ਸੱਭ ਦੇ ਹੰਝੂ ਇੱਕੋ ਰੰਗ ਦੇ ਇੱਕੋ ਰੰਗ ਤਨਹਾਈ ਦਾ ।
ਮਾਂ ਦੀ ਲੋਰੀ ਇੱਕੋ ਜਿਹੀ ਨਹੀਓਂ ਵੱਖਰਾ ਬਾਪੂ ਦਾ ਚਾਅ ।
ਨਾ ਪੰਛੀ ..........................
ਫੁੱਲਾਂ ਦੀ ਖੁਸ਼ਬੋਈ ਇੱਕੋ ਇੱਕੋ ਰੰਗ ਬਹਾਰਾਂ ਦਾ ।
ਬੋਲੀ ਇੱਕ ਪਰੰਦਿਆਂ ਦੀ ਇੱਕੋ ਗੀਤ ਗੁਟਾਰਾਂ ਦਾ ।
ਦੂਰ ਦੁਰਾਡਿਓ ਕੂੰਜਾਂ ਆਵਣ ਅੱਜ ਤੱਕ ਵੀ ਨਾ ਭੁੱਲੀਆਂ ਰਾਹ ।
ਨਾ ਪੰਛੀ ......................
ਇਨਸਾਨਾਂ ਨੇ ਧਰਤੀ ਵੰਡ ਲਈ ਬਣ ਗਏ ਵੱਖਰੇ ਵੱਖਰੇ ਦੇਸ਼ ।
ਭਾਂਤ ਭਾਂਤ ਦੀ ਬੋਲੀ ਹੋ ਗਈ ਰੰਗ ਬਰੰਗੇ ਹੋ ਗਏ ਵੇਸ ।
ਭਾਂਵੇ ਰੱਬ ਹੈ ਇੱਕੋ ਸੱਭ ਦਾ ਫਿਰ ਵੀ ਵੱਖਰੇ ਵੱਖਰੇ ਰਾਹ ।
ਨਾ ਪੰਛੀ .....................
ਮਿਹਰ ਕਰੀਂ ਉਹ ਉਪਰ ਵਾਲੇ ਪਿਆਰ ਮੁਹੱਬਤ ਵਧਦੀ ਰਹੇ ।
ਨਫਰਤ ਵਾਲੀ ਇਹ ਚੰਗਿਆੜੀ ਅਮਨਾਂ ਹੇਠਾਂ ਦੱਬਦੀ ਰਹੇ ।
ਹਰ ਇਨਸਾਨ ਦੇ ਸੀਨੇ ਅੰਦਰ ਪਿਆਰ ਸਬਰ ਦਾ ਬੂਟਾ ਲਾ ।
ਨਾ ਪੰਛੀ ............ ...
ਨਾ ਦਰਿਆ............

## ਗੀਤ

ਜਿੱਥੇ ਦੋ ਵਕਤ ਦੀ ਰੋਟੀ ਨਹੀਂ , ਤਨ ਤੇ ਕਪੜੇ ਦਾ ਨਾਮ ਨਹੀਂ ।
ਫਿਰ ਮੈ ਵੀ ਖੁੱਲਕੇ ਆਖਾਂਗਾ , ਮੇਰਾ ਭਾਰਤ ਦੇਸ਼ ਮਹਾਨ ਨਹੀਂ । .....

ਜਿੱਥੇ ਪੇਟ ਦੀ ਅੱਗ ਬੁਝਾਵਣ ਲਈ ,ਸੋਦੇ ਹੁੰਦੇ ਨੇ ਜਿਸਮਾਂ ਦੇ ।
ਕੋਈ ਭੁੱਖ ਦੇ ਕਾਰਣ ਮਰ ਰਿਹਾ ,ਕਿਤੇ ਖਾਣੇ ਨੇ ਕਈ ਕਿਸਮਾਂ ਦੇ ।
ਨਿੱਤ ਚੀਰ ਹਰਨ ਹੋਵੇ ਅਬਲਾ ਦਾ ,ਮੰਦਰ ਵਿੱਚ ਵੀ ਭਗਵਾਨ ਨਹੀਂ ।
.....

ਜਿਥੇ ਕਿਰਤੀ ਭੁੱਖੇ ਮਰਦੇ ਨੇ ਤੇ ਮਿਲਦਾ ਜ਼ਹਿਰ ਕਿਸਾਨਾਂ ਨੂੰ ।
ਰੁਜ਼ਗਾਰ ਤੇ ਨੇਤਾ ਦਿੰਦੇ ਨਹੀਂ , ਵੰਡਦੇ ਨੇ ਨਸ਼ੇ ਜਵਾਨਾਂ ਨੂੰ ।
ਭਾਰਤ ਮਾਂ ਗਹਿਣੇ ਧਰ ਦਿੱਤੀ ,ਕਿਸੇ ਲੀਡਰ ਕੋਲ ਈਮਾਨ ਨਹੀਂ । .....

ਰਿਸ਼ਵਤ ਖੋਰੀ ਹੈ ਹਰ ਪਾਸੇ , ਨਿੱਤ ਹੁੰਦੀ ਚੋਰ ਬਜ਼ਾਰੀ ਹੈ ।
ਧਰਮਾਂ ਦਾ ਪੱਤਾ ਚਲ ਚਲਕੇ ,ਇਨਾਂ ਭੋਲੀ ਜਨਤਾ ਮਾਰੀ ਹੈ ।
ਕੁਰਸੀ ਲਈ ਕਾਤਲ ਬਣ ਜਾਂਦੇ ,ਸ਼ੈਤਾਨਾਂ ਵਿੱਚ ਇਨਸਾਨ ਨਹੀਂ । .....

ਜਿੱਥੇ ਗੰਗਾ ਮੈਲੀ ਹੋ ਗਈ ਹੈ ,ਉੱਥੇ ਰਹਿਣਾ ਹੀ ਮਜਬੂਰੀ ਹੈ ।
ਦਮ ਘੁੱਟਦਾ ਡਾਕੂ ਚੋਰਾਂ ਵਿੱਚ ,ਭਾਂਵੇ ਲੱਖ ਸਾਡੀ ਦੂਰੀ ਹੈ ।
ਅਸੀ ਤੁਰਦੇ ਫਿਰਦੇ ਪਿੰਜਰ ਹਾਂ ,ਲੱਗਦਾ ਸਾਡੇ ਵਿੱਚ ਜਾਨ ਨਹੀਂ । ....

ਨਿੱਤ ਨਿੱਤ ਦੇ ਮਰਨੇ ਨਾਲੋਂ ਤਾਂ ਆਓ ਇੱਕ ਵਾਰੀ ਹੀ ਮਰੀਏ ।
ਮਹਿਲਾਂ ਵਿੱਚ ਸੁੱਖ ਜੋ ਮਾਨ ਰਹੇ ,ਉਹਨਾਂ ਨੂੰ ਸੜਕਾਂ ਤੇ ਧਰੀਏ ।
ਖੁਸ਼ਹਾਲ ਇਹ ਭਾਰਤ ਹੋ ਜਾਵੇ ,ਬਸ ਹੋਰ ਕੋਈ ਅਰਮਾਨ ਨਹੀਂ । .....

## ਗੀਤ

ਸਾਉਣ ਮਹੀਨਾ ਪਿੱਪਲੀਂ ਪੀਘਾਂ,
ਹੁਣ ਨਾ ਇੱਥੇ ਪਈਆਂ ।
ਟਾਹਣਾਂ ਤੇ ਲਾਸ਼ਾਂ ਹੀ ਲਾਸ਼ਾਂ ,
ਹੁਣ ਤੇ ਲਟਕ ਨੇ ਰਹੀਆਂ ।

ਸਾਉਣ ਮਹੀਨਾ ਪਿੱਪਲੀਂ ਪੀਘਾਂ ,
ਕਿਹੜੀ ਭੈਣ ਚੜਾਵੇ।
ਜਦ ਵੀਰਾ ਰੱਖੜੀ ਦੇ ਧਾਗੇ,
ਆਪੇ ਤੋੜੀ ਜਾਵੇ ।

ਸਾਉਣ ਮਹੀਨਾ ਪਿੱਪਲੀਂ ਪੀਘਾਂ ,
ਹੁਣ ਨਾ ਇੱਥੇ ਪੈਣ।
ਕੁੱਖ ,ਚ ਧੀ ਨੂੰ ਆਪੇ ਖਾ ਗਈ,
ਬਣਕੇ ਮਾਂ ਹੀ ਡੈਣ ।

ਸਾਉਣ ਮਹੀਨਾ ਪਿੱਪਲੀਂ ਪੀਘਾਂ ,
ਕਿਹੜਾ ਹੁਣ ਚੜਾਵੇ ।
ਹਿੰਦੂ ,ਮੁਸਲਿਮ ਸਿੱਖ ਦੀ ਬੋਲੀ ,
ਲੀਡਰ ਬੋਲੀ ਜਾਵੇ ।

ਸਾਉਣ ਮਹੀਨਾ ਪਿੱਪਲੀਂ ਪੀਘਾਂ ,
ਕਿਹੜਾ ਜਾ ਕੇ ਪਾਵੇ।
ਨਸ਼ਿਆਂ ਦੇ ਵਿੱਚ ਗੱਭਰੂ ਖੁਰ ਗਏ ,
ਰੱਸੇ ਕੌਣ ਲਿਆਵੇ ।

ਸਾਉਣ ਮਹੀਨਾ ਪਿੱਪਲੀਂ ਪੀਘਾਂ ,
ਆਓ ਰਲਕੇ ਪਾਈਏ ।
ਸਾਂਝਾਂ ਦਾ ਕੋਈ ਮਿੱਠਾ ਨਗਮਾ ,
"ਸੰਧੂ " ਰਲਕੇ ਗਾਈਏ ।

## ਗੀਤ

ਪੋਣਾਂ ਮੇਰੇ ਪਿੰਡ ਦੀਆਂ ਕੁੱਝ ਖ਼ਬਰਾਂ ਲੈ ਕੇ ਆਈਆਂ ਨੇ ।
ਬੁਢੀਆਂ ਮਾਵਾਂ ਦੇ ਤਰਲੇ ,ਬਿਨ ਦੱਸਿਆ ਨਾਲ ਲਿਆਈਆਂ ਨੇ । ..
ਸੱਥ ਵਿੱਚ ਬੈਠਾ ਬੁਢਾ ਬਾਪੂ ,ਨਿੱਤ ਝੂਰੇ ਬੀਤੇ ਸਾਲਾਂ ਲਈ ।
ਸੁੱਖ ਮੰਗਦਾ ਹੈ ਸ਼ਾਮ ਸਵੇਰੇ ਪੁੱਤਰ ਦੇ ਛੋਟੇ ਬਾਲਾਂ ਲਈ ।
ਨਾ ਮੋਢੇ ਤੇ ਝੂਟੇ ਦਿੱਤੇ ,ਨਾ ਦਾਦੀ ਲੋਰੀਆਂ ਗਾਈਆਂ ਨੇ । ....
ਕੱਲੇ ਵੀਰੇ ਦੀ ਆਕੜ ਨੂੰ ਭੰਨ ਦਿੱਤਾ ਸੀ ਸ਼ਰੀਕਾਂ ਨੇ ।
ਪੈਲੀ ਦੱਬ ਲਈ ਲੋਕਾਂ ਨੇ ਜਾਂ ਧੋਖੇ ਨਾਲ ਰਕੀਬਾਂ ਨੇ ।
ਵਿੱਚ ਕਚਹਿਰੀ ਕੋਈ ਨਾ ਸੁਣਦਾ ,ਲੱਖ ਦੁਹਾਈਆਂ ਪਾਈਆਂ ਨੇ ।...
ਅੱਜ ਵੀ ਮੇਹਿੰਦੀ ਲਈ ਤਰਸ ਰਹੇ ਹੱਥ ਰਟਣਾ ਵਾਲੇ ਭੈਣਾਂ ਦੇ ।
ਫੁੱਲਕਾਰੀ ਚੂੜੇ ਦੀ ਗੱਲ ਕਰ ,ਨਿੱਤ ਮਿਹਣੇ ਮਿਲਦੇ ਨੈਣਾਂ ਦੇ ।
ਨਾ ਘੋੜੀ ਚੜ ਕੋਈ ਆਇਆ ,ਨਾ ਡੋਲੀਆਂ ਕਿਸੇ ਉਠਾਈਆਂ ਨੇ । ....
ਕੀ ਖੱਟਿਆ ਪਰਦੇਸੀ ਜਾ ਕੇ ,ਪੁਛਣ ਹੁਣ ਸ਼ਾਮ ਸਵੇਰੇ ।
ਪਿੰਡ ਵਿੱਚ ਬੁਢੇ ਮਾਪੇ ਰੁਲ ਗਏ ,ਭੈਣ ਵੀ ਹੰਝੂ ਕੇਰੇ ।
ਹਉਕੇ ਹੰਝੂ ਜਿਆਦਾ ਘਟ ਖੁਸ਼ੀਆਂ ਨਾਲ ਲਿਆਈਆਂ ਨੇ । ......

## ਗੀਤ

ਰੱਬਾ !ਸਾਡੀ ਮਿਹਨਤ ਦਾ ਮੁੱਲ ਕਦੋਂ ਹੈ ਇਥੇ ਪੈਣਾ ।
ਕਦ ਸਾਡੇ ਸਿਰ ਉੱਤੋਂ ਸ਼ਾਹਾਂ ਦਾ ਇਹ ਕਰਜਾ ਲਹਿਣਾ । ..

ਕਦ ਸਾਡੇ ਹੱਥ ਰੱਟਣਾਂ ਵਾਲੇ ਕੂਲੇ ਕੂਲੇ ਹੋਣੇ ।
ਕਦ ਸਾਡੇ ਮੁੜ੍ਹਕੇ ਦੇ ਵਿਚੋਂ ਸੁੱਚੇ ਮੋਤੀ ਚੋਣੇ ।
ਕਦ ਅਸਾਂ ਨੇ ਬੰਨਕੇ ਸ਼ਮਲਾ ਜਾ ਸੱਥ ਵਿੱਚ ਹੈ ਬਹਿਣਾ । ..

ਕਦ ਸਾਡੇ ਹੱਥਾਂ ਦੇ ਉਸਰੇ ਘਰ ਇਹ ਸਾਡੇ ਹੋਣੇ ।
ਕਦ ਮਿਲਣੀ ਹੈ ਰੱਜਵੀਂ ਰੋਟੀ ਮੁੱਕ ਜਾਣੇ ਸੱਭ ਰੋਣੇ ।
ਕਦ ਅਸੀ ਠਰੀਆਂ ਰਾਤਾਂ ਵਿੱਚ ਸੁੱਖਦੀ ਨੀਦਰ ਪੈਣਾ । ...

ਕਦ ਸਾਡੇ ਵਿਹੜੇ ਦੇ ਵਿੱਚ ਵੀ ਲੋਹੜੀ ਪਾਊ ਜਾਊ ।
ਕਦੋਂ ਬਨੇਰੇ ਸਾਡੇ ਕੋਈ ਘਿਓ ਦੇ ਦੀਪ ਜਗਾਊ ।
ਕਦ ਪਿਪਲਾਂ ਤੇ ਪੀਂਘਾਂ ਪੈਣੀਆਂ ਕਦ ਮਿਲ ਭੰਗੜਾ ਪੈਣਾ । ..

ਰੱਬਾ !ਤੈਨੂੰ ਤਰਸ ਨਾ ਆਵੇ ਚਾਅ ਕਿਉਂ ਕੋਹੇ ਜਾਂਦੇ ।
ਰੁੱਸ ਜਾਂਦੇ ਕਿਉਂ ਹਾਸੇ ਸਾਡੇ ਨੈਣੀ ਹੰਝੂ ਆਂਦੇ ।
ਦੱਸ ਵੇ ਰੱਬਾ ਨੇਹਰੇ ਘਰ ਵਿੱਚ ਕਦ ਕਿਰਨਾਂ ਨੇ ਪੈਣਾ । ...

## ਗਜ਼ਲ

ਕੋਣ ਰਾਜਾ ਰਾਜ ਕਿਸਦਾ ਲੋਕ ਨਾ ਜਦ ਰਹਿਣਗੇ ।
ਦਰਦ ਸਾਡੇ ਦੀ ਕਹਾਣੀ ਉਜੜੇ ਘਰ ਫਿਰ ਕਹਿਣਗੇ

ਲੱਖ ਭਾਵੇ ਤੋੜਦੇ ਤੂੰ ਪੰਛੀਆ ਦੇ ਆਲਣੇ ।
ਦੇਖ ਲੈਣਾ ਮੁੜਕੇ ਉਸੇ ਟਾਹਣ ਤੇ ਹੀ ਬਹਿਣਗੇ ।

ਪਹਿਨਕੇ ਸ਼ੀਸ਼ੇ ਦੇ ਬਸਤਰ ਨਾ ਰਕੀਬਾਂ ਨੂੰ ਮਿਲੀ ।
ਤਿੜਕਿਆ ਤਾਂ ਦੋਸ਼ ਤੇਰਾ ਲੋਕ ਇਹ ਹੀ ਕਹਿਣਗੇ ।

ਤੂੰ ਵਹਾ ਲੈ ਖ਼ੂਨ ਭਾਵੇ ਰਾਤ ਦਿਨ ਉਹ ਜ਼ਾਲਮਾਂ ।
ਸੋਚ ਤੇਰੇ ਵਾਰਸਾਂ ਨੂੰ ਲੋਕ ਫਿਰ ਕੀ ਕਹਿਣਗੇ ।

ਸੰਧੂ ਅੱਖੀਂ ਦੇਖ ਲੈਣਾ ਰੋਣਗੇ ਕਾਤਿਲ ਜ਼ਰੂਰ।
ਆਲਣੇ ਦੇ ਬੋਟ ਜਦ ਆਪਣੀ ਕਹਾਣੀ ਕਹਿਣਗੇ ।

## ਗੀਤ

ਬੱਦਲਾ ਵੇ! ਕੰਮੀਆਂ ਦੇ ਵਿਹੜੇ ਵਿੱਚ ਵਰ੍ਹੀ ਨਾ ।
ਕੱਚੀਆਂ ਨੇ ਕੰਧਾਂ ਹਾੜਾ ਕਹਿਰ ਕੋਈ ਕਰੀ ਨਾ । ਬੱਦਲਾ ਵੇ !,,,

ਭਿੱਤਾਂ ਵਿੱਚ ਗੁੰਨੇ ਹੋਏ ਚਾਅ ਮੇਰੀ ਮਾਂ ਦੇ ।
ਬਾਪੂ ਦਾ ਪਸੀਨਾ ਅਰਮਾਨ ਦਾਦੀ ਮਾਂ ਦੇ ।
ਭੈਣਾਂ ਦੀਆਂ ਸੱਧਰਾਂ ਤੇ ਵਾਰ ਕੋਈ ਕਰੀ ਨਾ ।ਬੱਦਲਾ ਵੇ,!,,,

ਛਾਪੇ ਗਿੱਲੇ ਹੋਏ ਫਿਰ ਚੁੱਲਾ ਨਹੀਂ ਬਲਣਾ ।
ਬਾਥੂ ਤੇ ਚਲਾਈ ਵਾਲਾ ਸਾਗ ਕਿਥੇ ਧਰਨਾ ।
ਭੁੱਖਿਆਂ ਨੂੰ ਦੂਜਿਆਂ ਦੇ ਮੁਹਤਾਜ ਕਰੀ ਨਾ ।ਬੱਦਲਾ ਵੇ! ,,,

ਓਥੇ ਜਾ ਕੇ ਵਰ੍ਹ ਭਾਵੇ ਜਿਥੇ ਤੇਰੀ ਲੋੜ ਵੇ ।
ਸਾਡੇ ਘਰ ਇੱਟਾਂ ਅਤੇ ਨਾ ਹੀ ਕਾਲੇ ਰੋੜ ਵੇ ।
ਅਸਾਂ ਕਿਹੜੀ ਗੁੱਡੀ ਫੂਕੀ ਅਹਿਸਾਨ ਕਰੀ ਨਾ ।ਬੱਦਲਾ ਵੇ !,,

ਸਾਡੇ ਘਰ ਬੋਰੀਆਂ ਤੇ ਨਾ ਹੀ ਭੜੋਲਾ ਵੇ ।
ਸਿਰ ਤੇ ਹੈ ਛੱਤ ਕੱਚੀ ਨਾ ਕੋਈ ਗੋਹਲਾ ਵੇ ।
ਸਿੱਟੇ ਅਸਾਂ ਕੁੱਟਣੇ ਨੇ ਵਿਹੜਾ ਗਿੱਲਾ ਕਰੀ ਨਾ ।ਬੱਦਲਾਂ ਵੇ !,,,,,,

ਪਏ ਜੇ ਛਰਾਟੇ ਕੱਚੀ ਛੱਤ ਬੜੀ ਚੋਣੀ ਏ ।
ਜਾਗਦਿਆਂ ਰਾਤ ਲੰਘੂ ਨੀਦ ਨਹੀਂ ਆਉਣੀ ਏ ।
ਦਿਨੇ ਕਿਹੜਾ ਚੈਨ ਸਾਨੂੰ ਰਾਤੀ ਮਾਰ ਕਰੀ ਨਾ । ਬੱਦਲਾ ਵੇ !

## ਗੀਤ

ਮੇਰੇ ਨਿਕੜੇ ਵੀਰਾ ਤੂੰ ਛੇਤੀ ਵੱਡਾ ਹੋ ।
ਬਣ ਡੰਗੋਰੀ ਬਾਪੂ ਦੀ ਵਿਹੜੇ ਵਿੱਚ ਖਲੋ ।
ਮੇਰੇ ਨਿਕੜੇ ਵੀਰਾ ..... ........
ਕਾਲੀਆਂ ਰਾਤਾਂ ਵਿੱਚ ਗੁੰਮ ਹੋਇਆ ਚੰਨ ਵਰਗਾ ਇੱਕ ਵੀਰਾ ।
ਭਾਬੋ ਅੱਜ ਤੱਕ ਸਾਂਭੀ ਬੈਠੀ ਰੱਤ ,ਚ ਰੰਗਿਆ ਚੀਰਾ ।
ਹੰਝੂਆਂ ਦੇ ਵਿੱਚ ਰੁੜ ਗਈ ਬੇਬੇ ਦੇ ਨੈਣਾਂ ਦੀ ਲੋਅ ।
ਮੇਰੇ ਨਿਕੜੇ ਵੀਰਾ ............
ਅੱਗ ਵਰੀ ਸੀ ਪੈਲੀਆਂ ਦੇ ਵਿੱਚ ਖੜੀਆਂ ਫਸਲਾਂ ਜਲੀਆਂ ।
ਗਈ ਧੁਆਂਖੀ ਮੈਹਿੰਦੀ ਹੋਈਆਂ ਛਾਲੇ ਛਾਲੇ ਤਲੀਆਂ ।
ਨੇਹਰਾ ਪਾ ਗਈ ਸੱਥ ਅੰਦਰ ਸਿਵਿਆਂ ਦੀ ਚੰਦਰੀ ਲੋਅ ।
ਮੇਰੇ ਨਿਕੜੇ ਵੀਰਾ ....................
ਸਹਿਮੀਆਂ ਚਿੜੀਆਂ ਕੀਕਣ ਉਡਣ ਅੱਗ ਵਰੇ ਹਰ ਪਾਸੇ ।
ਅੰਮੜੀ ਸਾਡੀ ਲੁਕ ਲੁਕ ਰੋਵੇ ਦੇਵੇ ਕੌਣ ਦਿਲਾਸੇ ।
ਤੱਕ ਕੇ ਬਾਬੁਲ ਦੀ ਖਾਮੋਸ਼ੀ ਕੰਧਾਂ ਰਹੀਆਂ ਰੋ ।
ਮੇਰੇ ਨਿਕੜੇ ਵੀਰਾ ............................ .....
ਰੱਬ ਕਰੇ ਇਹ ਜਖਮੀ ਬਾਤਾਂ ਮੁੜ ਨਾ ਕੋਈ ਪਾਵੇ ।
ਵਿਹੜੇ ਦੇ ਵਿੱਚ ਖੁਸ਼ੀਆਂ ਨੱਚਣ 'ਸੰਧੂ' ਸ਼ਗਨ ਮਨਾਵੇ ।
ਤੂੰ ਹੀ ਮੋੜ ਲਿਆਉਣੀ ਘਰ ਵਿੱਚ ਬਟਣੇ ਦੀ ਖੁਸ਼ਬੋ । ਮੇਰੇ ਨਿਕੜੇ ਵੀਰਾ ...
ਮੇਰੇ ਨਿਕੜੇ ਵੀਰਾ ....... ....
ਬਣ ਡੰਗੋਰੀ ਬਾਪੂ .....



# ਤੇਜੀ ਨਾਲ ਪ੍ਰਸਿੱਧੀ ਪ੍ਰਾਪਤ ਕਰਨ ਵਾਲੀਆਂ ਨਵੀਆਂ ਪੰਜਾਬੀ ਹੀਰੋਇਨਾਂ

ਪੰਜਾਬੀ ਸਿਨਮਾ 'ਚ ਮੁੱਢ ਤੋਂ ਹੀ ਕਾਬਲ ਤੇ ਟਿਕਾਊ ਹੀਰੋਇਨਾਂ ਦੀ ਕਮੀ ਰਹੀ ਹੈ। ਪੰਜਾਬੀ ਸਿਨਮਾ ਦਾ ਇਤਿਹਾਸ ਫਰੋਲਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਦੀਆਂ ਜ਼ਿਆਦਾਤਰ ਹੀਰੋਇਨਾਂ ਜਾਂ ਤਾਂ ਗ਼ੈਰ ਪੰਜਾਬੀ ਮੁਟਿਆਰਾਂ ਰਹੀਆਂ ਹਨ ਜਾਂ ਫਿਰ ਛੋਟੇ ਪਰਦੇ 'ਤੇ ਮਿਊਜ਼ਿਕ ਵੀਡੀਓਜ਼ ਨਾਲ ਜੁੜੀਆਂ ਕੁੜੀਆਂ। ਮੂਲ ਰੂਪ 'ਚ ਅਦਾਕਾਰ ਕੁੜੀਆਂ ਦੀ ਘਾਟ ਹਮੇਸ਼ਾਂ ਹੀ ਰਹੀ ਹੈ। ਪੰਜਾਬੀ ਸਿਨਮਾ ਦੀ ਤ੍ਰਾਸਦੀ ਇਹ ਵੀ ਹੈ ਕਿ ਕੁਝ ਫ਼ਿਲਮਾਂ ਨਾਲ ਹਿੱਟ ਹੋਣ ਤੋਂ ਬਾਅਦ ਪੰਜਾਬੀ ਹੀਰੋਇਨਾਂ ਮੁੰਬਈ ਵੱਲ ਰੁਖ਼ ਕਰ ਲੈਂਦੀਆਂ ਹਨ। ਕਈਆਂ ਦੇ ਵਤੀਰੇ 'ਚ ਇਸ ਕਦਰ ਬਦਲਾਅ ਆਉਂਦਾ ਹੈ ਕਿ ਫ਼ਿਲਮ ਮੇਕਰਾਂ ਨੂੰ ਮਜਬੂਰੀ ਵੱਸ ਉਨ੍ਹਾਂ ਦਾ ਬਦਲ ਲੱਭਣਾ ਪੈਂਦਾ ਹੈ।

ਬਹੁਤ ਘੱਟ ਅਜਿਹੀਆਂ ਹੀਰੋਇਨਾਂ ਹਨ ਜਿਨ੍ਹਾਂ ਨੇ ਪੰਜਾਬੀ ਸਿਨਮਾ 'ਚ ਲੰਬੀ ਪਾਰੀ ਖੇਡੀ ਹੋਵੇ। ਪੰਜਾਬੀ ਸਿਨਮਾ ਦੇ ਬਦਲ ਰਹੇ ਰੁਝਾਨ ਦੀ ਗੱਲ ਕਰੀਏ ਤਾਂ ਪੰਜਾਬੀ ਫ਼ਿਲਮਾਂ 'ਚ ਹਮੇਸ਼ਾਂ ਸੱਤ ਅੱਠ ਨਵੀਆਂ ਹੀਰੋਇਨਾਂ ਦਾ ਬੈਚ ਆਉਂਦਾ ਹੈ। ਕੁਝ ਕੁ ਸਾਲਾਂ ਬਾਅਦ ਇਨ੍ਹਾਂ ਦੀ ਜਗ੍ਹਾ ਕੋਈ ਹੋਰ ਲੈ ਲੈਂਦਾ ਹੈ ਤੇ ਫਿਰ ਅਗਲਾ ਬੈਚ। ਜੇ ਪਿਛਲੇ ਪੰਜ ਸਾਲਾਂ ਦੀ ਗੱਲ ਕਰੀਏ ਤਾਂ ਸਿਰਫ਼ ਨੀਰੂ ਬਾਜਵਾ ਹੀ ਇਕੱਲੀ ਅਜਿਹੀ ਹੀਰੋਇਨ ਹੈ ਜਿਸ ਨੇ ਦੋ ਦਰਜਨ ਦੇ ਨੇੜੇ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ ਹੈ। ਜ਼ਿਆਦਾਤਰ ਹੀਰੋਇਨਾਂ ਦੇ ਹਿੱਸੇ ਦੋ ਤੋਂ ਸੱਤ ਤਕ ਫ਼ਿਲਮਾਂ ਹੀ ਆਈਆਂ ਹਨ। ਬੌਲੀਵੁੱਡ ਦੀਆਂ ਵੀ ਕੁਝ ਹੀਰੋਇਨਾਂ ਨੇ ਇੱਕ ਇੱਕ, ਦੋ ਦੋ ਫ਼ਿਲਮਾਂ 'ਚ ਕੰਮ ਕੀਤਾ, ਪਰ ਉਸ ਤੋਂ ਬਾਅਦ ਨਜ਼ਰ ਨਹੀਂ ਆਈਆਂ। ਨੀਰੂ ਬਾਜਵਾ, ਜਪਜੀ ਖਹਿਰਾ, ਸੁਰਵੀਨ ਚਾਵਲਾ, ਮਾਹੀ ਗਿੱਲ, ਗੁਰਲੀਨ ਚੋਪੜਾ, ਜਸਪਿੰਦਰ ਚੀਮਾ, ਮੈਂਡੀ ਤੱਖਰ, ਕੁਲਰਾਜ ਰੰਧਾਵਾ ਤੇ ਨੀਤੂ ਸਿੰਘ ਸਮੇਤ ਦਰਜਨ ਦੇ ਕਰੀਬ ਅਜਿਹੀਆਂ ਹੀਰੋਇਨਾਂ ਹਨ ਜੋ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਸਿਨਮਾ 'ਚ ਸਰਗਰਮ ਸਨ। ਇਨ੍ਹਾਂ 'ਚ ਕੁਝ ਕੁ ਹੀਰੋਇਨਾਂ ਤਾਂ ਅਜੇ ਵੀ ਟਾਵੀਂ ਟਾਵੀਂ ਫ਼ਿਲਮ 'ਚ ਨਜ਼ਰ ਆਉਂਦੀਆਂ ਹਨ, ਪਰ ਜ਼ਿਆਦਾਤਰ ਫ਼ਿਲਮਾਂ 'ਚ ਹੁਣ ਹੀਰੋਇਨਾਂ ਦੀ ਨਵੀਂ ਬ੍ਰਿਗੇਡ ਨੇ ਜਗ੍ਹਾ ਲੈ ਲਈ ਹੈ। ਪੰਜਾਬੀ ਸਿਨਮਾ ਦੀ ਇਸ ਨਵੀਂ ਬ੍ਰਿਗੇਡ 'ਚ ਕਿਹੜੀਆਂ ਹੀਰੋਇਨਾਂ ਅੱਜਕੱਲ੍ਹ ਜ਼ਿਆਦਾ ਸਰਗਰਮ ਹਨ। ਆਓ ਮਾਰਦੇ ਹਾਂ ਇੱਕ ਨਜ਼ਰ :

**ਸਰਗੁਣ ਮਹਿਤਾ :** ਸਰਗੁਣ ਮਹਿਤਾ ਆਪਣੀ ਇੱਕੋ ਫ਼ਿਲਮ 'ਅੰਗਰੇਜ' ਨਾਲ ਪੰਜਾਬੀ ਦੀਆਂ ਪਹਿਲੀਆਂ 5 ਹੀਰੋਇਨਾਂ ਦੀ ਕਤਾਰ 'ਚ ਸ਼ਾਮਲ ਹੋਈ ਹੈ। ਨਿਰਦੇਸ਼ਕ ਸਿਮਰਜੀਤ ਸਿੰਘ ਦੀ ਫ਼ਿਲਮ 'ਅੰਗਰੇਜ' ਵਿੱਚ ਅਮਰਿੰਦਰ ਗਿੱਲ ਨਾਲ 'ਧੰਨ ਕੌਰ' ਦਾ ਕਿਰਦਾਰ ਅਦਾ ਕਰਨ ਵਾਲੀ ਸਰਗੁਣ ਨੂੰ ਬਹੁਤੇ ਪੰਜਾਬੀ ਦਰਸ਼ਕ ਧੰਨ ਕੌਰ ਵਜੋਂ ਹੀ ਜਾਣਦੇ ਹਨ। ਅਮਰਿੰਦਰ ਨਾਲ ਹੀ 'ਲਵ ਪੰਜਾਬ' ਅਤੇ 'ਲਹੌਰੀਏ' ਵਿੱਚ ਕੰਮ ਕਰ ਚੁੱਕੀ ਸਰਗੁਣ ਦੀ 'ਜ਼ਿੰਦੂਆ' ਫ਼ਿਲਮ ਨੂੰ ਵੀ ਵਧੀਆ ਹੰਗਾਰਾ ਮਿਲਿਆ ਸੀ।

**ਸੋਨਮ ਬਾਜਵਾ :** ਸੋਨਮ ਬਾਜਵਾ ਦਾ ਅਸਲ ਨਾਂ ਸੋਨਮਪ੍ਰੀਤ ਕੌਰ ਬਾਜਵਾ ਹੈ। ਪੰਜਾਬੀ, ਤਾਮਿਲ ਤੇ ਤੈਲਗੂ ਫ਼ਿਲਮਾਂ ਦੀ ਇਹ ਸਰਗਰਮ ਹੀਰੋਇਨ ਉਤਰਾਖੰਡ ਦੇ ਛੋਟੇ ਜਿਹੇ ਸ਼ਹਿਰ ਨਾਨਕਮੱਤਾ ਦੀ ਜੰਮਪਲ ਹੈ। 27 ਸਾਲਾ ਸੋਨਮ ਬਾਜਵਾ ਏਅਰ ਹੋਸਟਸ ਵੀ ਰਹਿ ਚੁੱਕੀ ਹੈ। ਉਹ ਫੈਮਿਨਾ ਮਿਸ ਇੰਡੀਆ 2012 ਦਾ ਵੀ ਹਿੱਸਾ ਰਹਿ ਚੁੱਕੀ ਹੈ। ਉਸਦੀ ਪਹਿਲੀ ਪੰਜਾਬੀ ਫ਼ਿਲਮ 2013 'ਚ 'ਬੈਸਟ ਆਫ ਲੱਕ' ਆਈ ਸੀ। ਗਿੱਪੀ ਗਰੇਵਾਲ ਤੇ ਜੈਜ਼ੀ ਬੀ ਦੀ ਇਸ ਫ਼ਿਲਮ ਨੂੰ ਕੋਈ ਬਹੁਤਾ ਹੰਗਾਰਾ ਨਹੀਂ ਮਿਲਿਆ ਸੀ। ਸੋਨਮ ਦੀ ਅਸਲ ਪਛਾਣ 2013 'ਚ ਆਈ ਨਿਰਦੇਸ਼ਕ ਅਨੁਰਾਗ ਸਿੰਘ ਦੀ ਫ਼ਿਲਮ 'ਪੰਜਾਬ 1984' ਨਾਲ ਬਣੀ। ਇਸ ਫ਼ਿਲਮ 'ਚ ਉਸਨੇ ਦਿਲਜੀਤ ਦੁਸਾਂਝ ਨਾਲ ਜੀਤੀ ਨਾਂ ਦੀ ਸਾਧਾਰਨ ਜਿਹੀ ਕੁੜੀ ਦਾ ਕਿਰਦਾਰ ਨਿਭਾਇਆ। ਨੈਸ਼ਨਲ ਐਵਾਰਡ ਜੇਤੂ ਇਸ ਫ਼ਿਲਮ ਨੇ ਸੋਨਮ ਨੂੰ ਮੂਹਰਲੀ ਕਤਾਰ ਦੀਆਂ ਹੀਰੋਇਨਾਂ 'ਚ ਸ਼ਾਮਲ ਕੀਤਾ। ਇਸ ਮਗਰੋਂ ਉਸਨੇ 'ਸਰਦਾਰ ਜੀ 2' ਅਤੇ 'ਨਿੱਕਾ ਜੈਲਦਾਰ' ਨਾਲ ਪੰਜਾਬ ਦੀਆਂ ਚੋਟੀ ਦੀਆਂ ਹੀਰੋਇਨਾਂ 'ਚ ਥਾਂ ਬਣਾਈ। ਗਿੱਪੀ ਗਰੇਵਾਲ ਦੀ ਫ਼ਿਲਮ 'ਮੰਜੇ ਬਿਸਤਰੇ' ਅਤੇ ਦਿਲਜੀਤ ਦੁਸਾਂਝ ਦੀ 'ਸੁਪਰ ਸਿੰਘ' ਵਿੱਚ ਵੀ ਸੋਨਮ ਦਿਖਾਈ ਦਿੱਤੀ। 22 ਸਤੰਬਰ ਨੂੰ ਉਸ ਦੀ ਅਗਲੀ ਫ਼ਿਲਮ 'ਨਿੱਕਾ ਜੈਲਦਾਰ 2' ਰਿਲੀਜ਼ ਹੋਵੇਗੀ।

**ਰੁਬੀਨਾ ਬਾਜਵਾ:** ਰੁਬੀਨਾ ਬਾਜਵਾ ਪੰਜਾਬੀ ਦੀ ਨਾਮਵਰ ਹੀਰੋਇਨ ਨੀਰੂ ਬਾਜਵਾ ਦੀ ਭੈਣ ਹੈ। ਨੀਰੂ ਬਾਜਵਾ ਨੇ ਹੀ ਬਤੌਰ ਨਿਰਦੇਸ਼ਕ ਉਸ ਨੂੰ ਆਪਣੀ ਪਹਿਲੀ ਫ਼ਿਲਮ 'ਸਰਘੀ' ਜ਼ਰੀਏ ਲਾਂਚ ਕੀਤਾ ਸੀ। ਇਹ ਫ਼ਿਲਮ ਭਾਵੇਂ ਨਹੀਂ ਚੱਲੀ,ਪਰ ਰੁਬੀਨਾ ਨੂੰ ਦਰਸ਼ਕਾਂ ਅਤੇ ਫ਼ਿਲਮ ਟਰੇਡ ਦਾ ਚੰਗਾ ਹੁੰਗਾਰਾ ਮਿਲਿਆ। ਅੱਜਕੱਲ੍ਹ ਉਹ ਸਮੀਪ ਕੰਗ ਦੀ ਫ਼ਿਲਮ 'ਲਾਵਾਂ ਫੇਰੇ' ਵਿੱਚ ਰੌਸ਼ਨ ਪ੍ਰਿੰਸ ਨਾਲ ਕੰਮ ਕਰ ਰਹੀ ਹੈ। ਰੁਬੀਨਾ ਨੂੰ ਭਾਵੇਂ ਨੀਰੂ ਬਾਜਵਾ ਦੇ ਨਾਂ ਦਾ ਸਹਾਰਾ ਮਿਲਿਆ ਹੈ, ਪਰ ਉਹ ਆਪਣੀ ਖ਼ੂਬਸੂਰਤੀ ਤੇ ਅਦਾਕਾਰੀ ਸਦਕਾ ਛੇਤੀ ਅੱਗੇ ਵਧਣ ਦਾ ਦਮ ਰੱਖਦੀ ਹੈ। ਕੈਨੇਡਾ ਦੀ ਜੰਮੀ ਪਲੀ ਅਤੇ ਮੁੰਬਈ 'ਚ ਅਨੁਪਮ ਖੇਰ ਦੇ ਐਕਟਿੰਗ ਸਕੂਲ ਤੋਂ ਅਦਾਕਾਰੀ ਸਿੱਖ ਕੇ ਇਸ ਖ਼ੇਤਰ 'ਚ ਕੁੱਦੀ ਰੁਬੀਨਾ 'ਚ ਲੰਬੀ ਪਾਰੀ ਖੇਡਣ ਦੀਆਂ ਸੰਭਾਵਨਾਵਾਂ ਹਨ। ਉਹ ਹੁਣ ਰੌਸ਼ਨ ਪ੍ਰਿੰਸ ਨਾਲ 'ਲਾਵਾਂ ਫੇਰੇ' ਫ਼ਿਲਮ ਵਿੱਚ ਨਜ਼ਰ ਆਵੇਗੀ।

**ਪ੍ਰਾਚੀ ਟਹਿਲਾਨ :** ਭਾਰਤੀ ਨੈੱਟਬਾਲ ਟੀਮ ਦੀ ਸਾਬਕਾ ਕੈਪਟਨ ਅਤੇ ਬਾਸਕਟਬਾਲ ਦੀ ਕੌਮੀ ਖਿਡਾਰਨ ਪ੍ਰਾਚੀ ਟਹਿਲਾਨ ਦੀ ਪਹਿਲੀ ਪੰਜਾਬੀ ਫ਼ਿਲਮ 'ਅਰਜਨ' ਹੈ। ਸਟਾਰ ਪਲੱਸ ਦੇ ਬਹੁ ਚਰਚਿਤ ਲੜੀਵਾਰ 'ਦੀਆ ਬਾਤੀ ਔਰ ਹਮ' ਨਾਲ ਅਦਾਕਾਰੀ ਦੇ ਖ਼ੇਤਰ 'ਚ ਆਈ ਪ੍ਰਾਚੀ ਨੂੰ ਆਪਣੀ ਪਹਿਲੀ ਪੰਜਾਬੀ ਫ਼ਿਲਮ ਨਾਲ ਹੀ ਕਾਫ਼ੀ ਸ਼ੋਹਰਤ ਹਾਸਲ ਹੋਈ। ਨਿਰਦੇਸ਼ਕ ਮਨਦੀਪ ਸਿੰਘ ਦੀ ਇਸ ਫ਼ਿਲਮ 'ਚ ਉਸ ਨੇ ਰੌਸ਼ਨ ਪ੍ਰਿੰਸ ਨਾਲ ਮੁੱਖ ਭੂਮਿਕਾ ਨਿਭਾਈ ਸੀ। ਪੰਜ ਫੁੱਟ ਗਿਆਰ੍ਹਾਂ ਇੰਚ ਦੀ ਇਹ ਮੁਟਿਆਰ ਹੁਣ ਬਿਨੂੰ ਢਿੱਲੋਂ ਤੇ ਐਮੀ ਵਿਰਕ ਦੀ ਫ਼ਿਲਮ 'ਬਾਏਲਾਰਸ' ਵਿੱਚ ਨਜ਼ਰ ਆਵੇਗੀ।

**ਮੋਨਿਕਾ ਗਿੱਲ :** 28 ਸਾਲਾਂ ਦੀ ਇਹ ਹੀਰੋਇਨ ਅਮਰੀਕਾ ਵਾਸੀ ਹੈ। ਉੱਥੇ ਹੀ ਉਸ ਨੂੰ ਫੈਸ਼ਨ ਇੰਡਸਟਰੀ ਨਾਲ ਜੁੜਨ ਦਾ ਸ਼ੌਕ ਪਿਆ। ਕਈ ਸੁੰਦਰਤਾ ਮੁਕਾਬਲਿਆਂ 'ਚ ਹਿੱਸਾ ਲੈ ਚੁੱਕੀ ਮੋਨਿਕਾ 2013 'ਚ ਮਿਸ ਇੰਡੀਆ ਯੂਐੱਸਏ ਵੀ ਰਹਿ ਚੁੱਕੀ ਹੈ। ਐੱਮਟੀਵੀ ਦੇ ਸ਼ੋਅ 'ਇੰਡੀਆਜ਼ ਨੈੱਕਸਟ ਟੌਪ ਮਾਡਲ' ਦਾ ਹਿੱਸਾ ਰਹਿ ਚੁੱਕੀ ਮੋਨਿਕਾ ਨੂੰ ਆਪਣੀ ਪਹਿਲੀ ਪੰਜਾਬੀ ਫ਼ਿਲਮ 'ਚ ਵੀ ਦਿਲਜੀਤ ਦੁਸਾਂਝ ਨਾਲ ਕੰਮ ਕਰਨ ਦਾ ਮੌਕਾ ਮਿਲਿਆ। 2016 'ਚ ਆਈ ਅਮਰਿੰਦਰ ਗਿੱਲ ਦੀ ਫ਼ਿਲਮ 'ਅੰਬਰਸਰੀਆ' ਵਿੱਚ ਕਿਰਦਾਰ ਨਿਭਾ ਚੁੱਕੀ ਮੋਨਿਕਾ ਨੂੰ ਆਪਣੀ ਅਗਲੀ ਫ਼ਿਲਮ 'ਚ ਹੀ ਗਿੱਪੀ ਗਰੇਵਾਲ ਨਾਲ ਕੰਮ ਕਰਨ ਦਾ ਮੌਕਾ ਮਿਲਿਆ। 2016 'ਚ ਹੀ ਉਹ ਗਿੱਪੀ ਨਾਲ 'ਕਪਤਾਨ' ਫ਼ਿਲਮ 'ਚ ਨਜ਼ਰ ਆਈ। ਦਿਲਜੀਤ ਨਾਲ ਹੀ ਉਸ ਨੇ 'ਸਰਦਾਰ ਜੀ 2' ਵਿੱਚ ਵੀ ਕੰਮ ਕੀਤਾ। ਹੁਣ ਉਹ ਛੇਤੀ ਹੀ ਐਮੀ ਵਿਰਕ ਨਾਲ ਫ਼ਿਲਮ 'ਸਤਿ ਸ਼੍ਰੀ ਅਕਾਲ ਇੰਗਲੈਂਡ' ਵਿੱਚ ਨਜ਼ਰ ਆਵੇਗੀ।

**ਈਸ਼ਾ ਰਿਖੀ :** ਈਸ਼ਾ ਰਿਖੀ ਨੇ ਵੀ ਪੰਜਾਬੀ ਫ਼ਿਲਮਾਂ 'ਚ ਚੰਗਾ ਨਾਂ ਬਣਾਇਆ ਹੈ। ਈਸ਼ਾ ਵੀ ਪਹਿਲਾਂ ਪੰਜਾਬੀ ਮਿਊਜ਼ਿਕ ਵੀਡੀਓਜ਼ ਦਾ ਹਿੱਸਾ ਰਹੀ ਹੈ। 24 ਸਾਲਾਂ ਦੀ ਇਸ ਅਦਾਕਾਰਾ ਦੀ ਪਹਿਲੀ ਫ਼ਿਲਮ 2013 'ਚ 'ਜੱਟ ਬੁਆਇਜ਼ ਪੁੱਤ ਜੱਟਾਂ ਦੇ' ਸੀ। 2014 'ਚ ਉਸ ਨੂੰ ਹੈਰੀ ਬਵੇਜਾ ਦੀ ਫ਼ਿਲਮ 'ਹੈਪੀ ਗੋਅ ਲੱਕੀ' ਵਿੱਚ ਅਮਰਿੰਦਰ ਗਿੱਲ ਤੇ ਹਰੀਸ਼ ਵਰਮਾ ਨਾਲ ਕੰਮ ਕਰਨ ਦਾ ਮੌਕਾ ਮਿਲਿਆ। 2016 ਦੀ ਸੁਪਰਹਿੱਟ ਫ਼ਿਲਮ 'ਅਰਦਾਸ' ਵਿੱਚ ਵੀ ਈਸ਼ਾ ਐਮੀ ਵਿਰਕ ਦੇ ਨਾਲ ਨਜ਼ਰ ਆਈ।

**ਸਿੰਮੀ ਚਾਹਲ:** ਗੁਆਂਢੀ ਸੂਬੇ ਹਰਿਆਣਾ ਦੇ ਸ਼ਹਿਰ ਅੰਬਾਲਾ ਦੀ ਜੰਮਪਲ ਤੇ ਹੁਣ ਕੈਨੇਡਾ ਰਹਿ ਰਹੀ ਸਿੰਮੀ ਚਾਹਲ ਪੰਜਾਬੀ ਫ਼ਿਲਮ ਇੰਡਸਟਰੀ 'ਚ ਤੇਜ਼ੀ ਨਾਲ ਉੱਭਰੀ ਉਹ ਅਦਾਕਾਰਾ ਹੈ ਜਿਸ ਨੇ ਆਪਣੀ ਪਹਿਲੀ ਫ਼ਿਲਮ ਨਾਲ ਹੀ ਸਿਖਰਲੇ ਦਰਜੇ ਦੀ ਹੀਰੋਇਨ ਹੋਣ ਦਾ ਮਾਣ ਹਾਸਲ ਕਰ ਲਿਆ ਸੀ। ਸਿੰਮੀ ਡੇਢ ਸਾਲ 'ਚ ਤਿੰਨ ਫ਼ਿਲਮਾਂ ਕਰਨ ਵਾਲੀ ਹੀਰੋਇਨ ਹੈ। ਕਈ ਪੰਜਾਬੀ ਸੰਗੀਤਕ ਵੀਡੀਓਜ਼ 'ਚ ਕੰਮ ਕਰ ਚੁੱਕੀ ਸਿੰਮੀ ਇਸ ਇੰਡਸਟਰੀ ਨੂੰ ਅਲਵਿਦਾ ਕਹਿ ਕੈਨੇਡਾ ਜਾ ਵਸੀ ਸੀ। ਪਰ ਕਿਸਮਤ ਉਸ ਨੂੰ ਮੁੜ ਇਸ ਪਾਸੇ ਖਿੱਚ ਲਿਆਈ। ਨਿਰਦੇਸ਼ਕ ਪੰਕਜ ਬਤਰਾ ਦੀ 2016 'ਚ ਆਈ ਪੰਜਾਬੀ ਫ਼ਿਲਮ 'ਬੰਬੂਕਾਟ' ਵਿੱਚ ਸਿੰਮੀ ਨੇ ਐਮੀ ਵਿਰਕ ਨਾਲ ਪੱਕੋ ਨਾਂ ਦੀ ਸਾਂਵਲੀ ਜਿਹੀ ਕੁੜੀ ਦਾ ਕਿਰਦਾਰ ਅਦਾ ਕੀਤਾ ਸੀ। ਪੱਕੋ ਦੇ ਇਸ ਕਿਰਦਾਰ ਨੇ ਹੀ ਉਸ ਦੀ ਜ਼ਿੰਦਗੀ ਬਦਲ ਦਿੱਤੀ। ਅਮਰਿੰਦਰ ਗਿੱਲ ਨਾਲ 'ਸਰਵਣ' ਅਤੇ ਤਰਸੇਮ ਜੱਸੜ ਨਾਲ 'ਰੱਬ ਦਾ ਰੇਡੀਓ' ਵਿੱਚ ਕੰਮ ਕਰ ਚੁੱਕੀ ਸਿੰਮੀ ਚਾਹਲ ਦੀ ਇਸ ਵੇਲੇ ਪੂਰੀ ਮੰਗ ਹੈ।

**ਇਹਾਨਾ ਢਿੱਲੋਂ :** ਅਮਰੀਕਾ ਦੀ ਪੜ੍ਹੀ ਲਿਖੀ ਤੇ ਫੈਸ਼ਨ ਇੰਡਸਟਰੀ 'ਚੋਂ ਫ਼ਿਲਮ ਇੰਡਸਟਰੀ 'ਚ ਆਈ ਇਹ ਹੀਰੋਇਨ ਵੀ ਪੰਜਾਬੀ ਫ਼ਿਲਮ ਇੰਡਸਟਰੀ 'ਚ ਸਰਗਰਮ ਹੈ। ਪੰਜਾਬੀ ਫ਼ਿਲਮ 'ਡੈਡੀ ਕੂਲ ਮੁੰਡੇ ਫੂਲ' ਵਿੱਚ ਅਮਰਿੰਦਰ ਗਿੱਲ ਤੇ ਹਰੀਸ਼ ਵਰਮਾ ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਇਹਾਨਾ ਸਿੱਪੀ ਗਿੱਲ ਨਾਲ 'ਟਾਈਗਰ' ਵਿੱਚ ਬਤੌਰ ਹੀਰੋਇਨ ਕੰਮ ਕਰ ਚੁੱਕੀ ਹੈ। ਕੁਝ ਦਿਨ ਪਹਿਲਾਂ ਹੀ ਉਸ ਦੀ ਫ਼ਿਲਮ 'ਠੱਗ ਲਾਈਫ' ਰਿਲੀਜ਼ ਹੋਈ ਹੈ। ਇਸ ਫ਼ਿਲਮ 'ਚ ਵੀ ਦਰਸ਼ਕਾਂ ਨੇ ਇਹਾਨਾ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ।

ਇਨ੍ਹਾਂ ਹੀਰੋਇਨਾਂ ਤੋਂ ਇਲਾਵਾ ਕੁਝ ਹੋਰ ਚਿਹਰੇ ਵੀ ਹਨ ਜੋ ਕੁਝ ਸਾਲਾਂ ਤੋਂ ਪੰਜਾਬੀ ਫ਼ਿਲਮ ਇੰਡਸਟਰੀ ਨਾਲ ਜੁੜੇ ਹੋਏ ਹਨ ਅਤੇ ਹੌਲੀ ਹੌਲੀ ਸਥਾਪਤੀ ਵੱਲ ਵੱਧ ਰਹੇ ਹਨ ਜਿਨ੍ਹਾਂ 'ਚੋਂ ਦ੍ਰਿਸ਼ਟੀ ਗਰੇਵਾਲ, ਦਿਲਜੋਤ, ਓਸ਼ਿਨ ਬਰਾੜ, ਈਸ਼ਾ ਰਿੱਕੀ, ਮਹਿਰੀਨ ਕਾਲੇਕੇ, ਅਵਿੰਤਕਾ ਹੁੰਦਲ, ਸ਼ੁਰੂਤੀ ਸੋਢੀ, ਪਾਇਲ ਰਾਜਪੂਤ ਤੇ ਸੋਨੀਆ ਮਾਨ ਦਾ ਨਾਂ ਅਹਿਮ ਹੈ।










# ਤਾਲਮੇਲ ਦਾ ਨਾਂ ਹੀ ਹੈ ਜੀਵਨ

ਰਿਲੇਸ਼ਨਸ਼ਿਪ ਨੂੰ ਖੁਸ਼ੀ ਦੇ ਨਾਲ ਨਿਭਾਅ ਸਕਣਾ ਆਸਾਨ ਨਹੀਂ ਹੁੰਦਾ। ਦੋ ਅਲੱਗ ਲੋਕ, ਦੋ ਅਲੱਗ ਥਾਵਾਂ ਤੋਂ ਆਉਂਦੇ ਹਨ। ਇਕੱਠੇ ਰਹਿਣ ਤੋਂ ਪਹਿਲਾਂ ਉਹ ਅਲੱਗ ਲਾਈਫ ਸਟਾਈਲ ਵਿਚ ਰਹਿੰਦੇ ਹਨ, ਉਹਨਾਂ ਦੀਆਂ ਆਦਤਾਂ ਇਕ-ਦੂਜੇ ਤੋਂ ਅਲੱਗ ਹੁੰਦੀਆਂ ਹਨ, ਵਿਚਾਰ ਇਕ-ਦੂਜੇ ਤੋਂ ਅਲੱਗ ਹੁੰਦੇ ਹਨ। ਅਜਿਹੇ ਵਿਚ ਇਕ ਛੱਤ ਦੇ ਹੇਠਾਂ ਇਕੱਠੇ ਰਹਿਣਾ ਇਕ ਮੁਸ਼ਕਿਲ ਟਾਸਕ ਹੈ।

ਚੰਗੀ ਗੱਲ ਇਹ ਹੈ ਕਿ ਜੇਕਰ ਪਤੀ ਅਤੇ ਪਤਨੀ ਥੋੜ੍ਹੀ ਸਮਝਦਾਰੀ ਦਿਖਾਉਣ ਤਾਂ ਇਸ ਰਿਸ਼ਤੇ ਨੂੰ ਬਹੁਤ ਚੰਗੀ ਤਰ੍ਹਾਂ ਨਿਭਾਅ ਸਕਦੇ ਹਨ। ਜੇਕਰ ਦੋਵਾਂ ਵਿਚਕਾਰ ਸਵੀਕਾਰ ਕਰਨ ਦੀ ਭਾਵਨਾ ਹੈ, ਬਰਦਾਸ਼ਤ ਕਰਨ ਦੀ ਹਿੰਮਤ ਹੈ ਅਤੇ ਪ੍ਰਸਪਰਤਾ ਹੈ ਤਾਂ ਰਿਸ਼ਤਾ ਹਰ ਮੁਸ਼ਕਿਲ ਤੋਂ ਨਿਕਲ ਜਾਵੇਗਾ। ਵਿਆਹ ਤੋਂ ਪਹਿਲਾਂ ਜੇਕਰ ਤੁਸੀਂ ਦੋਵਾਂ ਵਿਚਕਾਰ ਕੁਝ ਅਜਿਹਾ ਤਾਲਮੇਲ ਹੈ ਤਾਂ ਹੀ ਕਦਮ ਅੱਗੇ ਵਧਾਓ।

ਕੀ ਤੁਹਾਨੂੰ ਦੋਵਾਂ ਨੂੰ ਇਕ-ਦੂਜੇ ਤੇ ਇੰਨਾ ਭਰੋਸਾ ਹੈ ਕਿ ਤੁਸੀਂ ਆਪਣੇ ਸਾਰੇ ਰਾਜ਼ ਇਕ-ਦੂਜੇ ਨਾਲ ਸ਼ੇਅਰ ਕਰ ਸਕੋ? ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੀਆਂ ਸਾਰੀਆਂ ਗੱਲਾਂ ਉਸ ਨਾਲ ਸ਼ੇਅਰ ਨਹੀਂ ਕਰ ਸਕਦੇ ਤਾਂ ਤੁਹਾਨੂੰ ਇਸ ਰਿਸ਼ਤੇ ਨੂੰ ਅੱਗੇ ਵਧਾਉਣ ਤੋਂ ਰੋਕ ਦੇਣਾ ਚਾਹੀਦਾ ਹੈ।

ਜੇਕਰ ਤੁਸੀਂ ਉਸ ਨਾਲ ਵਿਆਹ ਕਰਨ ਦੇ ਲਈ ਪੂਰੇ ਪਰਿਵਾਰ ਨਾਲ ਲੜ ਰਹੇ ਹੋ ਪਰ ਉਸ ਦੇ ਲਈ ਇਹ ਆਮ ਗੱਲ ਹੈ ਤਾਂ ਇਹ ਰਿਸ਼ਤਾ ਤੁਹਾਡੇ ਲਈ ਨਹੀਂ ਬਣਿਆ ਹੈ।

ਜੇਕਰ ਤੁਸੀਂ ਦੋਵੇਂ ਆਪਣੇ-ਆਪਣੇ ਘਰਾਂ ਵਿਚ ਇਕ-ਦੂਜੇ ਨੂੰ ਮਾਣ ਦੇ ਨਾਲ ਮਿਲਵਾ ਰਹੇ ਹੋ ਅਤੇ ਆਪਣੇ ਇਸ ਫੈਸਲੇ 'ਤੇ ਭਰੋਸੇ ਦੇ ਨਾਲ ਖੜ੍ਹੇ ਹੋ ਤਾਂ ਇਹ ਰਿਸ਼ਤਾ ਤੁਹਾਡੇ ਲਈ ਜ਼ਿੰਦਗੀ ਭਰ ਦਾ ਸਾਥ ਹੈ।

ਜੇਕਰ ਤੁਸੀਂ ਦੋਵੇਂ ਇਕ-ਦੂਜੇ ਦੇ ਨਾਲ ਘੰਟਿਆਂ ਗੁਜ਼ਰਨ ਤੋਂ ਬਾਅਦ ਵੀ ਬੋਰ ਨਹੀਂ ਹੁੰਦੇ ਹੋ ਤਾਂ ਪੂਰੀ ਜ਼ਿੰਦਗੀ ਗੁਜ਼ਾਰਨ ਲਈ ਤਿਆਰ ਹੋ ਜਾਓ।

ਜੇਕਰ ਤੁਸੀਂ ਦੋਵੇਂ ਕਿਸੇ ਵਿਵਾਦ ਨੂੰ ਤੂਲ ਨਹੀਂ ਦਿੰਦੇ ਅਤੇ ਜਿੰਨੀ ਜਲਦੀ ਹੋ ਸਕੇ, ਉਸਨੂੰ ਸੁਲਝਾ ਲੈਂਦੇ ਹੋ ਤਾਂ ਨਿਸਚਿਤ ਤੌਰ ਤੇ ਤੁਸੀਂ ਇਕ ਦੂਜੇ ਲਈ ਬਣੇ ਹੋ।

ਕੀ ਤੁਸੀਂ ਦੋਵੇਂ ਇਕ-ਦੂਜੇ ਦੀ ਆਜ਼ਾਦੀ ਦਾ ਪੂਰਾ ਖਿਆਲ ਰੱਖਦੇ ਹੋ? ਕੀ ਤੁਸੀਂ ਦੋਵਾਂ ਵਿਚਕਾਰ ਇੰਨੀ ਸਮਝ ਹੈ ਕਿ ਤੁਸੀਂ ਇਗੋ ਨੂੰ ਕਿਨਾਰੇ ਰੱਖ ਕੇ ਗੱਲ ਕਰ ਸਕੋ? ਜੇਕਰ ਹਾਂ ਤਾਂ ਇਹ ਰਿਸ਼ਤਾ ਸਿਰਫ ਤੁਹਾਡੇ ਲਈ ਹੈ।

# ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਸ਼ਾਨਦਾਰ ਸਫਲਤਾ ਸਹਿਤ ਸੰਪੰਨ

**ਸਟਾਕਟਨ-** ਬੀਤੇ ਐਤਵਾਰ ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ-ਬੇ-ਏਰੀਆ' ਅਤੇ 'ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ' ਦੇ ਸਹਿਯੋਗ ਨਾਲ ਸਟਾਕਟਨ ਵਿਖੇ ਆਯੋਜਿਤ ਕੀਤਾ ਗਿਆ। ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਸ਼ਾਨਦਾਰ ਸਫਲਤਾ ਸਹਿਤ ਸੰਪੰਨ ਹੋ ਗਿਆ ਹੈ। ਇਸ ਵਿਚ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ ਅਤੇ ਭਾਰਤ ਤੋਂ ਪਹੁੰਚੇ ਪ੍ਰਸਿੱਧ ਲੇਖਕਾਂ ਨੇ ਸ਼ਮੂਲੀਅਤ ਕੀਤੀ। ਇਹ ਸੰਮੇਲਨ ਪੰਜਾਬੀ ਦੇ ਪ੍ਰਸਿੱਧ ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਕਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਨੂੰ ਸਮਰਪਿਤ ਕੀਤਾ ਗਿਆ। ਇਸ ਸਮਾਗਮ ਦਾਆਗਾਜ਼ 'ਪੰਜਾਬੀ ਸਾਹਿਤ ਸਭਾ ਸਟਾਕਟਨ' ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇਸਭ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਨਿੱਘੀ 'ਜੀ ਆਇਆਂ' ਆਖਦਿਆਂ ਕੀਤਾ। ਇਸ ਉਪਰੰਤ ਸੁਖਵਿੰਦਰ ਕੰਬੋਜ਼ ਨੇ ਲਾਲ ਸਿੰਘ ਦਿਲ ਦੇ ਇਨਕਲਾਬੀ ਜੀਵਨ ਅਤੇ ਲੋਕ ਚੇਤਨਾ ਵਿੱਚ ਵਸੀ ਸ਼ਾਇਰੀ ਦਾ ਭਰਭੂਰ ਜ਼ਿਕਰ ਕਰਕੇ ਉਨ੍ਹਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ। ਪ੍ਰਸਿੱਧ ਗ਼ਜ਼ਲਗੋ ਕੁਲਵਿੰਦਰ ਨੇਗੁਰਦਾਸਰਾਮ ਆਲਮ ਨਾਲ ਬਿਤਾਏ ਯਾਦਗਾਰੀ ਪਲ ਯਾਦ ਕਰਦਿਆਂ ਉਸਦੀ ਨਿਰਾਲੀ ਦਰਵੇਸ਼ ਸਖਸ਼ੀਅਤ ਅਤੇ ਬੇਬਾਕ ਲੋਕ ਹਿੱਤੀ ਸ਼ਾਇਰੀ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।

ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦੇਸੰਗ੍ਰਹਿ: 'ਰੂਹ 'ਤੇ ਉਕਰੇ ਚਿੱਤਰ' ਨੂੰ ਜਸ਼ਨਵੀਂ ਮਹੌਲ ਵਿੱਚ ਲੋਕ ਅਰਪਿਤ ਕੀਤਾ ਗਿਆ। ਡਾ. ਧਨਵੰਤ ਕੌਰ ਨੇ ਆਪਣੇ ਖੋਜ ਪੇਪਰ: 'ਰੂਹ 'ਤੇ ਉਕਰੇ ਚਿੱਤਰ: ਸਿਮਰਤੀਆਂ ਅਤੇ ਸਮਕਾਲ' ਵਿਚ ਇਸ ਪੁਸਤਕ ਦੇ ਹਵਾਲੇ ਨਾਲ ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਕਲਾਅਤੇ ਕਰਾਂਤੀਕਾਰੀ ਵਿਚਾਰਧਾਰਾ ਬਾਰੇ ਭਾਵ-ਪੂਰਤ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਪ੍ਰੋ. ਹਰਭਜਨ ਸਿੰਘ ਦੇ ਗਲਪ ਬਿਰਤਾਂਤ, ਖਾਸ ਕਰ ਬਹੁ-ਸਭਿਆਚਾਰੀ ਪਾਤਰਾਂ, ਪਾਰ-ਸਭਿਆਚਾਰਕ ਸਾਂਝਾਂ, ਅਤਿ-ਆਧੁਨਿਕ ਤੇ ਨਵੀਨ ਤਕਨੀਕਾਂ ਦੀ ਢੁੱਕਵੀ ਕਲਾਤਮਕ ਵਰਤੋਂ ਨੂੰ ਉਭਾਰਦਿਆਂ, ਉਨ੍ਹਾਂ ਦੀ ਲੋਕ-ਹਿਤੈਸ਼ੀ ਰਚਨਾ ਦ੍ਰਿਸ਼ਟੀ ਨੂੰ ਫੋਕਸ ਵਿੱਚ ਲਿਆਂਦਾ। ਡਾ. ਜਸਵਿੰਦਰ ਸਿੰਘਨੇ 'ਰਿਨਕੋਨਾਡਾ ਹਿਲਜ਼', 'ਰੂਹ 'ਤੇ ਉਕਰੇ ਚਿੱਤਰ' ਅਤੇ 'ਬਿਨ ਸਿੰਗੇ ਸਾਨ੍ਹ' ਕਹਾਣੀਆਂ

## ਹਰਜਿੰਦਰ ਪੰਧੇਰ (209-610-5055)

ਦੀ ਬਿਰਤਾਂਤਕ ਸੰਵੇਦਨਾ, ਸਭਿਆਚਾਰਕ ਸਿਆਸਤ, ਅਮਰੀਕੀ ਸਿਰਜਣਾਤਮਕ ਲੋਕੇਲ ਅਤੇ ਬਹੁ-ਸੁਰਤਾ ਨੂੰ ਉਭਾਰਦਿਆਂ ਕਿਹਾ ਕਿ ਇਹ ਕਹਾਣੀਆਂ ਪਰਵਾਸੀ ਪੰਜਾਬੀ ਕਹਾਣੀ ਦਾ ਹੀ ਨਹੀਂ, ਸਮੁੱਚੀ ਸਮਕਾਲੀ ਪੰਜਾਬੀ ਕਹਾਣੀ ਦਾ ਮਾਨਯੋਗ ਹਾਸਲ ਬਣਦੀਆਂ ਹਨ। ਪ੍ਰੋ. ਹਰਭਜਨ ਸਿੰਘ ਨੇ ਆਪਣੀ ਕਹਾਣੀ ਦੀ ਸਿਰਜਨਾਤਮਕ ਪ੍ਰਕਿਰਿਆ ਅਤੇ ਸਾਹਿਤ ਸਿਰਜਨਾ ਦੇ ਉਦੇਸ਼ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਅਤੇ ਅਰਥ-ਭਰਪੂਰ ਚੰਦ ਸ਼ਬਦ ਕਹੇ। ਫਿਰ ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਦੁਆਰਾ ਸੰਪਾਦਤ 'ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ: ਵਰਤਮਾਨ ਦੇ ਆਰ-ਪਾਰ' ਲੋਕ ਅਰਪਿਤ ਕੀਤਾ ਗਿਆ। ਇਸ ਪੁਸਤਕਉਪਰ ਆਪਣਾ ਖੋਜ ਪੇਪਰ: 'ਪਰਵਾਸੀ ਪੰਜਾਬੀ ਕਾਵਿ ਦੇ ਉਭਰਦੇ ਸੁਰ' ਪੜ੍ਹਦਿਆਂ, ਡਾ. ਜਸਵਿੰਦਰ ਸਿੰਘ ਨੇ ਇਸਨੂੰ ਸਮਕਾਲੀ ਪਰਵਾਸੀ ਕਵਿਤਾ ਦਾ ਮੁੱਲਵਾਨ ਅਤੇ ਪ੍ਰਤੀਨਿੱਧ ਦਸਤਾਵੇਜ਼ ਦੱਸਿਆ। ਉਨ੍ਹਾਂ ਨੇ ਇਸ ਵਿਚ ਸ਼ਾਮਲ ਸ਼ਾਇਰਾਂ ਦੀਆਂ ਰਚਨਾਵਾਂ ਵਿਚੋਂ ਮਨ ਟੁੰਬਵੀਆਂ ਮਿਸਾਲਾਂ ਦੇ ਕੇ ਇਸਨੂੰ ਨਵੀਂ ਪੰਜਾਬੀ ਬਹੁਪਰਤੀ ਸ਼ਨਾਖਤਾਂ ਦੀ ਸ਼ਾਇਰੀ ਆਖਿਆ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸ਼ਾਇਰੀ ਪੰਜਾਬ ਅਤੇ ਪੰਜਾਬੀ ਪ੍ਰਤੀ ਫਿਕਰਮੰਦੀ ਰੱਖਦੀ ਹੋਈ ਵਿਸ਼ਵਆਰਥੀ ਪ੍ਰਸੰਗਾਂ ਨੂੰ ਮੁਖਾਤਬ ਹੋਕੇ ਪੰਜਾਬੀਅਤ ਦੇ ਨਵੇਂ ਸਰੋਕਾਰਾਂ, ਸ਼ਨਾਖਤਾਂ ਅਤੇ ਚਾਹਤਾਂ ਨੂੰ ਜ਼ੁਬਾਨ ਦਿੰਦੀ ਹੈ। ਇਸ ਸਮਾਗਮ ਦੇ ਮੁੱਖ ਮਹਿਮਾਨ ਦਰਸ਼ਨ ਬੁਲੰਦਵੀ ਨੇ ਇਸ ਪੁਸਤਕ ਦੇ ਸੰਪਾਦਨ ਦੀ ਵਿਉਂਤ ਅਤੇ ਉਦੇਸ਼ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਪਰਵਾਸੀ ਪੰਜਾਬੀ ਸ਼ਾਇਰੀ ਦਾ ਮੁਹਾਂਦਰਾ ਕਿਵੇਂ ਬਦਲ ਰਿਹਾ ਹੈ। ਉਸਨੇ ਪੰਜਾਬੀ ਸ਼ਾਇਰੀ ਦੇ ਮਾਣਮੱਤੇ ਸਮਕਾਲੀ ਸਫਰ ਨੂੰ ਤਰਕਪੂਰਣ ਢੰਗ ਨਾਲ ਉਜਾਗਰ ਕੀਤਾ। ਦੂਸਰੇ ਸੈਸ਼ਨ ਵਿੱਚ ਕੈਨੇਡਾ ਤੋਂ ਆਏ ਕਹਾਣੀਕਾਰ ਅਮਰਜੀਤ ਚਾਹਲ ਨੇ ਆਪਣੀ ਨਵੀਂ ਕਹਾਣੀ 'ਮਸਲਾ ਤੇ ਸ਼ਸਤਰ'ਪੇਸ਼ ਕੀਤੀ ਜੋ ਕੈਨੇਡਾ ਪਹੁੰਚੇ ਅੱਧ-ਖੜ੍ਹ ਉਮਰ ਦੇ ਪੰਜਾਬੀਆਂ ਦੇ ਅਵਲੇ ਸਰੋਕਾਰਾਂ, ਪੁੱਠੀਆਂ ਸਿੱਧੀਆਂ ਰੀਝਾਂ ਅਤੇ ਹਾਸੋਹੀਣੇ ਵਿਹਾਰਾਂ ਆਦਤਾਂਨੂੰ ਤਿੱਖੇ ਤਨਜ਼ੀਏ ਲਹਿਜ਼ੇ ਵਿੱਚ ਫੁੱਟਬਾਲ ਮੈਚ ਦੇ ਮੈਟਾਫਰੀ ਹਵਾਲੇ ਨਾਲ ਪੇਸ਼ ਕਰਦੀ ਹੈ।ਦੂਸਰੀ ਕਹਾਣੀ ਕੈਨੇਡਾ ਤੋਂ ਪਹੁੰਚੀ ਕਹਾਣੀਕਾਰਾ ਗੁਰਮੀਤ ਪਨਾਗ ਨੇ 'ਪਟੈਟੋ ਪੈਨਕੇਕਸ' ਸੁਣਾਈ, ਜਿਸ ਰਾਹੀਂ ਉਸਨੇ ਗੋਰੇ ਅਤੇ ਪੰਜਾਬੀ ਪਾਤਰਾਂ ਦੇ ਜੁੜਵੇਂ ਦੁੱਖਾਂ ਅਤੇ ਸਾਂਝਾਂ ਦੀ ਦਿਲਚਸਪ ਬਾਤ ਪਾਈ ਅਤੇ ਪਰਵਾਸ ਦੇ ਆਰ-ਪਾਰ ਫੈਲੇ ਵਲੂੰਦਰੇ ਅਨੁਭਵਾਂ ਅਤੇ ਮਿੱਠੀਆਂ ਕੌੜੀਆਂ ਸਿਮਰਤੀਆਂ ਨੂੰ ਬਖ਼ੂਬੀ ਚਿੱਤਰਿਆ।

ਤ੍ਰਿਪਤ ਭੱਟੀ ਨੇ ਦੋ ਮਿੰਨੀ ਕਹਾਣੀਆਂ 'ਨਰਸ' ਅਤੇ 'ਖੁਸ਼ਬੂਆਂ' ਸੁਣਾਈਆਂ। ਹਰਨੇਕ ਸਿੰਘ (ਪ੍ਰਿੰਸੀਪਲ) ਨੇ ਮਿੰਨੀ ਕਹਾਣੀ 'ਇੱਕੋ ਰੈਂਕ' ਪੜ੍ਹ ਕੇ ਸੁਣਾਈ, ਇਸ ਵਿਚ ਪਰਵਾਸੀ ਕੈਪਟਨ, ਪ੍ਰਿੰਸੀਪਲ, ਪ੍ਰੋਫੈਸਰ, ਡਾਕਟਰ ਦੇ ਇੱਕੋ ਰੈਂਕ ਭਾਵ 'ਬੇਬੀ ਸਿਟਰ' ਹੋਣ ਦੀ ਟੇਡੀ ਹਕੀਕਤ ਨੂੰ ਸੂਖਮ ਵਿਅੰਗ ਨਾਲ ਬਿਆਨਿਆ ਗਿਆ।

ਤਦਉਪਰੰਤ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਦਰਸ਼ਨ ਬੁਲੰਦਵੀ, ਅਮਰਜੀਤ ਚਾਹਲ, ਗੁਰਮੀਤ ਪਨਾਗ, ਪਰਮਿੰਦਰ ਸਵੈਚ, ਸੁਖਦੇਵ ਸਾਹਿਲ, ਡਾ. ਗੁਬਿੰਦਰ ਸਿੰਘ ਦਾਸਾਹਿਤਕ ਪ੍ਰਾਪਤੀਆਂ ਲਈ ਸਨਮਾਨ ਕੀਤਾ ਗਿਆ। ਲੰਚ ਦੌਰਾਨ ਪ੍ਰੋ. ਹਰਭਜਨ ਸਿੰਘ ਨੇ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਗਾਈ, ਇਸ ਵਿਚ 'ਰੂਹ 'ਤੇ ਉਕਰੇ ਚਿੱਤਰ', 'ਵਰਤਮਾਨ ਦੇ ਆਰ-ਪਾਰ', 'ਪਰਵਾਸ ਤੋਂ ਆਵਾਸ ਵੱਲ', 'ਦਿਸਹੱਦਿਆਂ ਦੇ ਆਰ-ਪਾਰ', 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਪੁਸਤਕਾਂ ਦੀ ਭਾਰੀ ਗਿਣਤੀ ਵਿਚ ਵਿਕਰੀ ਹੋਈ।

ਤੀਸਰੇ ਸ਼ੈਸ਼ਨ ਵਿੱਚ ਕਵੀ ਦਰਬਾਰ ਦਾ ਆਗ਼ਾਜ਼ ਕਰਦਿਆਂ ਸੁਰੀਲੇ ਗਾਇਕ ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀ ਗਜ਼ਲ 'ਨਦੀ ਝੀਲ ਚਸ਼ਮਾ ਨਾ ਦਰਿਆ ਕਿਤੇ ਵੀ' ਗਾਕੇ ਰੰਗ ਬੰਨ੍ਹ ਦਿੱਤਾ।ਫਿਰ ਤੀਹ ਦੇ ਕਰੀਬ ਸ਼ਾਇਰਾਂ ਨੇ ਤਾਜ਼ਾ ਤਰੀਨ ਰਚਨਾਵਾਂ ਸੁਣਾਈਆਂ। ਇਨ੍ਹਾਂ ਵਿਚ ਦਰਸ਼ਨ ਬੁਲੰਦਵੀ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਮੱਖਣ ਲੁਹਾਰ, ਪਰਮਿੰਦਰ ਸਵੈਚ, ਕਮਲ ਦੇਵ ਪਾਲ, ਕੁੰਦਨ ਸਿੰਘ ਲਾਲ, ਡਾ. ਰਵੀ ਸ਼ੇਰਗਿੱਲ, ਹਜ਼ੂਰਾ ਸਿੰਘ(ਪ੍ਰਿੰਸੀਪਲ), ਗੁਰਦੇਵ ਸਿੰਘ ਘਣਗਸ਼, ਤਾਰਾ ਸਾਗਰ, ਜਯੋਤੀ ਸਿੰਘ, ਜੋਗਿੰਦਰ ਕੌਰ, ਸੁਖਵੰਤ ਸੁੱਖੀ, ਹਰਪ੍ਰੀਤ ਕੌਰ ਧੂਤ, ਹਰਜੀਤ ਹਠੂਰ, ਕਮਲ ਬੰਗਾ ਆਦਿ ਸ਼ਾਮਲ ਹਨ। ਸਮੁੱਚੇ ਸੰਮੇਲਨ ਦੇ ਮੰਚ ਸੰਚਾਲਨ ਦੀ ਜਿੰਮੇਵਾਰੀ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ ਅਤੇ ਹਰਜੀਤ ਹਠੂਰ ਨੇ ਬਾਖ਼ੂਬੀ ਨਿਭਾਈ। ਅੰਤ ਵਿਚ ਪ੍ਰਸਿੱਧ ਗ਼ਜ਼ਲਗੋ ਸੁਰਿੰਦਰ ਸੀਰਤ ਨੇ ਭਾਵ ਭਿੰਨੇ ਸ਼ਬਦਾਂ ਵਿੱਚਆਏ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਮਾਪਤੀ ਕੀਤੀ।

**- ਹਰਜਿੰਦਰ ਪੰਧੇਰ**
(209-610-5055)




**ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਸ਼ਾਨਦਾਰ ਮੌਕੇ ਪੁਸਤਕ ਰਿਲੀਜ ਕਰਦੇ ਸਮੇਂ ਦੀ ਇਕ ਝਲਕ**



## 'ਮਜ਼ਬੂਰੀ'

ਹਰ ਕੋਈ ਚਾਹੁੰਦਾ ਚੰਗਾ ਪੀਣ-ਖਾਣ ਤੇ ਹੰਡਾਉਣ ਨੂੰ।
ਇਥੇ ਸ਼ੈਰ - ਸਪਾਟਾ ਚੰਗਾ ਹੁਕਮ ਚਲਾਉਣ ਨੂੰ।
ਮਹਾਨ ਤੋਂ ਮਹਾਨ ਕੰਮ ਕਰ ਇਸ ਦੁਨੀਆਂ ਤੇ,
ਹਰ ਕੋਈ ਚਾਹੰਦਾ ਇਥੇ ਨਾਂ ਚਮਕਾਉਣ ਨੂੰ।
ਹਰ ਕੋਈ ਚਾਹੁੰਦਾ ਮਹਾਰਾਜਿਆ ਦੇ ਵਾਂਗ ਰਹੀਏ,
ਕੀਹਦਾ ਚਿੱਤ ਕਰੇ ਦਿਨ-ਰਾਤ ਭਾਰ ਢੋਣ ਨੂੰ?
ਹਰ ਕੋਈ ਚਾਹੁੰਦਾ ਲੰਘੇ ਖੁਸ਼ੀਆਂ 'ਚ ਹਰ ਪਲ,
ਕੀਹਦਾ ਚਿੱਤ ਕਰੇ ਸਮਾਂ ਗ਼ਮਾਂ 'ਚ ਲੰਘਾਉਣ ਨੂੰ?
ਪਰ ਮੇਜਰ 'ਮਜ਼ਬੂਰੀ' ਕਰਵਾ ਦਿੰਦੀ ਸਭ-ਕੁਝ ,
ਕੌਣ ਚਾਹੁੰਦਾ ਕਿਸੇ ਨਾਲੋ ਘੱਟ ਅਖਵਾਉਣ ਨੂੰ?

**- ਮੇਜਰ ਸਿੰਘ 'ਬੁਢਲਾਡਾ'**
(91-94176 42327)



**ਜਸਟਿਸ ਜਗਦੀਪ ਸਿੰਘ**

## ਜਗਦੀਪ ਜਗਾਇਆ ਦੀਪ!

ਜੋ ਜੋ ਬੀਜਿਆ ਹੁੰਦਾ ਏ ਆਪ ਹੱਥੀਂ
ਉਹੀਉ ਪੈਂਦਾ ਏ ਅੰਤ ਨੂੰ ਕੱਟਣਾ ਜੀ।

ਚੜ੍ਹਿਆ ਹੋਏ ਮੁਲੰਮਾ ਜੇ ਧੋਖਿਆਂ ਦਾ
ਹੁੰਦਾ ਕਦੇ ਨਾ ਕਦੇ ਤਾਂ ਲੱਥਣਾ ਜੀ।

ਗੁੱਲਛਰੇ ਉਡਾਉਂਦੇ ਨੂੰ ਦੇਖੀਏ ਨਾ
ਚਾਹੀਏ ਚੋਰ ਦਾ ਹਸ਼ਰ ਵੀ ਤੱਕਣਾ ਜੀ।

ਕੱਠੇ ਕਰੇ ਹਜ਼ੂਮ ਨਾਲ ਨਾਲ ਨਿੱਭਦੇ
ਪਾਪੀ ਰਹੇ ਅਖੀਰ ਨੂੰ ਸੱਖਣਾ ਜੀ।

ਸਿਰ ਨੂੰ ਚਿਰਾਂ ਤੋਂ ਚੜ੍ਹਦਾ ਜੋ ਆ ਰਿਹਾ ਸੀ
ਲਾ ਕੇ ਰੱਖ 'ਤੀ ਕੁਫਰ ਦੀ 'ਸੀਪ' ਯਾਰੋ।

ਪਾ ਕੇ ਤੇਲ ਜਗਾਇਆ ਜਗਦੀਪ ਸਿੰਘ ਨੇ
ਬੁਝਦਾ ਹੋਇਆ ਇਨਸਾਫ ਦਾ ਦੀਪ ਯਾਰੋ!



**ਤਰਲੋਚਨ ਸਿੰਘ**
**'ਦੁਪਾਲਪੁਰ'**
95920-51103

# Paradise Ballrooms

## BANQUET HALL & EVENT CENTER




ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਸੰਪੂਰਨਤਾ ਦਿਵਸ 'ਤੇ ਸਮੂਹ ਮਾਨਵਤਾ
ਨੂੰ ਲੱਖ-ਲੱਖ ਵਧਾਈਆਂ

**4100 PERALTA BLVD., FREMONT, CA 94536**

510-900-6319, info@paradiseballrooms.com www.paradiseballrooms.com

ਜਨਮ ਦਿਨ, ਵਿਆਹ ਸ਼ਾਦੀ ਆਦਿ ਪਾਰਟੀਆਂ ਲਈ ਖੁੱਲ੍ਹਾ-ਡੁੱਲ੍ਹਾ,
ਖੁੱਲ੍ਹੀ ਪਾਰਕਿੰਗ ਵਾਲਾ ਪੈਲੇਸ। ਇਕੋ ਸਮੇਂ 1 ਹਜ਼ਾਰ ਵਿਅਕਤੀਆਂ ਤੱਕ ਬੈਠਣ ਅਤੇ ਖਾਣੇ ਦਾ ਇੰਤਜ਼ਾਮ

# Raja™ SWEETS & CATERING®

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

**Fresh Sweets, Snacks & Food**

**Catering for All occasions up to 10000 guests**

**Lunch - Dinner - Take Out - Banquets**



## Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

## Raja™ Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com